



Twenty-Sixth Year of Publication ਨਿਊਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 01; January 3, 2026 20451 N. Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ਵਿਧਾਨ ਸਭਾ ਵਿਚ ਕੇਂਦਰ ਦੀ ਮਗਨਰੇਗਾ ਸਕੀਮ ਵਿਚ ਲਿਆਂਦੇ ਬਦਲਾਅ ਵਿਰੁੱਧ ਮਤਾ ਪ੍ਰਵਾਨ

**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੀ ਮਗਨਰੇਗਾ ਸਕੀਮ ਵਿਚ ਲਿਆਂਦੇ ਬਦਲਾਅ ਖਿਲਾਫ ਮਤਾ ਪ੍ਰਵਾਨ ਕੀਤਾ। ਇਸ ਮੌਕੇ ਭਾਜਪਾ ਦੇ ਦੋਵੇਂ ਵਿਧਾਇਕ ਗ਼ੈਰਹਾਜ਼ਰ ਰਹੇ । ਮੁੱਖ ਮੰਤਰੀ ਨੇ ਇਸ ਮੌਕੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਇਸ ਨਵੇਂ ਕਾਨੂੰਨ ਖ਼ਿਲਾਫ਼ ਹਰ ਪੱਧਰ 'ਤੇ ਲੜਾਈ ਕਰੇਗੀ ਤਾਂ ਕਿ ਗਰੀਬਾਂ ਦੀ ਰੋਜ਼ੀ ਰੋਟੀ ਨੂੰ ਸੁਰੱਖਿਅਤ ਕੀਤਾ ਜਾ ਸਕੇ ।

ਪੰਜਾਬ ਵਿਧਾਨ ਸਭਾ ਨੇ ਅੱਜ ਸਦਨ ਵਿਚ ਪੇਸ਼ ਅਹਿਮ ਤਿੰਨ ਬਿੱਲਾਂ ਨੂੰ ਮਨਜ਼ੂਰੀ ਦੇ ਦਿੱਤੀ । ਸਦਨ ਵਿਚ ਸਰਕਾਰ ਵੱਲੋਂ ਪੇਸ਼ ਪੰਜਾਬ ਆਬਾਦੀ (ਮਾਲਕੀ ਰਿਕਾਰਡ) ਸੋਧ ਬਿੱਲ, ਭਾਰਤੀ ਸਟੈਂਪ (ਪੰਜਾਬ ਦੂਜੀ ਸੋਧ) ਬਿੱਲ ਅਤੇ ਪੰਜਾਬ ਲੈਂਡ ਰੈਵੇਨਿਊ (ਸੋਧ) ਬਿੱਲ-2025 ਨੂੰ ਪਾਸ ਕਰ ਦਿੱਤਾ ਗਿਆ । ਬਿੱਲ ਪਾਸ ਹੋਣ ਮਗਰੋਂ ਸਦਨ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।

ਅੱਜ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਨਾਲ ਸ਼ੁਰੂ ਹੋਇਆ । ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਗੁਰੂ ਸਾਹਿਬ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੱਲ ਕੀਤੀ । ਉਨ੍ਹਾਂ ਸਾਹਿਬਜ਼ਾਦਿਆਂ ਦੇ ਸਿਦਕ ਨੂੰ ਸਿਜਦਾ ਕੀਤਾ ।ਆਪ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਵੱਲੋਂ ਸਦਨ 'ਚ ਚਾਰ ਸਾਹਿਬਜ਼ਾਦਿਆਂ ਨੂੰ ਅਕੀਦਤ ਭੇਟ ਕੀਤੀ ਗਈ ।ਸਦਨ 'ਚ ਮੁੱਖ ਮੰਤਰੀ ਭਗਵੰਤ ਮਾਨ ਦਾ ਭਾਸ਼ਣ ਸ਼ੁਰੂ ਹੋਣ ਮੌਕੇ ਸਦਨ 'ਚ ਹੰਗਾਮਾ ਵੀ ਹੋਇਆ । ਸੁਖਪਾਲ ਖਹਿਰਾ ਨੇ ਸਮਾਂ ਨਾ ਦਿੱਤੇ ਜਾਣ 'ਤੇ ਵਿਰੋਧ ਕੀਤਾ । ਹੰਗਾਮੇ ਕਾਰਨ ਸਦਨ ਦੀ ਕਾਰਵਾਈ 'ਚ ਕਰੀਬ 20 ਮਿੰਟ ਵਿਘਨ ਪਿਆ ਰਿਹਾ। ਸਪੀਕਰ ਦੇ ਹੁਕਮਾਂ ਤੇ



ਖਹਿਰਾ ਨੂੰ ਸਦਨ ਚੋ ਬਾਹਰ ਕੱਢ ਦਿੱਤਾ। ਗਿਆ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਸੂਬਿਆਂ ਦੇ ਹੱਕ ਖੋਹਣ ਦੇ ਰਾਹ ਪਈ ਹੈ ਅਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ । ਉਨ੍ਹਾਂ ਮਗਨਰੇਗਾ 'ਚ ਕੀਤੇ

**(ਬਾਕੀ ਸਫ਼ਾ 6 'ਤੇ)**

### ਪੰਜਾਬ ਦੇ ਮੁੱਦਿਆਂ 'ਤੇ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ: ਖਹਿਰਾ



**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਦੇ ਸ਼ੈਸ਼ਨ ਬਾਰੇ ਟਿੱਪਣੀ ਕਰਦਿਆਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਉਸ ਨੂੰ ਵਿਧਾਨ ਸਭਾ ਵਿੱਚੋਂ ਬਾਹਰ ਕੱਢੇ ਜਾਣ ਬਾਰੇ ਕਿਹਾ ਕਿ ਉਹ ਵਿਧਾਨ ਸਭਾ ਵਿੱਚ ਪੰਜਾਬ ਅਤੇ ਪੰਜਾਬ ਦੇ ਮੁੱਦਿਆਂ ਬਾਰੇ ਗੱਲਬਾਤ ਰੱਖਣਾ ਚਾਹੁੰਦੇ ਸਨ ਕਿ ਕਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਪਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਨੂੰ ਬੋਲਣ ਦਾ

**(ਬਾਕੀ ਸਫ਼ਾ 6 'ਤੇ)**

## 5 ਸਾਲਾਂ 'ਚ ਅਮਰੀਕਾ ਤੋਂ ਜ਼ਿਆਦਾ ਭਾਰਤੀ ਸਾਊਦੀ ਅਰਬ ਨੇ ਵਾਪਸ ਭੇਜੇ

**ਚੰਡੀਗੜ੍ਹ:**ਇਹ ਆਮ ਪ੍ਰਭਾਵ ਹੈ ਕਿ ਪਿਛਲੇ ਸਾਲਾਂ ਵਿਚ ਅਮਰੀਕਾ ਤੋਂ ਸਭ ਤੋਂ ਵੱਧ ਭਾਰਤੀ ਵਾਪਸ ਭੇਜੇ (ਡਿਪੋਰਟ) ਗਏ ਹਨ। ਪਰ ਭਾਰਤ ਦੇ ਵਿਦੇਸ਼ ਮੰਤਰਾਲੇ ਵਲੋਂ ਰਾਜ ਸਭਾ ਵਿਚ ਦਸੰਬਰ 2025 ਨੂੰ ਪੇਸ਼ ਕੀਤੇ ਅਧਿਕਾਰਤ ਅੰਕੜਿਆਂ ਅਨੁਸਾਰ ਸਾਲ 2021 2025 ਤਕ ਵੱਖ-ਵੱਖ ਦੇਸ਼ਾਂ ਤੋਂ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜੇ ਜਾਣ ਦੇ ਮਾਮਲੇ 'ਚ ਸਾਊਦੀ ਅਰਬ ਸਭ ਤੋਂ ਅੱਗੇ ਹੈ। ਇਨ੍ਹਾਂ ਪੰਜ ਸਾਲਾਂ ਵਿਚ ਸਾਊਦੀ ਅਰਬ ਤੋਂ ਕੁੱਲ 50 ਹਜ਼ਾਰ ਦੇ ਕਰੀਬ ਭਾਰਤੀ ਵਾਪਸ ਭੇਜੇ ਗਏ ਹਨ। ਇਹ ਅੰਕੜੇ ਰਿਆਦ ਅਤੇ ਜੇਦਾ ਦੇ ਭਾਰਤੀ ਮਿਸ਼ਨਾਂ ਵਲੋਂ ਐਮਰਜੈਂਸੀ ਸਰਟੀਫਿਕੇਟ ਅਤੇ ਨੈਸ਼ਨੈਲਿਟੀ ਵੈਰੀਫਿਕੇਸ਼ਨ ਦੇ ਆਧਾਰ 'ਤੇ ਹਮਣੇ ਆਏ ਹਨ, ਜਦੋਂ ਕਿ ਅਮਰੀਕਾ ਤੋਂ ਇਨ੍ਹਾਂ ਨ੍ਹਾਂ 5 ਸਾਲਾਂ ਵਿਚ ਕਰੀਬ 7800 ਵਿਅਕਤੀ ਹੀ ਭਾਰਤ ਵਾਪਸ ਭੇਜੇ ਗਏ ਹਨ। ਇਸ ਮਾਮਲੇ 'ਚ ਤੀਜਾ ਸਥਾਨ ਯੂ.ਏ.ਈ. ਦਾ ਹੈ, ਜਿਥੋਂ ਕਰੀਬ 4 ਹਜ਼ਾਰ ਭਾਰਤੀ ਵਾਪਸ ਭੇਜੇ ਗਏ ਹਨ।



ਪ੍ਰਾਪਤ ਜਾਣਕਾਰੀ ਅਨੁਸਾਰ ਸਾਊਦੀ ! ਅਰਬ ਤੋਂ ਸਾਲ 2021 ਵਿਚ 8 ਹਜ਼ਾਰ 1887, ਸਾਲ 2022 ਵਿੱਚ 10 ਹਜ਼ਾਰ 277,ਸਿਰਫ਼ 2025 'ਚ 24,600 ਤੋਂ ਵੱਧ ਭਾਰਤੀ ਭੇਜੇ ਵਾਪਸ ਭੇਜੇ ਗਏ। ਸਾਲ 2023 ਵਿਚ 11 ਹਜ਼ਾਰ 486, ਸਾਲ। 2024 ਵਿਚ 9 ਹਜ਼ਾਰ 206 ਅਤੇ ਸਾਲ 2025 ਵਿਚ ਰਿਆਦ ਤੋਂ 7 ਹਜ਼ਾਰ 019 ਅਤੇ ਜੇਦਾ ਤੋਂ 3 ਹਜ਼ਾਰ 865 ਵਿਅਕਤੀ ਵਾਪਸ ਭੇਜੇ ਗਏ ਹਨ, ਜੋ ਕਰੀਬ 50 ਹਜ਼ਾਰ ਬਣਦੇ ਹਨ। ਜਦੋਂ ਕਿ ਇਸ ਦੇ ਮੁਕਾਬਲੇ ਅਮਰੀਕਾ ਤੋਂ ਪੰਜ ਸਾਲਾਂ ਵਿਚ ਵਾਪਸ ਭੇਜੇ ਕੁੱਲ ਵਾਪਸ ਭੇਜੇ ਗਏ ਭਾਰਤੀਆਂ ਦੀ ਗਿਣਤੀ 7 ਹਜ਼ਾਰ 66 ਤੋਂ 7 ਹਜ਼ਾਰ 824 ਦੱਸੀ ਗਈ ਹੈ। ਇਹਨਾਂ ਵਿਚ ਟਰੰਪ ਪ੍ਰਸ਼ਾਸਨ ਵਲੋਂ ਅਪਣਾਈਆਂ ਸਖ਼ਤ ਨੀਤੀਆਂ ਕਾਰਨ ਵਾਪਸ ਭੇਜੇ ਗਏ ਭਾਰਤੀ ਵੀ ਸ਼ਾਮਿਲ ਹਨ। ਰਾਜ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਸਿਰਫ਼ ਸਾਲ 2025 ਵਿਚ ਹੀ ਵਿਸ਼ਵ ਪੱਧਰ 'ਤੇ ਕੁੱਲ 81 ਦੇਸ਼ਾਂ ਤੋਂ 24,600 ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਹੈ, ਜਿਨ੍ਹਾਂ

**(ਬਾਕੀ ਸਫ਼ਾ 6 'ਤੇ)**






# ਨਵੇਂ ਸਾਲ 2026 ਦੀ ਆਮਦ ’ਤੇ ਗਾਖਲ ਪਰਿਵਾਰ ਕਰਵਾਏਗਾ ਗੁਰਦੁਆਰਾ ਸਾਹਿਬ ਸੈਨਹੋਜ਼ੇ ’ਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ

ਵਾਟਸਨਵਿੱਲ (ਐੱਸ.ਅਸ਼ੋਕ ਭੌਰਾ): ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ) ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੁਰਾਣੇ ਸਾਲ ਨੂੰ ਅਲਵਿਦਾ ਅਤੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਗੁਰਦੁਆਰਾ ਸਾਹਿਬ ਸੈਨਹੋਜ਼ੇ ’ਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਮਿਤੀ 30 ਦਸੰਬਰ 2025 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 1 ਜਨਵਰੀ 2026 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਗੁਰਬਾਣੀ ਕੀਰਤਨ ਦਾ ਪ੍ਰਵਾਹ ਚੱਲੇਗਾ ਅਤੇ ਹਰ ਸਾਲ ਵਾਂਗ ਹੀ ਇਸ ਵਾਰ ਵੀ ਸੰਗਤਾਂ ਲਈ ਛੋਲੇ ਪੂਰੀਆਂ ਦਾ ਲੰਗਰ ਲਗਾਇਆ ਜਾਵੇਗਾ। ਛੋਲੇ ਪੂਰੀਆਂ ਦਾ ਲੰਗਰ ਤਿਆਰ ਕਰਨ ਵਿਚ ਰਾਜਾ ਸਵੀਟਸ (ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ) ਦਾ ਵਿਸ਼ੇਸ਼ ਸਹਿਯੋਗ ਰਹੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਗੁਰੂਘਰ ਪੁੱਜਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਆਓ ਸਾਰਾ ਭਾਈਚਾਰਾ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ’ਚ ਨਵੇਂ ਸਾਲ ਦੀ ਸ਼ੁਰੂਆਤ ਕਰੀਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰੀਏ।



# ਰਾਕਟ ‘ਪਿਨਾਕ’ ਦਾ ਪਹਿਲਾ ਸਫ਼ਲ ਪ੍ਰੀਖਣ

**ਨਵੀਂ ਦਿੱਲੀ:** ਭਾਰਤ ਨੇ ਸਵਦੇਸ਼ੀ ਰੱਖਿਆ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ ਪਿਨਾਕ ਲਾਂਗ ਰੇਂਜ ਗਾਇਡਿਡ ਰਾਕਟ ਦਾ ਪਹਿਲਾ ਉਡਾਣ ਪ੍ਰੀਖਣ ਕਾਮਯਾਬੀ ਨਾਲ ਪੂਰਾ ਕਰ ਲਿਆ। ਰੱਖਿਆ ਮੰਤਰਾਲੇ ਨੇ ਦੱਸਿਆ ਕਿ ਇਹ ਪ੍ਰੀਖਣ ਓਡੀਸ਼ਾ ਦੇ ਚਾਂਦੀਪੁਰ ਸਥਿਤ ਇੰਟੀਗ੍ਰੇਟਿਡ ਟੈਸਟ ਰੇਂਜ ‘ਚ ਕੀਤਾ ਗਿਆ, ਜਿੱਥੇ ਰਾਕਟ ਨੇ 120 ਕਿਲੋਮੀਟਰ ਦੀ ਵੱਧ ਤੋਂ ਵੱਧ ਦੂਰੀ ਤੱਕ ਉਡਾਣ ਭਰਦੇ ਹੋਏ ਟੀਚੇ ਨੂੰ ਸਟੀਕਤਾ ਨਾਲ ਵਿੰਨ੍ਹਿਆ। ਮੰਤਰਾਲੇ ਮੁਤਾਬਕ ਪ੍ਰੀਖਣ ਦੇ ਦੌਰਾਨ ਰਾਕਟ ਨੇ ਯੋਜਨਾ ਮੁਤਾਬਕ ਉਡਾਣ ਦੇ ਸਾਰੇ ਜ਼ਰੂਰੀ ਦਾਅ-ਪੇਚਾਂ ਦਾ ਪ੍ਰਦਰਸ਼ਨ ਕੀਤਾ। ਤਾਇਨਾਤ ਸਾਰੇ ਰੇਂਜ ਉਪਕਰਨਾਂ ਨੇ ਇਸ ਦੀ ਪੂਰੀ ਉਡਾਣ ਦੌਰਾਨ ਸਰਗਰਮੀਆਂ ‘ਤੇ ਨਜ਼ਰ ਰੱਖੀ, ਜਿਸ ਨਾਲ ਪ੍ਰੀਖਣ ਦੇ ਸਾਰੇ ਮਾਪਦੰਡ ਕਾਮਯਾਬੀ ਨਾਲ ਪੂਰੇ ਹੋਏ।



# ਮੇਜਰ ਗੁਰਚਰਨ ਸਿੰਘ ਝੱਜ ਨੂੰ ਸਦਮਾ: ਪਤਨੀ ਰਮਿੰਦਰ ਕੌਰ ਸਵਰਗਵਾਸ

**ਸ਼ਿਕਾਗੋ:** ਇਥੋਂ ਦੇ ਸਿੱਖ ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖਸੀਅਤ ਅਤੇ ਉਘੇ ਬਿਜ਼ਨਸਮੈਨ ਮੇਜਰ ਗੁਰਚਰਨ ਸਿੰਘ ਝੱਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਿਆ, ਜਦੋਂ ਸ. ਝੱਜ ਦੀ ਧਰਮ ਪਤਨੀ ਸਰਦਾਰਨੀ ਰਮਿੰਦਰ ਕੌਰ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ 30 ਦਸੰਬਰ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 85 ਵਰ੍ਹਿਆਂ ਦੇ ਸਨ ਅਤੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਹ ਆਪਣੇ ਪਿੱਛੇ ਪਤੀ ਸ. ਗੁਰਚਰਨ ਸਿੰਘ ਝੱਜ, ਪੁੱਤਰ ਨਵਦੀਪ ਸਿੰਘ ਝੱਜ, ਭਰਾ ਕਿਰਪਾਲ ਸਿੰਘ ਭੱਠਲ ਅਤੇ ਜੈਦੇਵ ਸਿੰਘ ਭੱਠਲ ਅਤੇ ਭੈਣ ਜਸਵੀਰ ਕੌਰ ਧਾਲੀਵਾਲ ਛਡ ਗਏ ਹਨ। ਉਨ੍ਹਾਂ ਦੇ ਭਰਾ ਜੈਦੇਵ ਸਿੰਘ ਭੱਠਲ (ਸੱਤੀ ਭੱਠਲ) ਸ਼ਿਕਾਗੋ ਵਿਚ ਹੀ ਰਹਿੰਦੇ ਹਨ ਜਦਕਿ ਵਡੇ ਭਰਾ ਕਿਰਪਾਲ ਸਿੰਘ ਅਤੇ ਭੈਣ ਜਸਵੀਰ ਕੌਰ ਇੰਡੀਆ ਰਹਿੰਦੇ ਹਨ, ਪਰ ਅਮਰੀਕਾ ਆਉਂਦੇ-ਜਾਂਦੇ ਰਹਿੰਦੇ ਹਨ।



ਬੀਬੀ ਰਮਿੰਦਰ ਕੌਰ ਦਾ ਜਨਮ ਕੈਪਟਨ ਹਰਚਰਨ ਸਿੰਘ ਭੱਠਲ ਅਤੇ ਮਾਤਾ ਜਸਵੰਤ ਕੌਰ ਦੀ ਕੁਖੋਂ ਸੰਨ 1940 ਵਿਚ ਪਿੰਡ ਭਨੌਹੜ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਅਤੇ ਸਹੁਰਾ ਪਿੰਡ ਅਮੈਦਪੁਰ ਸੀ। ਮੁਢਲੀ ਪੜ੍ਹਾਈ ਤੋਂ ਬਾਅਦ ਬੀ.ਐਡ. ਸਿੱਧਵਾਂ ਕਾਲਜ ਤੋਂ ਕੀਤੀ। 1966 ਵਿਚ ਉਨ੍ਹਾਂ ਦਾ ਵਿਆਹ ਮੇਜਰ ਗੁਰਚਰਨ ਸਿੰਘ ਝੱਜ ਨਾਲ ਹੋ ਗਿਆ ਅਤੇ 1972 ਵਿਚ ਉਹ ਅਮਰੀਕਾ ਆ ਗਏ। ਬੀਬੀ ਰਮਿੰਦਰ ਕੌਰ ਗੁਰਮਤਿ ਖਿਆਲਾਂ ਦੇ ਧਾਰਨੀ ਸਨ। ਹਰ ਲੋੜਵੰਦ ਦੀ ਮਦਦ ਕਰਨ ਦਾ ਜਜ਼ਬਾ ਉਨ੍ਹਾਂ ਨੂੰ ਆਪਣੇ ਪਰਿਵਾਰ ਤੋਂ ਹੀ ਮਿਲਿਆ ਸੀ। ਆਪਣੀ ਪੂਰੀ ਜ਼ਿੰਦਗੀ ਭਾਈਚਾਰਕ, ਸਮਾਜਕ ਅਤੇ ਧਾਰਮਕ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਉਨ੍ਹਾਂ ਦੇ ਨਿੱਘੇ ਅਤੇ ਮਿੱਠੇ ਸੁਭਾਅ ਨੂੰ ਪਰਿਵਾਰ ਦੇ ਨਾਲ ਪੂਰਾ ਭਾਈਚਾਰਾ ਵੀ ਯਾਦ ਕਰ ਰਿਹਾ ਸੀ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ ਨਾਲ ਭਾਈਚਾਰੇ ਨੂੰ ਵੀ ਵੱਡਾ ਘਾਟਾ ਪਿਆ ਹੈ।

ਉਨ੍ਹਾਂ ਦਾ ਸਸਕਾਰ 4 ਜਨਵਰੀ ਐਤਵਾਰ ਨੂੰ 12 ਤੋਂ 2 ਵਜੇ ਤਕ ਡੇਵਨਪੋਰਟ ਫਿਊਨਰਲ ਹੋਮ (941 S Old Rand Rd, Lake Zurich, IL 60047) ਵਿਚ ਕੀਤਾ ਜਾਵੇਗਾ, ਉਪਰੰਤ 3 ਤੋਂ 5 ਵਜੇ ਤਕ ਉਨ੍ਹਾਂ ਨਮਿਤ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਤੀ ਮੇਜਰ ਗੁਰਚਰਨ ਸਿੰਘ ਝੱਜ ਵੀ ਵਡੇ ਦਾਨੀ ਹਨ। ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਣਾ ਉਨ੍ਹਾਂ ਦਾ ਧਰਮ ਹੈ, ਜਿਸ ਦੀ ਪਾਲਣਾ ਉਹ ਨਿਰੰਤਰ ਕਰਦੇ ਆ ਰਹੇ ਹਨ। ਗੁਰਦੁਆਰਾ ਪੈਲਾਟਾਈਨ ਬਣਾਉਣ ਵਿਚ ਉਨ੍ਹਾਂ ਦਾ ਉਘਾ ਯੋਗਦਾਨ ਹੈ। ਗੁਰਦੁਆਰਾ ਬਣਾਉਣ ਤੋਂ ਲੈ ਕੇ ਹਰ ਨੈਤਿਕ ਕੰਮ ਲਈ ਉਹ ਆਪਣੀ ਕਮਾਈ ਵਿਚੋਂ ਦਸਵੰਧ ਕੱਢਦੇ ਰਹਿੰਦੇ ਹਨ।

ਬੜੂ ਸਾਹਿਬ ਕਲਗੀਧਰ ਸੁਸਾਇਟੀ ਲਈ ਲਗਾਤਾਰ 35 ਸਾਲਾਂ ਤੋਂ ਭਰਵਾਂ ਯੋਗਦਾਨ ਪਾ ਰਹੇ ਹਨ। ‘ਪੰਜਾਬ ਟਾਈਮਜ਼’ ਵੀ ਅੱਜ ਜਿਸ ਮੁਕਾਮ ‘ਤੇ ਹੈ, ਇਸ ਵਿਚ ਵੀ ਉਨ੍ਹਾਂ ਦਾ ਭਰਵਾਂ ਯੋਗਦਾਨ ਹੈ। ਅਦਾਰਾ ‘ਪੰਜਾਬ ਟਾਈਮਜ਼’ ਤੇ ਇਸਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰ ਝੱਜ ਸਾਹਿਬ, ਜੈਦੇਵ ਸਿੰਘ ਭੱਠਲ ਅਤੇ ਸੁਖ ਪਰਿਵਾਰ ਦੇ ਦੁਖ ਵਿਚ ਸ਼ਰੀਕ ਹਨ। ਝੱਜ ਸਾਹਿਬ ਨਾਲ ਦੁਖ ਸਾਂਝਾ ਕਰਨ ਲਈ ਫੋਨ ਨੰਬਰ 847-330-1421 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੰਪ ਵਲੋਂ ਭਾਰਤ-ਪਾਕਿਸਤਾਨ ਵਿਚਕਾਰ ਸੰਭਾਵੀ ਪ੍ਰਮਾਣੂ ਯੁੱਧ ਰੋਕਣ ਦਾ ਫਿਰ ਦਾਅਵਾ

**ਨਿਊਯਾਰਕ/ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਟਕਰਾਅ ਨੂੰ ਹੱਲ ਕਰਨ ਦੇ ਆਪਣੇ ਦਾਅਵੇ ਨੂੰ ਦੁਹਰਾਉਂਦਿਆਂ ਜ਼ੋਰ ਦੇ ਕੇ ਕਿਹਾ ਹੈ ਕਿ ਇਸਲਾਮਾਬਾਦ ਦੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਲੱਖਾਂ ਜਾਨਾਂ ਬਚਾਉਣ ਦਾ ਸਿਹਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨ ਅਤੇ ਭਾਰਤ ਵਿਚਕਾਰ ਸੰਭਾਵੀ ਪ੍ਰਮਾਣੂ ਯੁੱਧ ਰੋਕਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਫ਼ੌਜ ਮੁਖੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕਹਿ ਚੁੱਕੇ ਹਨ ਕਿ ਰਾਸ਼ਟਰਪਤੀ ਟਰੰਪ ਨੇ ਇਕ ਕਰੋੜ ਜਾਨਾਂ ਬਚਾਈਆਂ, ਸ਼ਾਇਦ ਹੋਰ ਵੀ। ਟਰੰਪ ਨੇ ਇਹ ਟਿੱਪਣੀਆਂ ਫਲੋਰੀਡਾ ਦੇ ਮਾਰ-ਏ-ਲਾਗੋ ਵਿਖੇ ਰੱਖਿਆ ਸਕੱਤਰ ਪੀਟ ਹੇਗਸੇਥ, ਜਲ ਸੈਨਾ ਦੇ ਸਕੱਤਰ ਜੌਹਨ ਫੇਲਨ ਤੋਂ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਹਾਜ਼ਰੀ ‘ਚ ਕੀਤੀਆਂ। ਉਨ੍ਹ ਇਹ ਵੀ ਦਾਅਵਾ ਕੀਤਾ ਕਿ ਭਾਰਤ-ਪਾਕਿ ਟਕਰਾਅ ਦੌਰਾਲ ਅੱਠ ਜਹਾਜ਼ਾਂ ਨੂੰ ਸੁੱਟਿਆ ਗਿਆ ਸੀ। ਜ਼ਿਕਰਯੋਗ ਹੈ ਕਿ ਟਰੰਪ 10 ਮਈ ਤੋਂ ਲੈ ਕੇ ਹੁਣ ਤੱਕ 60 ਤੋਂ ਵੱਧ ਵਾਰ ਦੁਹਰਾਅ ਚੁੱਕੇ ਹਨ ਕਿ ਉਨ੍ਹਾਂ ਨੇ ਦੋਵਾਂ ਗੁਆਂਢੀ ਦੇਸ਼ਾਂ ਵਿਚਕਾਣ ਤਣਾਅ ਨੂੰ ਸੁਲਝਾਉਣ ‘ਚ ਮਦਦ ਕੀਤੀ ਸੀ।



# ਸੰਗਤ ਨੂੰ ਗੁਮਰਾਹ ਕਰ ਰਹੇ ਹਨ ਸੀ.ਐੱਮ: ਧਾਮੀ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰੈੱਸ ਕਾਨਫੰਸ ਕਰਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਲੰਘੇ ਕੱਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਕੀਤੇ ਗਏ ਆਦੇਸ਼ ‘ਚ ਸਪੱਸ਼ਟ ਕੀਤਾ ਗਿਆ ਸੀ ਕਿ ਇਸ ਮਾਮਲੇ ‘ਤੇ ਕੋਈ ਵੀ ਸਿਆਸਤ ਕਰਨ ਦੀ ਕੁਤਾਹੀ ਨਾ ਕਰੇ, ਪ੍ਰੰਤੂ ਮੁੱਖ ਮੰਤਰੀ ਭਗਵੰਤ ਮਾਨ ਇਸ ਮਾਮਲੇ ‘ਤੇ ਸੰਗਤ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੇ ਹਨ। ਧਾਮੀ ਨੇ ਕਿਹਾ ਕਿ ਇਸ ਮਾਮਲੇ ‘ਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹਰ ਕਾਰਵਾਈ ਤੱਥਾਂ ਸਹਿਤ ਸੰਗਤ ਦੇ ਸਨਮੁਖ ਰੱਖਣਗੇ। ਉਨ੍ਹਾਂ ਸੰਗਤ ਨੂੰ ਇਸ ਮਾਮਲੇ ‘ਤੇ ਕੀਤੀ ਜਾ ਰਹੀ ਸਿਆਸਤ ਤੋਂ ਸੁਚੇਤ ਰਹਿਣ ਦੀ ਅਪੀਲ ਵੀ ਕੀਤੀ।




**FedEx Linehaul Contractor ਨੂੰ CDL Class A ਟਰੱਕ ਡਰਾਈਵਰਾਂ ਦੀ ਲੋੜ ਹੈ।**

**Immediate Openings - 0.72 cents to 0.75 cents per mile for Solo runs, 0.85 cents for Team runs!**



We are hiring **experienced CDL Class A drivers** immediately for a **FedEx Linehaul contractor**.
This is a great opportunity for professional drivers looking for steady work and consistent routes.

**Requirements:**
* Valid **CDL Class A License**
* **Minimum 1 year of verifiable driving experience** (FedEx requirement)
* **Clean background check** *Clean driving record
* **Strong work ethic and reliability**
* **References required**

**What We Offer:**
**Competitive pay based on experience**
**Consistent routes,**
**Well-maintained equipment**
**Benefits**

**FedEx Linehaul Contractor needing driver at following locations:**
Hagerstown, MD (Night Solo runs), Lehigh PA (team runs) , Carlisle, PA (Night Solo runs)
* Mutechen NJ ( team runs) , * Scranton PA (Solo runs) , * Baltimore MD (Solo runs)

**Apply Today – Positions Available Immediately!**

**Call or text: A Patel 678-576-9037 or AK at 936-777-5967**
**Email: lotushotelsgroup@gmail.com**

# ਮਾਲ ਗੱਡੀ ਦੇ 17 ਡੱਬੇ ਪਟੜੀ ਤੋਂ ਉਤਰੇ,10 ਨਦੀ 'ਚ ਡਿੱਗੇ



**ਪਟਨਾ:** ਬਿਹਾਰ ਦੇ ਜਮੁਈ 'ਚ ਝਾਝਾ- ਜਸੀਦੀਹ ਸੈਕਸ਼ਨ 'ਤੇ ਤੇਲਵਾ ਹਾਲਟ ਨੇੜੇ ਸਨਿਚਰਵਾਰ ਦੇਰ ਰਾਤ ਇੱਕ ਮਾਲ ਗੱਡੀ ਦੇ ਘੱਟੋ-ਘੱਟ 17 ਡੱਬੇ ਪਟੜੀ ਤੋਂ ਉਤਰ ਗਏ ਅਤੇ 10 ਬਡ਼ੂਆ ਨਦੀ 'ਚ ਡਿੱਗ ਗਏ। ਰਿਪੋਰਟਾਂ ਅਨੁਸਾਰ ਹਾਵੜਾ-ਪਟਨਾ ਮੁੱਖ ਲਾਈਨ ਦੀਆਂ ਅੱਪ ਅਤੇ ਡਾਉਨ ਲਾਈਨਾਂ ਦੋਵਾਂ 'ਤੇ ਆਵਾਜਾਈ ਪ੍ਰਭਾਵਿਤ ਹੋਈ, 12 ਤੋਂ ਵੱਧ ਰੇਲਗੱਡੀਆਂ ਨੂੰ ਮੋੜਿਆ ਗਿਆ ਅਤੇ 11 ਨੂੰ ਰੱਦ ਕਰ ਦਿੱਤਾ ਗਿਆ। ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਰੇਲਗੱਡੀ ਸੀਮਿੰਟ' ਲੈ ਕੇ ਜਾ ਰਹੀ ਸੀ। ਮੁਰੰਮਤ ਜਾਰੀ ਹੈ। ਅਤੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ, ਹਾਲਾਂਕਿ ਕੁਝ ਰਿਪੋਰਟਾਂ ਤੋਂ ਪਤਾ ਚਲਦਾ ਹੈ ਕਿ ਟ੍ਰੇਨ ਦੇ ਪਟੜੀ ਤੋਂ ਉਤਰਨ ਤੋਂ ਪਹਿਲਾਂ ਪਟੜੀ 'ਤੇ ਲੋਡ ਹੇਠਾਂ ਦਰਾਰ ਪੈ ਗਈ ਸੀ।

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ
ਫੋਨ: 515-291-1961

## ਐਟਲਾਂਟਾ, ਜੌਰਜੀਆ ਵਿਚ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ।

ਵੱਡੀ ਉਮਰ ਦੇ ਜੋੜੇ ਲਈ ਪਾਰਟ-ਟਾਈਮ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ। ਪੰਜਾਬੀ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।
ਕੰਮ: *ਸ਼ਾਮ ਦਾ ਖਾਣਾ ਬਣਾਉਣਾ
* ਸਮੇਂ ਅਨੁਸਾਰ ਕਦੇ-ਕਦੇ ਹੋਰ ਛੋਟੇ ਮੋਟੇ ਕੰਮ ਕਰਨਾ।
ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਮੁਫ਼ਤ ਰਹਿਣ ਦੀ ਵਿਵਸਥਾ ਸਿਰਫ਼ ਕੰਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਉਦੇਸ਼ ਲਈ ਹੈ ਅਤੇ ਇਸ ਨੂੰ ਮੁੱਖ ਨਿਵਾਸ ਨਹੀਂ ਮੰਨਿਆ ਜਾਵੇਗਾ (ਅਰਥਾਤ, ਇਹ ਸਹੂਲਤ ਤਦ ਤੱਕ ਹੀ ਉਪਲਬਧ ਹੈ ਜਦੋਂ ਤੱਕ ਤੁਸੀਂ ਲੋੜੀਂਦੀਆਂ ਸੇਵਾਵਾਂ ਕਰ ਰਹੇ ਹੋ)। ਚਾਹੋ ਤਾਂ ਫੈਮਲੀ ਮੈਂਬਰ ਵਾਂਗ ਰਹਿ ਸਕਦੇ ਹੋ।
ਆਨ ਲਾਈਨ ਕੰਮ ਕਰਨ ਵਾਲਿਆਂ ਲਈ ਇਹ ਵਧੀਆ ਮੌਕਾ ਹੈ। (ਉਦਾਹਰਨ ਵਜੋਂ H-1B ਵੀਜ਼ਾ ਰੱਖਣ ਵਾਲੇ) ਜਾਂ ਹੋਰ ਜੋ ਦਿਨ ਵਿਚ ਭਾਵੇਂ ਹੋਰ ਕੰਮ ਕਰਦੇ ਹੋਣ ਤੇ ਚੁਣੀਆਂ ਹੋਈਆਂ ਸ਼ਾਮਾਂ ਅਤੇ ਐਤਵਾਰ ਨੂੰ ਮਦਦ ਲਈ ਉਪਲਬਧ ਹੋਣ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
+1 678 794 1794




# Matrimonials

## ਲੜਕੇ ਦੀ ਲੋੜ ਹੈ

Looking for a suitable match (Green Card/Citizen only) for Lubana Sikh girl 28, 5'5", Pharmacist, USA-based. Preference for boys in business, software Engineer or medical field. Please contact Gopi at: 219-209-8724 **or E-Mail: gopidilpal@gmail.com** with picture and complete bio-data.

---

## ਲੜਕੀ ਦੀ ਲੋੜ ਹੈ

ਜੱਟ ਸਿੱਖ ਭੱਠਲ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

---

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

---

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

---

51-3

Jat Sikh parents looking for a suitable match for their 28, 6'-0" , US-born son, clean-shaven, vegetarian, non-drinker. He is currently working in the IT field for a multinational with Bachelor's of Science completed and resides in Chicago. Must be a U.S. Citizen or on H1B Visa with bachelors degree completed. Please contact Paul Singh at 1-224-545-1048

---

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl's biodata and family details via: E-mail: Amrit.Naam.2022@gmail.com WhatsApp (USA): +1-480-906-5614

## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**



## UMA TRAVELS

**2535 West Devon Ave.,
Chicago, IL 60659**

**For Delhi-Bombay Ahmedabad, Hydrabad-Madras
Call For Special Sale Fares**

**Call: 773-338-5603**

# ਰੋਜ਼ੇ 'ਤੇ ਹੀ ਨਹੀਂ, ਮੈਂ ਤਾਂ ਹਰ ਥਾਂ ਜਾਂਦੀ ਹਾਂ: ਮਮਤਾ

**ਕੋਲਕਾਤਾ:**ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਿਰੋਧੀ ਦਲਾਂ, ਖ਼ਾਸਕਰ ਭਾਜਪਾ ਵੱਲੋਂ ਲਾਏ ਜਾਂਦੇ 'ਘੱਟ ਗਿਣਤੀ ਦੇ ਤੁਸ਼ਟੀਕਰਨ' ਦੇ ਇਲਜ਼ਾਮਾਂ ਦਾ ਸਖ਼ਤੀ ਨਾਲ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਹਿੰਦੂ, ਮੁਸਲਿਮ, ਸਿੱਖ, ਈਸਾਈ ਗੱਲ ਕੀ ਸਾਰੇ ਧਰਮਾਂ ਦੇ ਸਮਾਗਮਾਂ ਵਿਚ ਸ਼ਾਮਲ ਹੁੰਦੀ ਹਾਂ, ਫਿਰ ਸਿਰਫ਼ ਰੋਜ਼ੇ 'ਤੇ ਜਾਣ 'ਤੇ ਹੀ ਇਤਰਾਜ਼ ਕਿਉਂ ਪ੍ਰਗਟਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਸਿਰਫ਼ ਚੋਣਾਂ ਲਾਗੇ ਦੇਖ ਕੇ ਧਰਮ ਨੂੰ ਸ. ਯਾਦ ਕਰਦੇ ਹਨ ਜਦਕਿ ਉਨ੍ਹਾਂ ਦੀ ਸਰਕਾਰ , ਨੇ ਹਮੇਸ਼ਾ ਸ਼ਰਧਾ ਦਾ ਸਨਮਾਨ ਕੀਤਾ ਹੈ।



'ਸੋਮਵਾਰ ਨੂੰ ਕੋਲਕਾਤਾ ਨਾਲ ਲੱਗਦੇ ਨਿਊਟਾਊਨ ਇਲਾਕੇ ਵਿਚ 'ਦੁਰਗਾ ਆਂਗਨ' ਦਾ ਨੀਂਹ ਪੱਥਰ ਰੱਖਣ ਮਗਰੋਂ 1 ਮਮਤਾ ਨੇ ਇਹ ਪ੍ਰਗਟਾਵਾ ਕੀਤਾ। ਯਾਦ ਰਹੇ ਭਾਜਪਾਈ ਵਿਧਾਇਕ ਸੁਵੇਂਦੂ ਅਧਿਕਾਰੀ ਨੇ 1 ਮੁੱਖ ਮੰਤਰੀ ਮਮਤਾ ਬੈਨਰਜੀ ਨੂੰ 'ਨਕਲੀ ਹਿੰਦੂ' ਕਰਾਰ ਦਿੰਦੇ ਕਿਹਾ ਸੀ ਕਿ ਉਹ ਚੋਣਾਂ ਤੇ ਲਾਗੇ ਦੇਖ ਕੇ ਮੰਦਰ ਬਣਾਉਣ ਦੀ ਨੌਟੰਕੀ ਕਰਦੇ ਹਨ ਜਦਕਿ ਅਸਲ ਵਿਚ 5 ਤੁਸ਼ਟੀਕਰਨ ਦੀ ਸਿਆਸਤ ਕਰਦੇ ਹਨ। ਸਿਆਸੀ ਜਾਣਕਾਰਾਂ ਦਾ ਇਕ ਵਰਗ ਇਸ ਨੂੰ ਮਮਦਾ ਦੀ ਸਾਫਟ ਹਿੰਦੂਤਵ ਦੀ ਸਿਆਸਤ ਦੱਸ ਰਿਹਾ ਹੈ। ਸਰਕਾਰ ਨੇ ਇਸ 1 ਤੋਂ ਪਹਿਲਾਂ ਦੀਘਾ ਇਲਾਕੇ ਵਿਚ ਜਗਨ ਨਾਥ ਮੰਦਰ ਦਾ ਨਿਰਮਾਣ ਕਰਵਾਇਆ ਸੀ। ਮਮਤਾ ਨੇ ਦਾਅਵਾ ਕੀਤਾ ਹੈ ਕਿ ਦੁਰਗਾ ਆਂਗਨ ਨਾਂ ਦਾ ਇਹ ਮੰਦਰ ਸੰਸਾਰ ਦਾ ਸਭ ਤੋਂ ਵੱਡਾ ਦੁਰਗਾ ਮੰਦਰ ਹੋਵੇਗਾ।

# ਮਿਸਿਜ਼ ਯੂਨੀਵਰਸ-ਸੇਹਰ ਕਰੇਗੀ ਭਾਰਤ ਦੀ ਨੁਮਾਇੰਦਗੀ

**ਅੰਮ੍ਰਿਤਸਰ :** ਯੂਐੱਮਬੀ ਮਿਸਿਜ਼ ਇੰਡੀਆ 2025 ਦਾ ਖਿਤਾਬ ਜਿੱਤਣ ਵਾਲੀ ਡਾ. ਸੇਹਰ ਓਮ ਪ੍ਰਕਾਸ਼ ਅਤੇ ਉਨ੍ਹਾਂ ਨਾਲ ਗੀਤਾਂਜਲੀ ਓਮ ਪ੍ਰਕਾਸ਼ ਏਲੀਟ ਮਿਸਿਜ਼ ਇੰਡੀਆ 2025- ਫਸਟ ਰਨਰਜ਼ਅੱਪ ਤੇ ਮੋਨਿਕਾ ਉਪਲ ਏਲੀਟ ਮਿਸਿਜ਼ ਇੰਡੀਆ 2025- ਡਾਇਰੈਕਟਰਜ਼ ਚੁਆਇਸ ਯੂਐੱਮਬੀ ਪੇਜੈਂਟਸ ਦੇ ਰਾਸ਼ਟਰੀ ਖਿਤਾਬ ਜੇਤੂਆਂ ਨੇ ਪ੍ਰੈੱਸ ਕਾਨਫਰੰਸ ਕੀਤੀ। ਜੇਤੂਆਂ ਦੇ ਨਾਲ ਯੂਐੱਮਬੀ ਪੇਜੈਂਟਸ ਦੀ ਸੰਸਥਾਪਕ ਅਤੇ ਸੀਈਓ ਉਰਮੀ ਮਾਲਾ ਬਰੂਆ ਅਤੇ ਡਾਇਰੈਕਟਰ ਪਾਰਸ ਵਾਲੀਆ ਵੀ ਸਨ। ਤਿੰਨਾਂ ਜੇਤੂਆਂ ਨੂੰ 21 ਦਸੰਬਰ ਨੂੰ ਜੈਪੁਰ ਵਿਚ ਹੋਏ ਯੂਐੱਮਬੀ ਪੇਜੈਂਟਸ ਨੈਸ਼ਨਲ ਫਾਈਨਲ ਵਿਚ ਖਿਤਾਬ ਦਿੱਤੇ ਗਏ। ਇਸ ਮੁਕਾਬਲੇ ਲਈ 2,000 ਤੋਂ ਵੱਧ ਔਰਤਾਂ ਨੇ ਅਪਲਾਈ ਕੀਤਾ ਸੀ ਅਤੇ 111 ਫਾਈਨਲਿਸਟਾਂ ਨੇ ਚਾਰ ਯੂਐੱਮਬੀ ਦੀਆਂ ਚਾਰ ਸ਼੍ਰੇਣੀਆਂ ਮਿਸ, ਮਿਸਿਜ਼, ਮਿਸ, ਅਤੇ ਏਲੀਟ ਮਿਸਿਜ਼ ਵਿਚ ਭਾਗ ਲਿਆ। ਮੁਕਾਬਲੇਬਾਜ਼ਾਂ ਨੇ ਗ੍ਰੈਂਡ ਫਿਨਾਲੇ ਤੱਕ ਪਹੁੰਚਣ ਤੋਂ ਪਹਿਲਾਂ ਤੀਬਰ ਸਿਖਲਾਈ, ਸਲਾਹ, ਸੰਚਾਰ ਅਤੇ ਸ਼ਖਸੀਅਤ ਵਿਕਾਸ ਸੈਸ਼ਨ, ਨਿੱਜੀ ਇੰਟਰਵਿਊ, ਸਟਾਈਲਿੰਗ ਅਤੇ ਰੈਂਪ ਵਾਕ ਮੁਲਾਂਕਣ ਕੀਤੇ। ਜਿਊਰੀ ਵਿਚ ਬਾਲੀਵੁੱਡ ਅਦਾਕਾਰਾ ਨੇਹਾ ਧੂਪੀਆ ਸਮੇਤ ਕਈ ਉੱਘੀਆਂ ਸ਼ਖਸੀਅਤਾਂ ਸ਼ਾਮਲ ਸਨ। ਇਹ ਐਡੀਸ਼ਨ ਭਾਰਤੀ ਸੁੰਦਰਤਾ ਮੁਕਾਬਲਿਆਂ ਦੇ ਇਤਿਹਾਸ ਵਿਚ ਇਤਿਹਾਸਕ ਪਲ ਸੀ, ਜਿੱਥੇ ਇੱਕ ਮਾਂ, ਧੀ ਅਤੇ ਸੱਸ ਨੇ ਨਾ ਸਿਰਫ਼ ਹਿੱਸਾ ਲਿਆ ਬਲਕਿ ਵੱਖ-ਵੱਖ ਸ਼੍ਰੇਣੀਆਂ ਵਿਚ ਰਾਸ਼ਟਰੀ ਖਿਤਾਬ ਵੀ ਜਿੱਤੇ। ਇਹ ਪ੍ਰਾਪਤੀ ਯੂਐੱਮਬੀ ਦੇ ਸਮਾਵੇਸ਼, ਵਿਅਕਤੀਤਵ ਅਤੇ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਔਰਤਾਂ ਦੀ ਪ੍ਰਤੀਨਿਧਤਾ ਵਿਚ ਵਿਸ਼ਵਾਸ ਨੂੰ ਦਰਸਾਉਂਦੀ ਹੈ।



ਯੂਐੱਮਬੀ ਪੇਜੈਂਟਸ ਦੀ ਸੰਸਥਾਪਕ ਅਤੇ ਸੀਈਓ ਉਰਮੀ ਮਾਲਾ ਬਰੂਆ ਨੇ ਕਿਹਾ ਕਿ ਅੰਮ੍ਰਿਤਸਰ ਦੀਆਂ ਔਰਤਾਂ ਲਈ ਇਹ ਵੱਡੀ ਉਪਲੱਬਧੀ ਹਾਸਲ ਕਰਨਾ ਮਾਣ ਵਾਲੀ ਗੱਲ ਹੈ। ਉਨ੍ਹਾਂ ਦੱਸਿਆ ਕਿ ਡਾ. ਸੇਹਰ ਓਮ ਪ੍ਰਕਾਸ਼ 28 ਸਤੰਬਰ ਤੋਂ 5 ਅਕਤੂਬਰ 2026 ਤੱਕ ਬੋਤਸਵਾਨਾ ਦੇ ਗੈਬਰੋਨ ਵਿੱਚ ਹੋਣ ਵਾਲੇ 49ਵੇਂ ਮਿਸਿਜ਼ ਯੂਨੀਵਰਸ ਮੁਕਾਬਲੇ ਵਿਚ ਭਾਰਤ ਦੀ ਨੁਮਾਇੰਦਗੀ ਕਰਨਗੇ। ਇਸ ਦੌਰਾਨ ਗੀਤਾਂਜਲੀ ਓਮ ਪ੍ਰਕਾਸ਼ ਮਾਰਚ 2026 ਵਿੱਚ ਮਲੇਸ਼ੀਆ ਵਿੱਚ ਹੋਣ ਵਾਲੇ ਮਿਸਿਜ਼ ਵਰਲਡ ਇੰਟਰਨੈਸ਼ਨਲ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ।

# ਸਾਈਬਰ ਠੱਗੀ ਹੁੰਦੇ ਸਾਰ ਕਰੋ ਕਾਰਵਾਈ



**ਚੰਡੀਗੜ੍ਹ:**ਜੇਕਰ ਕਿਸੇ ਨਾਲ ਸਾਈਬਰ ਠੱਗੀ ਹੋ ਜਾਵੇ ਤਾਂ ਸਭ ਤੋਂ ਜ਼ਰੂਰੀ ਹੈ ਘਬਰਾਉਣਾ ਨਹੀਂ, ਬਲਕਿ ਪਹਿਲੇ ਦੋ ਘੰਟਿਆਂ ਦੇ ਅੰਦਰ ਸਹੀ ਕਦਮ ਚੁੱਕਣਾ। ਜਾਗਰਣ ਦਫ਼ਤਰ ਵਿਚ ਹੋਈ ਵਿਚਾਰ-ਚਰਚਾ ਦੌਰਾਨ ਸਾਈਬਰ ਸਕਿਓਰਿਟੀ ਐਂਡ ਕੰਪਲਾਇੰਸ ਆਡੀਟਰ ਅਤੇ ਸਾਈਬਰ ਸਪਲੰਕ ਦੇ ਫਾਊਂਡਰ ਸੀਈਓ ਤਰੁਣ ਮਲਹੋਤਰਾ ਨੇ ਕਿਹਾ ਕਿ ਸਾਈਬਰ ਠੱਗੀ ਤੋਂ ਬਾਅਦ ਪਹਿਲੇ ਦੋ ਘੰਟੇ ਗੋਲਡਨ ਆਵਰ ਹੁੰਦੇ ਹਨ। ਇਸੇ ਸਮੇਂ ਵਿਚ 1930 ਹੈਲਪਲਾਈਨ, ਬੈਂਕ ਅਤੇ ਸਾਈਬਰ ਕ੍ਰਾਈਮ ਪੁਲਿਸ ਨੂੰ ਸੂਚਨਾ ਦੇ ਕੇ ਖਾਤੇ ਫੀਜ਼ ਕਰਵਾਏ ਜਾ ਸਕਦੇ ਹਨ ਅਤੇ ਪੈਸਾ ਵਾਪਸ ਮਿਲਣ ਦੀ ਸੰਭਾਵਨਾ ਰਹਿੰਦੀ ਹੈ। ਜੇਕਰ ਦੇਰੀ ਹੋ ਜਾਵੇ ਤਾਂ ਪੈਸਾ ਕਈ ਖਾਤਿਆਂ ਵਿਚ ਘੁੰਮ ਕੇ ਕੱਢਵਾ ਲਿਆ ਜਾਂਦਾ ਹੈ ਅਤੇ ਫਿਰ ਉਸ ਨੂੰ ਵਾਪਸ ਲਿਆਉਣ ਲਗਪਗ ਅਸੰਭਵ ਹੋ ਜਾਂਦਾ ਹੈ। ਮਲਹੋਤਰਾ ਨੇ ਕਿਹਾ ਕਿ ਸਾਈਬਰ ਅਪਰਾਧੀ ਤਕਨੀਕ ਤੋਂ ਵੱਧ ਇਨਸਾਨ ਦੀਆਂ ਭਾਵਨਾਵਾਂ ਨੂੰ ਹੈਕ ਕਰਦੇ ਹਨ। ਉਹ ਡਰ, ਲਾਲਚ ਅਤੇ ਭਾਵਨਾਤਮਕ ਕਮਜ਼ੋਰੀ ਦਾ ਫ਼ਾਇਦਾ ਚੁੱਕਦੇ ਹਨ। ਕਦੀ ਫੋਨ ਕਰ ਕੇ ਡਰਾਇਆ ਜਾਂਦਾ ਹੈ ਕਿ ਤੁਹਾਡੇ ਖਾਤੇ ਤੋਂ ਗ਼ਲਤ ਲੈਣ-ਦੇਣ ਹੋਇਆ ਹੈ, ਤੁਹਾਡੇ ਬੱਚੇ ਦੇ ਨਾਂ 'ਤੇ ਕੇਸ ਹੈ, ਤੁਹਾਡਾ ਨੰਬਰ ਬਲਾਕ ਹੋਜਾਵੇਗਾ ਜਾਂ ਤੁਹਾਡੇ ਖਾਤੇ ਤੋਂ ਅੱਤਵਾਦੀ ਫੰਡਿੰਗ ਹੋ ਰਹੀ ਹੈ। ਕਈ ਵਾਰ ਲਾਲਚ ਦਿੱਤਾ ਜਾਂਦਾ ਹੈ ਕਿ ਪੈਸਾ ਡਬਲ ਹੋ ਜਾਵੇਗਾ ਇਹ ਸੀਕ੍ਰੇਟ ਇਨਵੈਸਟਮੈਂਟ ਹੈ, ਤੁਹਾਨੂੰ ਸਰਕਾਰੀ ਸਕੀਮ ਦਾ ਫ਼ਾਇਦਾ ਦੁਆ ਦਿੱਤਾ ਜਾਵੇਗਾ। ਇਸ ਜਾਲ ਵਿਚ ਕਈ ਵਾਰ ਪੜ੍ਹੇ-ਲਿਖੇ ਅਤੇ ਸਮਝਦਾਰ ਲੋਕ ਵੀ ਫਸ ਜਾਂਦੇ ਹਨ ਕਿਉਂਕਿ ਠੱਗ ਬਹੁਤ ਪ੍ਰੋਫੈਸ਼ਨਲ ਤਰੀਕੇ ਨਾਲ ਗੱਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਠੱਗ ਅਕਸਰ ਦੋਸਤ ਬਣ ਕੇ ਗੱਲ ਕਰਦੇ ਹਨ, ਭਰੋਸਾ ਜਿੱਤਦੇ ਹਨ ਅਤੇ ਫਿਰ ਹੌਲੀ-ਹੌਲੀ ਵਿਅਕਤੀ ਨੂੰ ਮਾਨਸਿਕ ਦਬਾਅ ਵਿਚ ਲੈ ਲੈਂਦੇ ਹਨ। ਪੀੜਤ ਡਰ ਦੇ ਕਾਰਨ ਸੋਚਣ- ਸਮਝਣ ਦਾ ਸਮਾਂ ਨਹੀਂ ਲੈ ਪਾਉਂਦਾ ਅਤੇ ਉਹੀ ਗ਼ਲਤੀ ਕਰ ਬੈਠਦਾ ਹੈ, ਜਿਸਦਾ ਠੱਗ ਇੰਤਜ਼ਾਰ ਕਰ ਰਿਹਾ ਹੁੰਦਾ ਹੈ, ਜਿਵੇਂ ਓਟੀਪੀ ਦੱਸਣਾ, ਲਿੰਕ 'ਤੇ ਕਲਿੱਕ ਕਰਨਾ ਜਾਂ ਪੈਸਾ ਟਰਾਂਸਫਰ ਕਰਨਾ ਆਦਿ। ਮਲਹੋਤਰਾ ਨੇਕਿਹਾ ਕਿ ਸਾਈਬਰ ਅਪਰਾਧ ਕਿਸੇ ਦੇ ਨਾਲ ਵੀ ਹੋ ਸਕਦਾ ਹੈ- ਅਮੀਰ, ਗ਼ਰੀਬ, ਪੜ੍ਹਿਆ- ਲਿਖਿਆ ਜਾਂ ਅਨਪੜ੍ਹ ਕੋਈ ਵੀ ਸੁਰੱਖਿਅਤ ਨਹੀਂ ਹੈ। ਫਰਕ ਸਿਰਫ਼ ਇੰਨਾ ਹੈ ਕਿ ਜੋ ਵਿਅਕਤੀ ਸਮੇਂ 'ਤੇ ਸਹੀ ਕਦਮ ਚੁੱਕ ਲੈਂਦਾ ਹੈ, ਉਹੀ ਨੁਕਸਾਨ ਤੋਂ ਬਚਦਾ ਹੈ।

## ਸਾਵਧਾਨੀਆਂ

-ਕੋਈ ਵੀ ਫੋਨ 'ਤੇ ਓਟੀਪੀ, ਪਿੰਨ ਜਾਂ ਪਾਸਵਰਡ ਨਾ ਦੱਸੋ, ਬੇਸ਼ੱਕ ਸਾਹਮਣੇ ਵਾਲਾ ਕਿੰਨਾ ਵੀ ਭਰੋਸੇਮੰਦ ਕਿਉਂ ਨਾ ਲੱਗੇ।

-ਡਰਾਉਣ ਜਾਂ ਕਾਹਲੀ ਕਰਨ ਵਾਲੀ ਕਾਲ ਆਵੇ ਤਾਂ ਤੁਰੰਤ ਕੱਟ ਦਿਓ ਅਤੇ ਖ਼ੁਦ ਬੈਂਕ ਜਾਂ ਸਬੰਧਤ ਸੰਸਥਾ ਨੂੰ ਕਾਲ ਕਰੋ।

-ਪੈਸਾ ਡਬਲ ਜਾਂ ਗਰੰਟਡ ਰਿਟਰਨ ਵਰਗੀਆਂ ਗੱਲਾਂ ਤੋਂ ਦੂਰ ਰਹੋ, ਇਹੀ ਲਗਪਗ ਹਮੇਸ਼ਾ ਠੱਗੀ ਹੀ ਹੁੰਦੀ ਹੈ।

-ਕਿਸੇ ਅਣਜਾਨ ਲਿੰਕ 'ਤੇ ਕਲਿੰਕ ਨਾ ਕਰੋ, ਖ਼ਾਸ ਕਰ ਕੇ ਜੇਇਨਾਮ, ਰਿਫੰਡ ਜਾਂ ਸ਼ਿਕਾਇਤ ਦੇ ਨਾਂ 'ਤੇ ਆਇਆ ਹੋਵੇ।

-ਜੇਕਰ ਗ਼ਲਤੀ ਹੋ ਜਾਵੇ ਤਾਂ ਸ਼ਰਮ ਨਾ ਕਰੋ, ਤੁਰੰਤ 1930 ਤੇ ਕਾਲ ਕਰੋ ਅਤੇ ਬੈਂਕ ਨੂੰ ਸੂਚਨਾ ਦਿਓ।

-ਬੱਚਿਆਂ ਅਤੇ ਬਜ਼ੁਰਗਾਂ ਨੂੰ ਪਹਿਲਾਂ ਤੋਂ ਹੀ ਅਜਿਹੇ ਫਰਾਡ ਬਾਰੇ ਸਮਝਾ ਕੇ ਰੱਖੋ।

-ਸਭ ਤੋਂ ਵੱਡੀ ਸੁਰੱਖਿਆ ਨਹੀਂ ਬਲਕਿ ਸਮਝਦਾਰੀ, ਸੰਜਮ ਅਤੇ ਜਾਗਰੂਕਤਾ ਹੈ।

# ਬਿਨਾਂ ਇੰਜਣ ਵਾਲਾ ਜਹਾਜ਼ ਓਮਾਨ ਵੱਲ ਕੀਤਾ ਰਵਾਨਾ

**ਨਵੀਂ ਦਿੱਲੀ:**ਬਿਨਾਂ ਇੰਜਣ ਵਾਲਾ ਜਹਾਜ਼ ਆਈ.ਐੱਨ. ਐੱਸ.ਵੀ.ਕੌਂਡਿਨਿਆ ਇਤਿਹਾਸਕ ਸਮੁੰਦਰੀ ਮਾਰਗਾਂ ਨੂੰ ਮੁੜ ਸਥਾਪਤ ਕਰਨ ਲਈ ਗੁਜਰਾਤ ਦੇ ਪੋਰਬੰਦਰ ਤੋਂ ਓਮਾਨ ਦੇ ਤਟ ਵੱਲ ਰਵਾਨਾ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਅਮਲੇ ਨੂੰ ਸ਼ੁਭਕਾਮਨਾਵਾਂ ਭੇਜੀਆਂ। ਇਹ ਜਹਾਜ਼ ਪ੍ਰਾਚੀਨ ਸਟਿਚਸ਼ਿਪ ਤਕਨੀਕ ਨਾਲ ਬਣਾਇਆ ਗਿਆ ਹੈ। ਡਿਨਿਆ ਦੇ ਲੱਕੜ ਦੇ ਤਖ਼ਤਾਂ ਨੂੰ ਨਾਰੀਅਲ ਦੇ ਰੇਸ਼ੇ ਦੇ ਰੱਸੇ ਨਾਲ ਇਕੱਠਾ ਕੀਤਾ ਗਿਆ ਹੈ ਅਤੇ ਕੁਦਰਤੀ ਰੇਜ਼ਿਨ ਨਾਲ ਸੀਲ ਕੀਤਾ ਗਿਆ ਹੈ, ਇਹ ਹਵਾ ਦੀ ਰੁਖ਼ ਨਾਲ ਚੱਲੇਗਾ।



ਇਸ ਜਹਾਜ਼ ਦਾ ਨਾਂ ਨਾਵਿਕ ਕੋਂਡਿਨਿਆ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਪ੍ਰਾਚੀਨ ਕਾਲ ਵਿਚ ਭਾਰਤ ਤੋਂ ਦੱਖਣ-ਪੂਰਬ ਏਸ਼ੀਆ ਤੱਕ ਦੀ ਯਾਤਰਾ ਕੀਤੀ ਸੀ। ਪੋਰਬੰਦਰ ਵਿਚ ਸੋਮਵਾਰ ਨੂੰ ਪੱਛਮੀ ਨੇਵੀ ਕਮਾਂਡ ਦੇ ਝੰਡੇ ਦੇ ਅਧਿਕਾਰੀ ਕਮਾਂਡ- ਇਨ-ਚੀਫ, ਵਾਇਸ ਐਡਮਿਰਲ ਕ੍ਰਿਸ਼ਨਾ ਸਵਾਮੀਨਾਥਨ ਨੇ ਭਾਰਤ ਵਿਚ ਓਮਾਨ ਦੇ ਰਾਜਦੂਤ ਈਸਾ ਸਾਲੇਹ ਅਲ ਸ਼ਿਬਾਨੀ ਦੀ ਹਾਜ਼ਰੀ ਵਿਚ ਜਹਾਜ਼ ਨੂੰ ਆਧਿਕਾਰਕ ਤੌਰ 'ਤੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਪ੍ਰਧਾਨ ਮੰਤਰੀ ਨੇ ਐਕਸ ਪੋਸਟ ਵਿਚ ਕਿਹਾ, ''ਇਹ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਆਈਐਨਐੱਸਵੀ ਕੋਂਡਿਨਿਆ ਪੋਰਬੰਦਰ ਤੋਂ ਮਸਕਟ, ਓਮਾਨ ਲਈ ਆਪਣੀ ਪਹਿਲੀ ਯਾਤਰਾ 'ਤੇ ਨਿਕਲ ਰਿਹਾ ਹੈ। ਚਾਲਕ ਦਲ ਨੂੰ ਮੇਰੀਆਂ ਸ਼ੁੱਭਕਾਮਨਾਵਾਂ ਹਨ।

# ਵਟਸਐਪ ਉਪਭੋਗਤਾਵਾਂ ਲਈ ਖ਼ਤਰੇ ਦੀ ਘੰਟੀ

**ਚੰਡੀਗੜ੍ਹ :**ਪੰਜਾਬ ਪੁਲਿਸ ਨੇ ਵਟਸਐਪ ਉਪਭੋਗਤਾਵਾਂ ਲਈ ਇਕ ਗੰਭੀਰ ਸਾਈਬਰ ਅਲਰਟ ਜਾਰੀ ਕੀਤਾ ਹੈ। ਪੁਲਿਸ ਦੇ ਮੁਤਾਬਕ, ਸਾਈਬਰ ਅਪਰਾਧੀ ਹੁਣ ਇਕ ਨਵੇਂ ਤਰੀਕੇ ਨਾਲ ਲੋਕਾਂ ਦੇ ਵਟਸਐਪ ਅਕਾਊਂਟ ਨੂੰ ਆਪਣੇ ਕਬਜ਼ੇ ਵਿਚ ਲੈ ਰਹੇ ਹਨ। ਇਸ ਨਵੇਂ ਸਾਈਬਰ ਅਪਰਾਧ ਨੂੰ ਘੋਸਟ ਪੇਅਰਿੰਗ ਘੁਟਾਲਾ ਕਿਹਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਠੱਗੀ ਵਿਚ ਨਾ ਤਾਂ ਓਟੀਪੀ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਪਾਸਵਰਡ ਦੀ। ਪੰਜਾਬ ਪੁਲਿਸ ਨੇ ਦੱਸਿਆ ਕਿ ਇਹ ਚਿਤਾਵਨੀ ਭਾਰਤ ਸਰਕਾਰ ਦੀ ਸਾਈਬਰ ਸੁਰੱਖਿਆ ਏਜੰਸੀ ਸਰਟ ਇਨ ਦੀ ਰਿਪੋਰਟ ਤੋਂ ਬਾਅਦ ਜਾਰੀ ਕੀਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਈਬਰ ਅਪਰਾਧੀ ਵਟਸਐਪ ਦੇ ਲਿੰਕਡ ਡਿਵਾਈਸ ਫੀਚਰ ਦਾ ਗ਼ਲਤ ਫ਼ਾਇਦਾ ਚੁੱਕ ਰਹੇ ਹਨ।



## ਕੀ ਹੈ ਘੋਸਟ ਪੇਅਰਿੰਗ ਘੁਟਾਲਾ?

ਪੰਜਾਬ ਪੁਲਿਸ ਦੇ ਮੁਤਾਬਕ, ਘੋਸਟ ਪੇਅਰਿੰਗ ਘੁਟਾਲੇ ਵਿਚ ਅਪਰਾਧੀ ਵਟਸਐਪ ਦੇ ਲਿੰਡ ਡਿਵਾਈਸ ਸਿਸਟਮ ਦੀ ਦੁਰਵਰਤੋਂ ਕਰਦੇ ਹਨ। ਆਮ ਰੂਪ ਨਾਲ ਇਸ ਸਹੂਲਤ ਦਾ ਇਸਤੇਮਾਲ ਮੋਬਾਈਲ ਦੇ ਵਟਸਐਪ ਅਕਾਊਂਟ ਨੂੰ ਕੰਪਿਊਟਰ ਜਾਂ ਲੈਪਟਾਪ ਨਾਲ ਜੋੜਨ ਲਈ ਕੀਤਾ ਜਾਂਦਾ ਹੈ ਪਰ ਹੈਕਰ ਇਸੇ ਪ੍ਰਕਿਰਿਆ ਜ਼ਰੀਏ ਅਕਾਊਂਟ ਕਬਜਾ ਲੈਂਦੇ ਹਨ। ਇਸ ਘੁਟਾਲੇ ਵਿਚ ਸਾਈਬਰ ਅਪਰਾਧੀ ਪਹਿਲਾਂ ਉਪਭੋਗਤਾਵਾਂ ਨੂੰ ਫਰਜ਼ੀ ਕਾਲ, ਸੰਦੇਸ਼ ਜਾਂ ਵੀਡੀਓ ਕਾਲ ਕਰਦੇ ਹਨ। ਇਸ ਤੋਂ ਬਾਅਦ ਨੌਕਰੀ, ਅਕਾਊਂਟ ਤਸਦੀਕੀਕਰਨ, ਇਨਾਮ ਜਾਂ ਵਟਸਐਪ ਸਹਾਇਤਾ ਦੇ ਨਾਂ 'ਤੇ ਇਕ ਕਿਊਆਰ ਕੋਡ ਭੇਜਿਆ ਜਾਂਦਾ ਹੈ।

ਜਿਵੇਂ ਹੀ ਉਪਭੋਗਤਾ ਉਸ ਕਿਊਆਰ ਕੋਡ ਨੂੰ ਸਕੈਨ ਕਰਦਾ ਹੈ, ਉਸਦਾ ਵਟਸਐਪ ਅਕਾਊਂਟ ਹੈਕਰ ਦੇ ਸਿਸਟਮ ਨਾਲ ਜੁੜ ਜਾਂਦਾ ਹੈ। ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਉਪਭੋਗਤਾ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਮਿਲਦੀ। ਹੈਕਰ ਚੁੱਪਚਾਪ ਪੂਰੇ ਅਕਾਊਂਟ ਨੂੰ ਕੰਟਰੋਲ ਕਰਨ ਲੱਗਦਾ ਹੈ ਅਤੇ ਚੈਟ, ਫੋਟੋ, ਵੀਡੀਓ, ਸੰਪਰਕ ਸੂਚੀ ਦੇ ਨਾਲ-ਨਾਲ ਨਿੱਜੀ ਜਾਣਕਾਰੀ ਦਾ ਵੀ ਗ਼ਲਤ ਇਸਤੇਮਾਲ ਕਰਦਾ ਹੈ

## ਪੰਜਾਬ ਪੁਲਿਸ ਦੀ ਅਪੀਲ

ਪੰਜਾਬ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਵਟਸਐਪ ਜਾਂ ਕੋਈ ਵੀ ਸਰਕਾਰੀ ਵਿਭਾਗ ਕਦੀ ਵੀ ਫੋਨ ਜਾਂ ਸੰਦੇਸ਼ ਜ਼ਰੀਏ ਕਿਊਆਰ ਕੋਡ ਸਕੈਨ ਕਰਨ ਲਈ ਨਹੀਂ ਕਹਿੰਦਾ। ਅਜਿਹੇ ਕਿਸੇ ਵੀ ਸੰਦੇਸ਼, ਕਾਲ ਜਾਂ ਲਿੰਕ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਥੋੜ੍ਹੀ ਜਿਹੀ ਲਾਪਰਵਾਹੀ ਵੀ ਭਾਰੀ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਇਸ ਲਈ ਚੌਕਸ ਰਹੋ, ਸੁਰੱਖਿਅਤ ਰਹੋ ਅਤੇ ਇਸ ਘੋਸਟ ਪੇਅਰਿੰਗ ਘੁਟਾਲੇ ਦੀ ਜਾਣਕਾਰੀ ਦੂਜਿਆਂ ਤੱਕ ਵੀ ਪਹੁੰਚਾਓ।

ਪੁਲਿਸ ਦਾ ਕਹਿਣਾ ਹੈ ਕਿ ਤੁਹਾਡੀ ਫੋਨ ਬੁੱਕ ਵਿਚ ਜਿਹੜੇ ਨੰਬਰ ਸੇਵ ਨਹੀਂ ਹਨ, ਜੇਕਰ ਉਨ੍ਹਾਂ ਤੋਂ ਬਿਨਾਂ ਕੋਈਕਾਲ ਜਾਂ ਮੈਸੇਜ਼ ਆਉਂਦਾ ਹੈ ਤਾਂ ਉਸ ਤੋਂ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ। ਬਹੁਤ ਜ਼ਰੂਰ ਹੋਣ 'ਤੇ ਹੀ ਅਜਿਹੇ ਨੰਬਰਾਂ ਦੀ ਕਾਲਾਂ ਰਿਸੀਵ ਕਰੋ ਜਾਂ ਫਿਰ ਮੈਸੇਜ਼ ਓਪਨ ਕਰੋ। ਜੇਕਰ ਮੈਸੇਜ਼ ਦੇ ਅੰਦਰ ਕੋਈ ਲਿੰਕ ਹੈ ਤਾਂ ਉਹ ਤਾਂ ਬਿਲਕੁਲ ਵੀ ਨਹੀਂ ਖੋਲ੍ਹਣਾ ਚਾਹੀਦਾ। ਇਸ ਵਾਸਤੇ ਆਪਣੇ ਪਰਿਵਾਰ ਨੂੰ ਵੀ ਜਾਗਰੂਕ ਕਰੋ।


ੴ ਸਤਿਗੁਰ ਪ੍ਰਸਾਦਿ ॥
ਨਵੇਂ ਸਾਲ ਦੇ ਸਮਾਗਮ ਦੀ ਸੇਵਾ
2026
GAKHAL GROUP
A&I
Commitment To Service
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ)
ਵਲੋਂ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਗੁਰਦੁਆਰਾ ਸਾਹਿਬ ਸੈਨਹੋਜ਼ੇ
'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ
1 ਜਨਵਰੀ 2026 ਦਿਨ ਵੀਰਵਾਰ ਨੂੰ ਛੋਲੇ ਪੂਰੀਆਂ ਦੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।
ਸਰਬੱਤ ਦੇ ਭਲੇ ਦੀ ਅਰਦਾਸ ਨਾਲ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਜਾਵੇਗੀ।
ਛੋਲੇ ਪੂਰੀਆਂ ਦਾ ਲੰਗਰ ਤਿਆਰ ਕਰਨ 'ਚ
ਰਾਜਾ ਸਵੀਟਸ (ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ) ਦਾ ਵਿਸ਼ੇਸ਼ ਸਹਿਯੋਗ ਹੋਵੇਗਾ।
Raja
SWEETS & CATERING
SIKH GURDWARA SAHIB, SAN JOSE
3636 Gurdwara Ave., San Jose, CA 95148
Arambh Sri Akhand Path Sahib
30 December 2025, Tuesday
Bhog Sri Akhand Path Sahib
1 January 2026, Thursday
Chhole Poorina Langar
1 January 2026, Thursday
You all are cordially Invited With families
From: Gakhal Family, USA

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਪੰਜਾਬ ਵਿਧਾਨ ਸਭਾ...

(ਪਹਿਲੇ ਸਫ਼ੇ ਦਾ ਬਾਕੀ)

ਬਦਲਾਅ ਦੀ ਗੱਲ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ ਕਿ ਕਿਸੇ ਸਕੀਮ ਦਾ ਨਾਮ ਧਰਮ ਦੇ ਨਾਮ ਤੇ ਰੱਖਿਆ ਗਿਆ ਹੋਵੇ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਰਕਾਰੀ ਮਤੇ 'ਤੇ ਬੋਲਦਿਆਂ ਕਿਹਾ ਕਿ ਸਦਨ 'ਚ ਇਕੱਲੇ ਮਤੇ ਪਾਸ ਕਰਨ ਨਾਲ ਗੱਲ ਨਹੀਂ ਬਣੇਗੀ, ਦਿੱਲੀ 'ਚ ਪ੍ਰਧਾਨ ਮੰਤਰੀ ਦੇ ਦਫ਼ਤਰ ਤੇ ਘਰ ਅੱਗੇ ਧਰਨਾ ਦੇਣਾ ਪਵੇਗਾ।

ਇਸ ਤੋਂ ਪਹਿਲਾਂ ਮਗਨਰੇਗਾ ਦੀ ਥਾਂ ਲਿਆਂਦੇ ਜੀ ਰਾਮ ਜੀ ਕਾਨੂੰਨ ਖ਼ਿਲਾਫ਼ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਮਗਨਰੇਗਾ ਕਾਮਿਆਂ ਦੀਆਂ ਦਰਖਾਸਤਾਂ ਲੈ ਕੇ ਪਹੁੰਚੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵੱਖ-ਵੱਖ ਵਿਧਾਇਕਾਂ ਨੇ ਕਿਹਾ ਕਿ ਜੀ ਰਾਮ ਜੀ ਕਾਨੂੰਨ ਲਿਆ ਕੇ ਮਜ਼ਦੂਰਾਂ ਅਤੇ ਪਛੜੇ ਵਰਗ ਦੇ ਲੋਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਨਾਂ ਦਾ ਰੁਜ਼ਗਾਰ ਖੋਹ ਰਹੀ ਹੈ। ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਦੇਵ ਮਾਨ ਅਤੇ ਕੁਲਜੀਤ ਰੰਧਾਵਾ ਦਰਖਾਸਤਾਂ ਦੀ ਪੰਡ ਸਮੇਤ ਵਿਧਾਨ ਸਭਾ ਦੇ ਬਾਹਰ ਪੁੱਜੇ ਸਨ। ਜ਼ਿਕਰਯੋਗ ਹੈ ਕਿ ਮਗਨਰੇਗਾ ਵਿੱਚ ਹੋਏ ਬਦਲਾਅ ਦੇ ਪ੍ਰਭਾਵਾਂ 'ਤੇ ਚਰਚਾ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਸੀ। ਇਸ ਸੈਸ਼ਨ ਦੌਰਾਨ ਸਰਕਾਰ ਨੇ ਸਦਨ ਵਿੱਚ ਇੱਕ ਸਰਕਾਰੀ ਮਤਾ ਪੇਸ਼ ਕੀਤਾ। ਜਿਸ ਵਿੱਚ ਕੇਂਦਰ ਸਰਕਾਰ ਕੋਲ ਇਹ ਮੁੱਦਾ ਉਠਾਉਣ ਦੀ ਸਿਫ਼ਾਰਸ ਕੀਤੀ ਗਈ ਕਿ ਮਨਰੇਗਾ

## ਮਗਨਰੇਗਾ ਸਕੀਮ 'ਚ ਬਦਲਾਅ ਮਜ਼ਦੂਰ ਪੱਖੀ- ਅਸ਼ਵਨੀ ਸ਼ਰਮਾ

ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਸਦਨ 'ਚ ਸਰਕਾਰੀ ਮਤੇ ਦਾ ਵਿਰੋਧ ਕਰਦਿਆਂ ਕਿਹਾ ਕਿ ਮਗਨਰੇਗਾ ਸਕੀਮ 'ਚ ਕੀਤੇ ਬਦਲਾਅ ਨੂੰ ਮਜ਼ਦੂਰ ਪੱਖੀ ਦੱਸਿਆ।




ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਹਾਲੇ ਤੱਕ ਇਸ 7000 ਪਿੰਡਾਂ ਚ ਸੋਸ਼ਲ ਆਡਿਟ ਨਹੀਂ ਕਰਾਇਆ। ਇਸ ਮੌਕੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਦੇ ਪੈਸੇ ਰੋਕ ਰੱਖੇ ਹਨ।

## ਵਿਧਾਇਕ ਗਿਆਸਪੁਰਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ 'ਤੇ ਇਤਰਾਜ਼

ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਸਦਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ 'ਤੇ ਇਤਰਾਜ਼ ਜਤਾਇਆ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਟਿੱਪਣੀ ਅਪਮਾਨਜਨਕ ਹੈ। ਚੇਤੇ ਰਹੇ ਕਿ ਗਿਆਸਪੁਰਾ ਨੇ ''ਮੋਦੀ ਦੀ ਧੌਣ 'ਤੇ ਗੋਡਾ ਰੱਖਾਂਗੇ'' ਸ਼ਬਦ ਦਾ ਇਸਤੇਮਾਲ ਕੀਤਾ ਗਿਆ ਸੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਸੂਬਿਆਂ ਦੇ ਹੱਕ ਖੋਹਣ ਦੇ ਰਾਹ ਪਈ ਹੈ ਅਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮਗਨਰੇਗਾ 'ਚ ਕੀਤੇ ਬਦਲਾਅ ਦੀ ਗੱਲ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ ਕਿ ਕਿਸੇ ਸਕੀਮ ਦਾ ਨਾਮ ਧਰਮ ਦੇ ਨਾਮ ਤੇ ਰੱਖਿਆ ਗਿਆ ਹੋਵੇ। ਚੀਮਾ ਨੇ ਕਿਹਾ ਕਿ ਭਾਜਪਾ ਸਰਕਾਰ ਦੇਸ਼ ਦੇ ਸੰਵਿਧਾਨ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ, ਖ਼ਾਸ ਕਰਕੇ ਦਲਿਤਾਂ ਲਈ ਚੁੱਕੇ ਕਦਮਾਂ ਦਾ ਜ਼ਿਕਰ ਵੀ ਕੀਤਾ। ਆਪਣੇ ਸੰਬੋਧਨ ਦੌਰਾਨ ਵਿੱਤ ਮੰਤਰੀ ਨੇ ਮਨਰੇਗਾ ਸਕੀਮ 'ਤੇ ਘੱਟ ਅਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਜ਼ਿਆਦਾ ਜ਼ੋਰ ਦਿੱਤਾ।

## ਸਦਨ ਵਿੱਚ ਵਿਧਾਇਕ ਸੁਖਵਿੰਦਰ ਸੁੱਖੀ ਦੇ ਬੋਲਣ 'ਤੇ ਹੰਗਾਮਾ



ਸਦਨ 'ਚ ਵਿਧਾਇਕ ਸੁਖਵਿੰਦਰ ਸੁੱਖੀ ਦੇ ਬੋਲਣ ਮੌਕੇ ਹੰਗਾਮਾ ਹੋਇਆ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਤਰਾਜ਼ ਕੀਤਾ ਕਿ ਪਹਿਲਾਂ ਇਹ ਦੱਸਿਆ ਜਾਵੇ ਕਿ ਸੁੱਖੀ ਕਿਸ ਪਾਰਟੀ ਵੱਲੋਂ ਬੋਲ ਰਹੇ ਹਨ। ਉਧਰ ਅਮਨ ਅਰੋੜਾ ਨੇ ਜਵਾਬੀ ਹਮਲੇ 'ਚ ਕਿਹਾ ਕਿ ਸੁੱਖੀ ਦਾ ਸਟੇਟਸ ਉਹੀ ਹੈ ਜੋ ਕਾਂਗਰਸ ਚ ਸੰਦੀਪ ਜਾਖੜ ਦਾ ਹੈ। ਚੇਤੇ ਰਹੇ ਕਿ ਸੁੱਖੀ ਅਕਾਲੀ ਦਲ ਦੇ ਵਿਧਾਇਕ ਹਨ ਤੇ ਹੁਣ 'ਆਪ' ਚ ਸ਼ਾਮਲ ਹਨ। ਇਸ ਰੌਲੇ ਰੱਪੇ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਨੂੰ ਸਦਨ 'ਚ ਇੱਕ ਦਲਿਤ ਵਿਧਾਇਕ ਦੇ ਬੋਲਣ ਤੇ ਇਤਰਾਜ਼ ਹੈ।

## ਪ੍ਰਧਾਨ ਮੰਤਰੀ ਦੇ ਘਰ ਅਤੇ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇ: ਪਰਗਟ ਸਿੰਘ

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਰਕਾਰੀ ਮਤੇ 'ਤੇ ਬੋਲਦਿਆਂ ਕਿਹਾ ਕਿ ਸਦਨ 'ਚ ਇਕੱਲੇ ਮਤੇ ਪਾਸ ਕਰਨ ਨਾਲ ਗੱਲ ਨਹੀਂ ਬਣੇਗੀ, ਦਿੱਲੀ 'ਚ ਪ੍ਰਧਾਨ ਮੰਤਰੀ ਦੇ ਦਫ਼ਤਰ ਤੇ ਘਰ ਅੱਗੇ ਧਰਨਾ ਦੇਣਾ ਪਵੇਗਾ। ਉਨਾਂ ਕਿਹਾ ਕਿ ਆਪ ਸਰਕਾਰ ਅਗਵਾਈ ਕਰੇ ਤੇ ਕਾਂਗਰਸ ਦੇ ਸਾਰੇ ਵਿਧਾਇਕ ਸਾਥ ਦੇਣਗੇ। ਉਨਾਂ ਕਿਹਾ ਕਿ ਅਸਲ 'ਚ ਕੇਂਦਰ ਸਰਕਾਰ ਇਸ ਬਦਲਾਅ ਦੇ ਰਾਹੀਂ ਸਕੀਮ ਨੂੰ ਖ਼ਤਮ ਕਰਨ ਜਾ ਰਹੀ ਹੈ।



## ਸ਼ਿਵਰਾਜ ਚੌਹਾਨ ਵੱਲੋਂ ਪੰਜਾਬ ਵਿਧਾਨ ਸਭਾ ਦੀ ਨਿਖੇਧੀ

ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਪੰਜਾਬ ਵਿਧਾਨ ਸਭਾ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਜਿਹਾ ਕਦਮ ਭਾਰਤ ਦੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ 'ਤੇ ਲੋਕ ਸਭਾ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ ਅਤੇ ਸਰਕਾਰ ਨੇ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਬਹਿਸ ਲਈ ਕਾਫ਼ੀ ਸਮਾਂ ਦਿੱਤਾ ਸੀ। ਉਨ੍ਹਾਂ ਅੱਗੇ ਕਿਹਾ, ''ਸੰਸਦ ਵਿੱਚ ਇੱਕ ਕਾਨੂੰਨ ਬਣਾਇਆ ਗਿਆ ਹੈ ਅਤੇ ਵਿਧਾਨ ਸਭਾ ਵਿੱਚ ਇਸ ਦੇ ਵਿਰੁੱਧ ਮਤਾ ਪਾਸ ਕਰਨਾ ਸਾਡੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ''।



## ਮੁੱਖ ਮੰਤਰੀਮਾਨ ਦਾ ਭਾਸ਼ਣ ਸ਼ੁਰੂ ਹੁੰਦੇ ਹੀ ਹੰਗਾਮਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸ਼ੈਸ਼ਨ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਦਾ ਭਾਸ਼ਣ ਸ਼ੁਰੂ ਹੋਣ ਮੌਕੇ ਸਦਨ 'ਚ ਹੰਗਾਮਾ ਹੋਇਆ। ਸੁਖਪਾਲ ਖਹਿਰਾ ਨੇ ਸਮਾਂ ਨਾ ਦਿੱਤੇ ਜਾਣ 'ਤੇ ਵਿਰੋਧ ਕੀਤਾ। ਹੰਗਾਮੇ ਕਾਰਨ ਸਦਨ ਦੀ ਕਾਰਵਾਈ 'ਚ ਕਰੀਬ 20 ਮਿੰਟ ਵਿਘਨ ਪਿਆ ਰਿਹਾ। ਸਪੀਕਰ ਦੇ ਹੁਕਮਾਂ ਤੇ ਖਹਿਰਾ ਨੂੰ ਸਦਨ ਚੋ ਬਾਹਰ ਕੱਢ ਦਿੱਤਾ ਗਿਆ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਦਨ 'ਚ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਪੰਜਾਬ 'ਚ ਪਿਛਲੀਆਂ ਸਰਕਾਰਾਂ ਸਮੇ ਮਗਨਰੇਗਾ ਸਕੀਮ 'ਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਕਰਾਈ ਜਾਵੇ। ਅਰੋੜਾ ਨੇ ਕਿਹਾ ਕਿ ਗਿੱਦੜਬਾਹਾ, ਮੁਕਤਸਰ ਤੇ ਅਬੋਹਰ ਦੇ ਇਲਾਕੇ 'ਚ ਵੱਡੇ ਘਪਲੇ ਹੋਏ ਹਨ ਜਿੰਨਾ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਗੁਜਰਾਤ, ਮੱਧ ਪ੍ਰਦੇਸ਼ ਤੇ ਬਿਹਾਰ 'ਚ ਹੋਏ ਘਪਲਿਆਂ ਦਾ ਜ਼ਿਕਰ ਕੀਤਾ।



## ਪੰਜਾਬ ਦੇ ਮੁੱਦਿਆਂ 'ਤੇ ਬੋਲਣ...

(ਪਹਿਲੇ ਸਫ਼ੇ ਦਾ ਬਾਕੀ)

ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਵੀ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਸੀ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਉੱਤੇ ਡਾਕਾ ਮਾਰਿਆ ਜਾ ਰਿਹਾ ਹੈ ਪਰ ਸੂਬਾ ਸਰਕਾਰ ਉਸ ਬਾਰੇ ਕੁਝ ਵੀ ਬੋਲਣ ਲਈ ਤਿਆਰ ਨਹੀਂ ਹੈ।

ਪੰਜਾਬ ਸਰਕਾਰ ਵੱਲੋਂ ਨਿਯਮਤ ਸੈਸ਼ਨ ਬੁਲਾਉਣ ਦੀ ਜਗ੍ਹਾ ਇੱਕ ਇੱਕ ਦਿਨ ਦੇ ਵਿਸ਼ੇਸ਼ ਸੈਸ਼ਨ ਬੁਲਾਏ ਜਾ ਰਹੇ ਹਨ ਜਿਨ੍ਹਾਂ ਰਾਹੀਂ ਕੋਈ ਠੋਸ ਨਤੀਜਾ ਨਹੀਂ ਨਿਕਲਦਾ।

ਪੰਜਾਬ ਸਰਕਾਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਇਸ ਤੋਂ ਪਹਿਲਾਂ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਲਏ ਗਏ ਮਤਿਆਂ ਦਾ ਹੁਣ ਤੱਕ ਕੀ ਬਣਿਆ।

## 5 ਸਾਲਾਂ 'ਚ ਅਮਰੀਕਾ...

(ਪਹਿਲੇ ਸਫ਼ੇ ਦਾ ਬਾਕੀ)

ਵਿਚੋਂ ਖਾੜੀ ਸਹਿਯੋਗ ਪ੍ਰੀਸ਼ਦ (ਜੀ.ਸੀ.ਸੀ.) ਦੇ ਦੇਸ਼ਾਂ ਨੇ ਵੱਡਾ ਹਿੱਸਾ ਪਾਇਆ ਹੈ। ਜੀ.ਸੀ.ਸੀ. ਦੇਸ਼ਾਂ 'ਚੋਂ ਸਾਊਦੀ ਅਰਬ ਤੋਂ ਇਲਾਵਾ ਯੂ.ਏ.ਈ. ਤੋਂ 1,469, ਬਹਿਰੀਨ ਤੋਂ 764 ਅਤੇ ਓਮਾਨ ਤੋਂ 16 ਵਿਅਕਤੀ ਵਾਪਸ ਭੇਜੇ ਗਏ ਹਨ। ਵਰਣਨਯੋਗ ਹੈ ਕਿ ਯੂ. ਏ. ਈ. ਵਿਚੋਂ ਇਨ੍ਹਾਂ 5 ਸਾਲਾਂ ਵਿਚ ਕੁੱਲ 3979 ਵਿਅਕਤੀ ਵਾਪਸ ਭੇਜੇ ਗਏ ਹਨ। ਇਸ ਤੋਂ ਇਲਾਵਾ 2025 'ਚ ਮਿਆਂਮਾਰ ਤੋਂ 1,591, ਮਲੇਸ਼ੀਆ ਤੋਂ 1,485, ਬਹਿਰੀਨ ਤੋਂ 764 ਵਿਅਕਤੀ ਵੀ ਵਾਪਸ ਭੇਜੇ ਗਏ ਹਨ।

ਇਸ ਸਥਿਤੀ ਤੋਂ ਬਚਣ ਲਈ ਭਾਰਤ ਅਤੇ ਰਾਜ ਸਰਕਾਰਾਂ ਜਿਨ੍ਹਾਂ ਵਿਚ ਪੰਜਾਬ ਵੀ ਸ਼ਾਮਿਲ ਹੈ, ਨੇ ਫ਼ਰਜ਼ੀ ਏਜੰਟਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਹੈ ਅਤੇ ਵਿਦੇਸ਼ਾਂ ਵਿਚ ਭਾਰਤੀਆਂ ਦੀ ਸੁਰੱਖਿਆ ਲਈ ਭਾਰਤੀ ਅੰਬੈਸੀਆਂ ਵੀ ਕਾਫੀ ਮਿਹਨਤ ਕਰ ਰਹੀਆਂ ਹਨ। ਬਾਹਰ ਜਾਣ ਵਾਲੇ ਕਾਮਿਆਂ ਨੂੰ ਇਹ ਹਦਾਇਤ ਦਿੱਤੀ ਜਾ ਰਹੀ ਹੈ ਕਿ ਵਿਦੇਸ਼ ਜਾਣ ਵਾਲੇ ਵਰਕਰ ਸਥਾਨਕ ਦੇਸ਼ਾਂ (ਜਿਸ ਦੇਸ਼ ਵਿਚ ਉਹ ਜਾ ਰਹੇ ਹਨ) ਦੇ ਕਾਨੂੰਨਾਂ ਦੀ ਪੂਰੀ ਜਾਣਕਾਰੀ ਅਤੇ ਜਾਇਜ਼ ਵੀਜ਼ਾ ਵੀ ਜ਼ਰੂਰ ਰੱਖਣ।

## ਅਮਰੀਕਾ ਤੋਂ ਉਤਰ ਪੱਛਮੀ ਭਾਰਤ ਅਤੇ ਅਰਬ ਦੇਸ਼ਾਂ ਤੋਂ ਦੱਖਣੀ ਭਾਰਤ ਦੇ ਲੋਕ ਜ਼ਿਆਦਾ ਵਾਪਸ ਭੇਜੇ

ਗੌਰਤਲਬ ਹੈ ਕਿ ਅਮਰੀਕਾ ਤੋਂ ਵਾਪਸ ਭੇਜੇ ਗਏ ਲੋਕਾਂ ਵਿਚ ਜ਼ਿਆਦਾਤਰ ਉੱਤਰੀ ਅਤੇ ਪੱਛਮੀ ਭਾਰਤ ਦੇ ਲੋਕ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ ਪੰਜਾਬ, ਹਰਿਆਣਾ, ਗੁਜਰਾਤ ਅਤੇ ਮਹਾਰਾਸ਼ਟਰ ਦੇ ਲੋਕਾਂ ਦੀ ਹੈ, ਇਹ ਗਿਣਤੀ ਅਮਰੀਕਾ ਤੋਂ ਵਾਪਸ ਭੇਜੇ ਕੁੱਲ ਭਾਰਤੀਆਂ ਦਾ 90 ਫ਼ੀਸਦੀ ਦੇ ਕਰੀਬ ਬਣਦੀ ਹੈ, ਜਦੋਂ ਕਿ ਖਾੜੀ ਦੇਸ਼ਾਂ ਤੋਂ ਵਾਪਸ ਭੇਜੇ ਗਏ ਜ਼ਿਆਦਾਤਰ ਲੋਕ ਆਂਧਰਾ ਪ੍ਰਦੇਸ਼, ਤੇਲੰਗਾਨਾ, ਕੇਰਲ, ਤਾਮਿਲਨਾਡੂ ਦੇ ਹਨ, ਪਰ ਇਨ੍ਹਾਂ ਵਿਚ ਕਾਫੀ ਵੱਡੀ ਗਿਣਤੀ ਉੱਤਰੀ ਭਾਰਤੀ ਰਾਜਾਂ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਵਿਅਕਤੀਆਂ ਦੀ ਵੀ ਹੈ।

## ਭਾਰਤੀਆਂ ਨੂੰ ਵਾਪਸ ਭੇਜਣ ਦੇ ਮੁੱਖ ਕਾਰਨ

ਭਾਰਤੀਆਂ ਨੂੰ ਵਾਪਸ ਭੇਜਣ ਦੇ ਮੁੱਖ ਕਾਰਨਾਂ ਵਿਚ ਵੀਜ਼ਾ ਓਵਰਸਟੇਅ (ਵੀਜ਼ੇ ਦੀ ਮਿਆਦ ਖ਼ਤਮ ਹੋਣ ਦੇ ਬਾਅਦ ਰੁਕਣਾ), ਬਿਨਾਂ ਜਾਇਜ਼ ਵਰਕ ਪਰਮਿਟ ਦੇ ਕੰਮ ਕਰਨਾ, ਦੇਸ਼ ਦੇ ਕਾਨੂੰਨਾਂ ਨੂੰ ਤੋੜਨਾ ਅਤੇ ਕਿਸੇ ਜੁਰਮ ਵਿਚ ਸ਼ਾਮਿਲ ਹੋਣਾ, ਮਜ਼ਦੂਰੀ ਦੇ ਕਾਨੂੰਨਾਂ ਅਤੇ ਕੰਮ ਕਰਨ ਦੇ ਘੰਟਿਆਂ ਦੀ ਹੱਦ ਦੀ ਉਲੰਘਣਾ, ਨੌਕਰੀ ਦੇਣ ਵਾਲੇ ਨੂੰ ਛੱਡ ਦੇਣਾ, ਫ਼ਰਜ਼ੀ ਏਜੰਟਾਂ ਵਲੋਂ ਧੋਖੇ ਨਾਲ ਭੇਜੇ ਲੋਕ, ਖਾੜੀ ਦੇਸ਼ਾਂ ਵਿਚ ਮਜ਼ਦੂਰਾਂ ਨਾਲ ਜੁੜੇ ਮਾਮਲੇ ਅਤੇ ਅਮਰੀਕਾ ਵਿਚ ਅਮਰੀਕੀ ਇੰਮੀਗ੍ਰੇਸ਼ਨ ਨੀਤੀਆਂ ਤੋਂ ਇਲਾਵਾ ਗੈਰ-ਕਾਨੂੰਨੀ ਤਰੀਕਿਆਂ ਜਿਵੇਂ ਚੌਂਕੀ ਆਦਿ ਨਾਲ ਦਾਖ਼ਲ ਹੋਣਾ ਸ਼ਾਮਿਲ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਆਨੰਦ ਕਾਰਜ ਸਿਰਫ਼ ਗੁਰਦੁਆਰਾ ਸਾਹਿਬ ਵਿੱਚ ਹੀ ਹੋਵੇ: ਸਿੰਘ ਸਾਹਿਬਾਨ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਚ ਪੰਜ ਸਿੰਘ ਸਾਹਿਬਾਨ ਦੀ ਬੈਠਕ 'ਚ ਚਰਚਾ ਮਗਰੋਂ ਹੁਕਮ ਦਿੱਤਾ ਗਿਆ ਹੈ ਕਿ ਡੈਸੀਟਨੇਸ਼ਨ ਮੈਰਿਜ, ਮੈਰਿਜ ਪੈਲੇਸ ਜਾਂ ਕਿਸੇ ਰਿਸੋਰਟ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਅਨੰਦ ਕਾਰਜ ਨਹੀਂ ਕੀਤਾ ਜਾ ਸਕੇਗਾ। ਅਨੰਦ ਕਾਰਜ ਸਿਰਫ਼ ਗੁਰਦੁਆਰੇ 'ਚ ਹੋਵੇਗਾ। ਇਸ ਨਿਯਮ ਦੀ ਉਲੰਘਣਾ ਕਰਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਸਰੂਪ ਦੇਣ ਵਾਲੇ, ਅਨੰਦ ਕਾਰਜ ਕਰਨ ਵਾਲੇ ਪਾਠੀ ਤੇ ਰਾਗੀ ਸਮੇਤ ਵਿਆਹ ਪ੍ਰਬੰਧਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਬੈਠਕ 'ਚ ਕਈ ਹੋਰ ਅਹਿਮ ਫ਼ੈਸਲੇ ਵੀ ਲਏ ਗਏ। ਬੈਠਕ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਗਿਆਨੀ ਕੇਵਲ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਸ਼ਾਮਲ ਸਨ।

ਬੈਠਕ 'ਚ ਲਏ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਸੰਗਤ ਵੱਲੋਂ ਪ੍ਰੁੱਜੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਬੈਠਕ 'ਚ ਮੈਰਿਜ ਪੈਲੇਸਾਂ/ ਰਿਜ਼ੋਰਟਾਂ/ਸਮੁੰਦਰਾਂ ਦੇ ਕੰਢੇ ਬੀਚਾਂ/ਵਪਾਰਕ ਫਾਰਮ ਹਾਊਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਅਨੰਦ ਕਾਰਜ (ਵਿਆਹ) ਕਰਨ ਸਬੰਧੀ ਮਾਮਲਾ ਵਿਚਾਰਿਆ ਗਿਆ। ਅਜਿਹੇ ਮਾਮਲਿਆਂ ਸਬੰਧੀ 16 ਮਾਰਚ 1998 ਤੇ 16 ਅਕਤੂਬਰ 2023 ਨੂੰ ਜਾਰੀ ਨਿਰਦੇਸ਼ਾਂ ਦੀ ਰੌਸ਼ਨੀ 'ਚ ਮੁੜ ਆਦੇਸ਼ ਕੀਤਾ ਜਾਂਦਾ ਹੈ ਕਿ ਮੈਰਿਜ ਪੈਲੇਸਾਂ/ ਰਿਜ਼ੋਰਟਾਂ/ਸਮੁੰਦਰਾਂ ਦੇ ਕੰਢੇ ਬੀਚਾਂ/ਵਪਾਰਕ ਫਾਰਮ ਹਾਊਸਾਂ ਯਾਨੀ ਡੈਸਟੀਨੇਸ਼ਨ ਮੈਰਿਜ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਅਨੰਦ ਕਾਰਜ ਕਰਨ 'ਤੇ ਪੂਰਨ ਰੂਪ 'ਚ ਪਾਬੰਦੀ ਹੈ। ਬੇਅਦਬੀ ਦੀਆਂ ਘਟਨਾਵਾਂ ਅਤੇ ਮਰਿਆਦਾ ਕਾਰਨ ਇਨ੍ਹਾਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨਹੀਂ ਲਿਜਾਏ ਜਾ ਸਕਦੇ। ਅਨੰਦ ਕਾਰਜ ਸਿਰਫ਼ ਗੁਰਦੁਆਰੇ 'ਚ ਹੀ ਹੋਵੇਗਾ। ਨਿਯਮਾਂ ਦੀ ਉਲੰਘਣਾ ਕਰਨ 'ਤੇ ਕਾਰਵਾਈ ਹੋਵੇਗੀ।



### ਗ੍ਰੰਥੀ, ਪਾਠੀ ਤੇ ਰਾਗੀ ਖ਼ਿਲਾਫ਼ ਵੀ ਹੋਵੇਗੀ ਕਾਰਵਾਈ

ਨਿਰਦੇਸ਼ 'ਚ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ, ਪ੍ਰਬੰਧਕਾਂ ਤੇ ਸੇਵਾਦਾਰਾਂ ਤੇ ਸਮੂਹ ਰਾਗੀ ਜਥਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਆਦੇਸ਼ਾਂ ਦਾ ਪੂਰਨ ਸਮਰਪਣ ਭਾਵ ਨਾਲ ਪਾਲਣ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਦੇਣ ਵਾਲੇ ਜ਼ਿੰਮੇਵਾਰ ਵਿਅਕਤੀਆਂ ਤੇ ਅਜਿਹੇ ਸਥਾਨਾਂ 'ਤੇ ਅਨੰਦ ਕਾਰਜ ਕਰਨ ਵਾਲੇ ਰਾਗੀ ਜਥਿਆਂ, ਮੈਰਿਜ ਪੈਲੇਸਾਂ/ਰਿਸੋਰਟਾਂ/ ਬੀਚਾਂ/ਵਪਾਰਕ ਫਾਰਮ ਹਾਊਸਾਂ ਦੇ ਮਾਲਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਐੱਸਜੀਪੀਸੀ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਨਹੀਂ ਬਣਾ ਸਕੇਗਾ ਸਿੱਖ ਇਤਿਹਾਸ ਤੇ ਸ਼ਖ਼ਸੀਅਤਾਂ ਨਾਲ ਸਬੰਧਤ ਫ਼ਿਲਮ

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਬੈਠਕ 'ਚ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਪੁਰਾਤਨ ਸਿੱਖ ਯੋਧਿਆਂ/ ਸ਼ਹੀਦਾਂ ਤੇ ਸਿੱਖ ਇਤਿਹਾਸ ਦੇ ਵਿਭਿੰਨ ਪਹਿਲੂਆਂ 'ਤੇ ਬਣਦੀਆਂ ਫ਼ਿਲਮਾਂ/ ਐਨੀਮੇਸ਼ਨ ਫ਼ਿਲਮਾਂ ਤੇ ਏਆਈ ਵੀਡੀਓ ਆਦਿ 'ਤੇ ਵੀ ਚਰਚਾ ਕੀਤੀ ਗਈ।ਤਕਨਾਲੋਜੀ ਦੇ ਸਮੇਂ 'ਚ ਸਿੱਖ ਪਛਾਣ, ਰਵਾਇਤਾਂ, ਸਿਧਾਂਤ ਤੇ ਫ਼ਲਸਫ਼ੇ ਨੂੰ ਵੱਡੀਆਂ ਚੁਣੌਤੀਆਂ ਹਨ। ਇਸ ਸਬੰਧੀ ਠੋਸ ਨੀਤੀ ਦੀ ਲੋੜ ਹੈ। ਇਸ ਲਈ ਫ਼ੈਸਲਾ ਕੀਤਾ ਗਿਆ ਹੈ ਕਿ ਸਿੱਖ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਸਿੱਖ ਯੋਧਿਆਂ/ਸ਼ਹੀਦਾਂ, ਆਦਿ ਮਹਾਂਪੁਰਖਾਂ ਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਕਰ ਕੇ ਫ਼ਿਲਮਾਂ/ਐਨੀਮੇਸ਼ਨ ਫ਼ਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ। ਸ਼੍ਰੋਮਣੀ ਕਮੇਟੀ ਭਾਰਤ ਦੇ ਵੱਡੇ ਫ਼ਿਲਮ ਨਿਰਮਾਤਾ ਘਰਾਣਿਆਂ ਨੂੰ ਇਸ ਆਦੇਸ਼ ਦੀ ਕਾਪੀ ਭੇਜੇ ਤੇ ਨਾਲ ਹੀ ਇਹ ਵੀ ਸਪੱਸ਼ਟ ਕਰੇ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਸਿੱਖ ਇਤਿਹਾਸ ਨਾਲ ਸਬੰਧਤ ਕੋਈ ਵੀ ਫ਼ਿਲਮ ਨਹੀਂ ਬਣਾ ਸਕਦੇ।

### ਦਿੱਲੀ ਕਮੇਟੀ ਤੇ ਦੀਵਾਨ ਦੇ ਪ੍ਰਧਾਨ ਤਲਬ

ਬੈਠਕ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਕਰ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੰਬਰ 2025 'ਚ ਜਰਨਲ ਇਜਲਾਸ ਕਰਨ ਦੇ ਮਾਮਲੇ ਤੇ ਚੀਫ ਖਾਲਸਾ ਦੀਵਾਨ (ਸੀਕੇਡੀ) ਦੇ ਗ਼ੈਰ ਅੰਮ੍ਰਿਤਧਾਰੀ ਮੈਂਬਰਾਂ ਦਾ ਮਾਮਲਾ ਵੀ ਵਿਚਾਰਿਆ ਗਿਆ ਹੈ। ਜਥੇਦਾਰ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਤੇ ਆਨਰੇਰੀ ਸਕੱਤਰ ਰਮਣੀਕ ਸਿੰਘ ਨੂੰ ਪੰਜ ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਜਾ ਕੇ ਸਪਸ਼ਟੀਕਰਨ ਦੇਣ ਲਈ ਸੱਦਿਆ ਗਿਆ ਹੈ। ਚੀਫ਼ ਖ਼ਾਲਸਾ ਦੀਵਾਨ ਨੂੰ ਸੂਚੀ ਲੈ ਕੇ ਆਉਣ ਦੇ ਨਿਰਦੇਸ਼ ਦਿੱਤੇ ਗਏ ਹਨ ਉਨ੍ਹਾਂ ਦੇ ਕਿਨ੍ਹਾਂ ਮੈਂਬਰਾਂ ਨੇ ਅੰਮ੍ਰਿਤਪਾਨ ਕੀਤਾ ਹੈ। ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਕੀਤੀ ਜਾਵੇਗੀ। ਜਥੇਦਾਰ ਨੇ ਕਿਹਾ ਕਿ ਇਹ ਉਨ੍ਹਾਂ ਨੂੰ ਆਖ਼ਰੀ ਮੌਕਾ ਹੈ, ਜੇਕਰ ਇਹ ਸਪੱਸ਼ਟ ਜਵਾਬ ਨਾ ਦੇ ਸਕੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਫਰਾਂਸ 'ਚ ਮਿਲੀ ਬੋਧੀ ਸਤੂਪਾਂ ਵਾਲੀ ਤਸਵੀਰ ਤੋਂ ਕਸ਼ਮੀਰ ਦਾ ਮਾਣਮੱਤਾ ਅਤੀਤ ਉਜਾਗਰ ਹੋਇਆ

ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਫਰਾਂਸ 'ਚ ਮਿਲੀ ਬਾਰਾਮੂਲਾ ਦੇ ਤਿੰਨ ਬੋਧੀ ਸਤੂਪਾਂ ਦੀ ਇਕ ਪੁਰਾਣੀ ਤਸਵੀਰ ਨੇ ਕਸ਼ਮੀਰ ਦੇ ਲਗਭਗ ਦੋ ਹਜ਼ਾਰ ਸਾਲ ਪੁਰਾਣੇ ਸ਼ਾਨਦਾਰ ਅਤੀਤ ਨੂੰ ਮਗਰ ਕੀਤਾ ਹੈ। ਮੋਦੀ ਨੇ ਕਿਹਾ ਕਿ ਜੰਮੂ ਅਤੇ ਕਸ਼ਮੀਰ 'ਚ ਵੱਡੇ ਮਨੁੱਖੀ ਬਣਾਏ ਗਏ ਢਾਂਚੇ ਲੱਭੇ ਗਏ ਹਨ, ਇਕ ਅਜਿਹਾ ਵਿਕਾਸ ਜੋ ਇਸ ਦੀ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਬਾਰੇ ਤੁਹਾਨੂੰ ਮਾਣ ਨਾਲ ਭਰ ਦੇਵੇਗਾ। ਉਨ੍ਹਾਂ ਕਿਹਾ ਕਿ ਸਾਲਾਂ ਤੋਂ ਲੋਕ ਬਾਰਾਮੂਲਾ ਦੇ ਜ਼ੇਹਾਨਪੋਰਾ 'ਚ ਕੁਝ ਉਚੇ ਟਿੱਲੇ ਦੇਖ ਰਹੇ ਸਨ। ਇਹ ਆਮ ਟਿੱਲੇ ਸਨ ਅਤੇ ਕਿਸੇ ਨੂੰ ਨਹੀਂ ਪਤਾ ਸੀ ਕਿ ਉਹ ਕੀ ਸਨ ਅਤੇ ਇਕ ਦਿਨ ਇਕ ਪੁਰਾਤੱਤਵ- ਵਿਗਿਆਨੀ ਨੇ ਉਨ੍ਹਾਂ ਨੂੰ ਦੇਖਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੁਰਾਤੱਤਵ-ਵਿਗਿਆਨੀ ਨੇ ਖੇਤਰ ਦਾ ਧਿਆਨ ਨਾਲ ਨਿਰੀਖਣ ਕਰਨਾ ਸ਼ੁਰੂ ਕਰ. ਦਿੱਤਾ ਅਤੇ ਇਹ ਟਿੱਲੇ ਕੁਝ ਅਸਾਧਾਰਨ ਦਿਖਾਈ ਦਿੱਤੇ। ਇਸ ਤੋਂ ਬਾਅਦ ਇਨ੍ਹਾਂ ਟਿੱਲਿਆਂ ਦਾ ਵਿਗਿਆਨਕ ਅਧਿਐਨ ਸ਼ੁਰੂ ਹੋਇਆ ਅਤੇ ਉਪਰੋਂ ਤਸਵੀਰਾਂ ਲੈਣ ਲਈ ਡਰੋਨ ਦੀ ਵਰਤੋਂ ਕੀਤੀ ਗਈ ਅਤੇ ਜ਼ਮੀਨ ਦਾ ਨਕਸ਼ਾ ਤਿਆਰ ਕੀਤਾ ਗਿਆ ਤੇ ਫਿਰ ਕੁਝ ਹੈਰਾਨੀਜਨਕ ਚੀਜ਼ਾਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਇਹ ਪਤਾ ਲੱਗਾ। ਕਿ ਇਹ ਟਿੱਲੇ ਕੁਦਰਤੀ ਨਹੀਂ ਸਨ। ਇਹ ਇਕ ਵੱਡੇ ਮਨੁੱਖੀ ਬਣਾਏ ਢਾਂਚੇ ਦੇ ਅਵਸ਼ੇਸ਼ ਸਨ। ਮੋਦੀਨੇ ਕਿਹਾ ਕਿ ਇਕ ਹੋਰ ਦਿਲਚਸਪ ਸੰਬੰਧ ਉਭਰਿਆ। ਕਸ਼ਮੀਰ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਫਰਾਂਸ ਦੇ ਇਕ ਅਜਾਇਬ ਘਰ ਦੇ ਪੁਰਾਲੇਖਾਂ 'ਚ ਇਕ ਪੁਰਾਣੀ ਤੇ ਧੁੰਦਲੀ ਤਸਵੀਰ ਮਿਲੀ।



ਬਾਰਾਮੂਲਾ ਦੀ ਉਸ ਤਸਵੀਰ 'ਚ ਤਿੰਨ ਬੋਧੀ ਸਤੂਪ ਦਿਖਾਈ ਦੇ ਰਹੇ ਸਨ। ਇਥੋਂ ਸਮੇਂ ਨੇ ਇਕ ਮੋੜ - ਲਿਆ ਅਤੇ ਕਸ਼ਮੀਰ ਦਾ ਸ਼ਾਨਦਾਰ ਅਤੀਤ ਸਾਡੇ ਸਾਹਮਣੇ ਪ੍ਰਗਟ ਹੋ ਗਿਆ। ਇਹ ਇਤਿਹਾਸ ਲਗਭਗ ਦੋ ਹਜ਼ਾਰ ਸਾਲ ਪੁਰਾਣਾ ਹੈ। ਮੋਦੀ ਨੇ ਕਿਹਾ ਕਿ ਜ਼ੇਹਾਨਪੋਰਾਂ 'ਚ ਬੋਧੀ ਕੰਪਲੈਕਸ ਸਾਨੂੰ ਕਸ਼ਮੀਰ ਦੇ ਅਤੀਤ ਅਤੇ ਇਸ ਦੀ ਅਮੀਰ ਪਛਾਣ ਦੀ ਯਾਦ ਦਿਵਾਉਂਦਾ ਹੈ

# ਹਰ ਭਾਰਤੀ ਲਈ ਮਾਣ ਦਾ ਪ੍ਰਤੀਕ ਬਣਿਆ 'ਆਪ੍ਰੇਸ਼ਨ ਸੰਧੂਰ': ਮੋਦੀ

## ਕਿਹਾ, ਭਾਰਤ ਲਈ ਮਾਣਮੱਤੀਆਂ ਪ੍ਰਾਪਤੀਆਂ ਵਾਲਾ ਸਾਲ ਰਿਹਾ 2025

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2025 ਭਾਰਤ ਲਈ ਮਾਣਮੱਤੀਆਂ ਉਪਲਬਧੀਆਂ ਵਾਲਾ ਸਾਲ ਹੈ। ਉਨ੍ਹਾਂ 'ਆਪ੍ਰੇਸ਼ਨ ਸੰਧੂਰ' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਹਰ ਭਾਰਤੀ ਲਈ ਮਾਣ ਦਾ ਪ੍ਰਤੀਕ ਬਣ ਗਿਆ ਹੈ ਤੇ ਇਸ ਨੇ ਦੁਨੀਆ ਨੂੰ ਦਿਖਾਇਆ ਕਿ ਦੇਸ਼ ਆਪਣੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਦਾ। ਆਪਣੇ ਮਾਸਿਕ 'ਮਨ ਕੀ ਬਾਤ' ਸੰਬੋਧਨ, ਜੋ ਕਿ 2025 ਦਾ ਆਖਰੀ ਸੀ, ਮੋਦੀ ਨੇ ਕਿਹਾ ਕਿ ਭਾਵੇਂ ਉਹ ਰਾਸ਼ਟਰੀ ਸੁਰੱਖਿਆ ਹੋਵੇ, ਖੇਡਾਂ ਹੋਣ, ਵਿਗਿਆਨਕ ਨਵੀਨਤਾ ਹੋਵੇ ਜਾਂ ਦੁਨੀਆ ਦੇ ਸਭ ਤੋਂ ਵੱਡੇ ਪਲੇਟਫਾਰਮ ਹੋਣ, ਭਾਰਤ ਦਾ ਪ੍ਰਭਾਵ ਹਰ ਜਗ੍ਹਾ ਦਿਖਾਈ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਭਾਰਤ ਵੱਲ ਬਹੁਤ ਉਮੀਦਾਂ ਨਾਲ ਦੇਖਦੀ ਹੈ ਅਤੇ ਇਸ ਉਮੀਦ ਦਾ ਸਭ ਤੋਂ ਵੱਡਾ ਕਾਰਨ ਦੇਸ਼ ਦੀ ਨੌਜਵਾਨ ਸ਼ਕਤੀ ਹੈ। ਮੋਦੀ ਨੇ ਕਿਹਾ ਕਿ ਭਾਰਤ ਦੇ ਨੌਜਵਾਨਾਂ 'ਚ ਹਮੇਸ਼ਾ ਕੁਝ ਨਵਾਂ ਕਰਨ ਦਾ ਜਨੂੰਨ ਰਹਿੰਦਾ ਹੈ ਅਤੇ ਉਹ ਬਰਾਬਰ ਜਾਗਰੂਕ ਵੀ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਨੌਜਵਾਨ ਅਕਸਰ ਉਸ ਨੂੰ ਪੁੱਛਦੇ ਹਨ ਕਿ ਉਹ ਰਾਸ਼ਟਰ ਨਿਰਮਾਣ 'ਚ ਕਿਵੇਂ ਹੋਰ ਯੋਗਦਾਨ ਪਾ ਸਕਦੇ ਹਨ ਅਤੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਪ੍ਰੇਸ਼ਨ ਸੰਧੂਰ ਦੌਰਾਨ ਦੇਸ਼ ਦੇ ਹਰ ਕੋਨੇ ਤੋਂ ਭਾਰਤ ਮਾਤਾ ਪ੍ਰਤੀ ਪਿਆਰ ਅਤੇ ਸ਼ਰਧਾ ਦੀਆਂ ਤਸਵੀਰਾਂ ਉੱਭਰ ਕੇ ਸਾਹਮਣੇ ਆਈਆਂ ਅਤੇ ਲੋਕਾਂ ਨੇ ਆਪਣੇ ਵਿਲੱਖਣ ਤਰੀਕਿਆਂ ਨਾਲ ਆਪਣੀਆਂ ਭਾਵਨਾਵਾਂ ਤੇ ਸ਼ੁਕਰਗੁਜ਼ਾਰੀ ਦਾ ਪ੍ਰਗਟਾਵਾ ਕੀਤਾ। ਮੋਦੀ ਨੇ ਕਿਹਾ ਕਿ ਇਹੀਭਾਵਨਾ ਉਦੋਂ ਦੇਖੀ ਗਈ, ਜਦੋਂ ਰਾਸ਼ਟਰੀ ਗੀਤ 'ਵੰਦੇ ਮਾਤਰਮ' ਨੇ 150 ਸਾਲ ਪੂਰੇ ਕੀਤੇ।ਪ੍ਰਧਾਨ ਮੰਤਰੀ ਨੇ ਕਿਹਾ ਕਿ 2025 ਖੇਡਾਂ ਲਈ ਸੱਚਮੁੱਚ ਇਕ ਯਾਦਗਾਰੀ ਸਾਲ ਰਿਹਾ ਹੈ, ਜਿਸ 'ਚ ਪੁਰਸ਼ ਕ੍ਰਿਕਟ ਟੀਮ ਨੇ ਆਈ.ਸੀ.ਸੀ. ਚੈਂਪੀਅਨਜ਼ ਟਰਾਫ਼ੀ ਜਿੱਤੀ ਅਤੇ ਮਹਿਲਾ ਕ੍ਰਿਕਟ ਟੀਮ ਨੇ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ। ਇਸ ਤੋਂ ਇਲਾਵਾ ਭਾਰਤ ਦੀਆਂ ਧੀਆਂ ਨੇ ਮਹਿਲਾ ਬਲਾਇੰਡ ਟੀ-20 ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚਿਆ। ਉਨ੍ਹਾਂ ਕਿਹਾ ਕਿ ਏਸ਼ੀਆ ਕੱਪ ਟੀ-20 'ਚ ਸ਼ਾਨਦਾਰ ਜਿੱਤ ਤੋਂ ਬਾਅਦ ਤਿਰੰਗਾ ਮਾਣ ਨਾਲ ਉੱਚਾ ਉਡਿਆ ਅਤੇ ਪੈਰਾ- ਐਥਲੀਟਾਂ ਨੇ ਵਿਸ਼ਵ ਚੈਂਪੀਅਨਸ਼ਿਪ 'ਚ ਤਗਮਿਆਂ ਦੀ ਝੜੀ ਲਾ ਦਿੱਤੀ। ਮੋਦੀ ਨੇ' ਇਹ ਵੀ ਕਿਹਾ ਕਿ ਭਾਰਤ ਨੇ ਵਿਗਿਆਨ ਅਤੇ ਪੁਲਾੜ ਦੇ ਖੇਤਰ 'ਚ ਅਤੇ ਸ਼ੁਭਾਸ਼ ਸ਼ੁਕਲਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੱਕ ਪਹੁੰਚਣ ਵਾਲੇ ਪਹਿਲੇ ਭਾਰਤੀ ਬਣੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ 2025 'ਚ ਭਾਰਤ 'ਚ ਚੀਤਿਆਂ ਦੀ ਗਿਣਤੀ 30 ਤੋਂ ਵੱਧ ਹੋ ਗਈ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲ ਦੇ ਸ਼ੁਰੂ ਵਿੱਚ ਹੀ ਮਹਾਕੁੰਭ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ ।



# ਬਨੂੜ ਨੂੰ ਤਹਿਸੀਲ ਅਤੇ ਹਰਿਆਣਾ ਨੂੰ ਉਪ ਤਹਿਸੀਲ ਬਣਾਇਆ



**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸਾਹਿਬਜ਼ਾਦਾ ਅਜੀਤ ਸਿੰਘ (ਐੱਸਏਐੱਸ) ਨਗਰ ਜ਼ਿਲ੍ਹੇ ਦੀ ਉਪ ਤਹਿਸੀਲ ਬਨੂੜ ਨੂੰ ਪੂਰਨ ਤਹਿਸੀਲ ਵਜੋਂ ਅਪਗ੍ਰੇਡ ਕਰਨ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰਿਆਣਾ ਨੂੰ ਨਵੀਂ ਉਪ ਤਹਿਸੀਲ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਵਧੇਰੇ ਜਨਤਕ ਹਿੱਤਾਂ ਦੇ ਮੱਦੇਨਜ਼ਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੈਬਨਿਟ 'ਚ ਭੂਮੀ ਮਾਲੀਆ ਕਾਨੂੰਨ 'ਚ ਸੋਧ ਅਤੇ ਵਿਸ਼ੇਸ਼ ਅਧਿਆਪਕਾਂ ਨੂੰ ਰੈਗੂਲਰ ਕਰਨ ਲਈ ਉਮਰ ਹੱਦ 'ਚ ਛੋਟ ਸਬੰਧੀ ਫ਼ੈਸਲਿਆਂ ਨੂੰ ਮਨਜ਼ੂਰੀ ਦਿੱਤੀ ਗਈ।

ਇੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਬੈਠਕ 'ਚ ਲਏ ਗਏ ਫ਼ੈਸਲਿਆਂ ਬਾਰੇ ਮੁੱਖ ਮੰਤਰੀ ਦਫ਼ਤਰ ਵੱਲੋਂ ਜਾਰੀ ਜਾਣਕਾਰੀ ਮੁਤਾਬਕ ਲੰਬੇ ਸਮੇਂ ਤੋਂ ਐੱਸਏਐੱਸ ਨਗਰ ਜ਼ਿਲ੍ਹੇ ਦੇ ਲੋਕ ਬਨੂੜ ਨੂੰ ਉਪ ਤਹਿਸੀਲ ਤੋਂ ਪੂਰਨ ਤਹਿਸੀਲਹਰਿਆਣਾ ਦੇ ਲੋਕ ਇਸ ਨੂੰ ਉਪ ਤਹਿਸੀਲ ਬਣਾਉਣ ਦੀ ਮੰਗ ਕਰ ਰਹੇ ਸਨ। ਇਨ੍ਹਾਂ ਹਲਕਿਆਂ ਦੇ ਵਿਧਾਇਕਾਂ ਦੀ ਮੰਗ 'ਤੇ ਪੰਜਾਬ ਮੰਤਰੀ ਮੰਡਲ ਦੀ ਬੈਠਕ 'ਚ ਇਸ 'ਤੇ ਚਰਚਾ ਹੋਈ ਤੇ ਬਨੂੜ ਨੂੰ ਅਪਗ੍ਰੇਡ ਕਰਨ ਨਾਲ ਲੋਕਾਂ ਲਈ ਪ੍ਰਸ਼ਾਸਨਿਕ ਸੇਵਾਵਾਂ ਤੱਕ ਪਹੁੰਚ ਸੁਖਾਲੀ ਹੋ ਜਾਵੇਗੀ। ਇਹ ਫ਼ੈਸਲਾ ਵੱਡੇ ਜਨਹਿੱਤ 'ਚ ਲਿਆ ਗਿਆ ਹੈ।

# ਭਾਰਤੀ ਸੱਭਿਆਚਾਰ ਤੇ ਭਾਸ਼ਾਵਾਂ ਨੂੰ ਵਿਸ਼ਵ ਪੱਧਰ 'ਤੇ ਫੈਲਾਉਣ ਦੇ ਯਤਨਾਂ ਦੀ ਸ਼ਲਾਘਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਜੀ 'ਚ ਨਵੀਂ ਪੀੜ੍ਹੀ ਨੂੰ ਤਾਮਿਲ ਭਾਸ਼ਾ ਨਾਲ ਜੋੜਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਦੁਬਈ 'ਚ ਰਹਿਣ ਵਾਲੇ ਕੰਨੜ ਪਰਿਵਾਰਾਂ ਵਲੋਂ ਆਪਣੇ ਬੱਚਿਆਂ ਨੂੰ ਇਹ ਭਾਸ਼ਾ ਸਿਖਾਉਣ ਲਈ 'ਕੰਨੜ ਪਾਠਸ਼ਾਲਾ' ਸ਼ੁਰੂ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਮਹੀਨੇ ਫਿਜੀ ਦੇ ਇਕ ਸਕੂਲ 'ਚ ਪਹਿਲੀ ਵਾਰ ਤਾਮਿਲ ਦਿਵਸ ਮਨਾਇਆ ਗਿਆ, ਜਿਸ ਨਾਲ ਬੱਚਿਆਂ ਨੂੰ ਆਪਣੀ ਭਾਸ਼ਾ 'ਚ ਮਾਣ ਪ੍ਰਗਟ ਕਰਨ ਲਈ ਇਕ ਪਲੇਟਫਾਰਮ ਮਿਲਿਆ।

# ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਵਰਤੋਂ ਵਿਰੁੱਧ ਚਿਤਾਵਨੀ

ਪ੍ਰਧਾਨ ਮੰਤਰੀ ਨੇ ਐਂਟੀਬਾਇਓਟਿਕ ਦੀ ਅੰਨ੍ਹੇਵਾਹ ਵਰਤੋਂ ਦੇ ਮੁੱਦੇ ਨੂੰ ਉਭਾਰਦੇ ਹੋਏ ਲੋਕਾਂ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਅਜਿਹੀਆਂ ਦਵਾਈਆਂ ਨਾ ਲੈਣ ਦੀ ਅਪੀਲ ਕੀਤੀ। ਮੋਦੀ ਨੇ ਕਿਹਾ ਕਿ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਨੇ ਹਾਲ ਹੀ 'ਚ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ 'ਚ ਕਿਹਾ ਗਿਆ ਹੈ ਕਿ ਐਂਟੀਬਾਇਓਟਿਕਸ ਨਮੂਨੀਆ ਅਤੇ ਯੂ.ਟੀ.ਆਈ. (ਯੂਰੀਨਰੀ ਟੈਕਟ ਇਨਫੈਕਸ਼ਨ) ਵਰਗੀਆਂ ਕਈ ਬਿਮਾਰੀਆਂ ਵਿਰੁੱਧ ਬੇਅਸਰ ਸਾਬਤ ਹੋ ਰਹੇ ਹਨ। ਇਹ ਸਾਡੇ ਸਾਰਿਆਂ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਰਿਪੋਰਟ ਅਨੁਸਾਰ ਇਸ ਦਾ ਇਕ ਵੱਡਾ ਕਾਰਨ ਲੋਕਾਂ ਵਲੋਂ ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਵਰਤੋਂ ਹੈ।

# ਸਰਕਾਰ ਧਾਰਮਿਕ ਮਾਮਲਿਆਂ ਵਿਚ ਦਖਲ ਨਾ ਦੇਵੇ: ਜਥੇਦਾਰ ਗੜਗੱਜ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਅਹਿਮ ਫ਼ੈਸਲੇ ਲਏ ਗਏ, ਜਿਸ 'ਚ 328 ਪਾਵਨ ਸਰੂਪਾਂ ਦਾ ਮਾਮਲਾ ਵਿਚਾਰ ਕੇ ਸਰਕਾਰ ਨੂੰ ਸਖ਼ਤ ਤਾੜਨਾ ਕੀਤੀ ਗਈ। ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਬੇਹੱਦ ਗੰਭੀਰ ਮਾਮਲਾ ਵਿਚਾਰਿਆ ਗਿਆ। ਸ੍ਰੀ ਗੁਰੂ ਨਾਨਕ ਨਾਮ ਲੇਵਾ ਸੰਗਤ ਇਸ ਮਾਮਲੇ ਨੂੰ ਲੈ ਕੇ ਚਿੰਤਤ ਹੈ। ਭਾਰਤ ਦੇ ਸੰਵਿਧਾਨ ਮੁਤਾਬਕ ਕੋਈ ਵੀ ਸਰਕਾਰ ਕਿਸੇ ਵੀ ਧਰਮ ਦੇ ਅੰਦਰੂਨੀ ਮਸਲਿਆਂ ਅੰਦਰ ਸਿੱਧੇ ਜਾਂ ਅਸਿੱਧੇ ਰੂਪ 'ਚ ਦਖ਼ਲਅੰਦਾਜ਼ੀ ਨਹੀਂ ਕਰ ਸਕਦੀ। ਪਰ ਲੰਬੇ ਸਮੇਂ ਤੋਂ ਦੇਸ਼ ਤੇ ਸੂਬਿਆਂ ਦੇ ਹੁਕਮਰਾਨਾਂ ਵੱਲੋਂ ਪੰਥਕ ਸੰਸਥਾਵਾਂ ਤੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ 'ਚ ਲਗਾਤਾਰ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਜੋ ਮਸਲਾ ਸੰਗਤ ਦੀ ਨੁਮਾਇੰਦਾ ਸਿੱਖ ਸੰਸਥਾ ਆਪ ਹੱਲ ਕਰ ਸਕਦੀ ਹੈ ਉਸ ਵਾਸਤੇ ਸਰਕਾਰ ਤੇ ਪੁਲਿਸ ਨੂੰ ਸ਼ਾਮਲ ਕਰਨ ਦੀ ਕੋਈ ਤੁਕ ਨਹੀਂ ਬਣਦੀ। ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕਾਨੂੰਨੀ ਕਾਰਵਾਈ ਨੂੰ ਸ. ਈਸ਼ਰ ਸਿੰਘ ਵੱਲੋਂ ਕੀਤੀ ਜਾਂਚ ਰਿਪੋਰਟ ਨੂੰ ਆਧਾਰ ਬਣਾ ਕੇ ਜਾਇਜ਼ ਠਹਿਰਾਇਆ ਜਾ ਰਿਹਾ ਹੈ, ਜਦਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਬਣੇ ਡਾ. ਈਸ਼ਰ ਸਿੰਘ ਜਾਂਚ ਕਮਿਸ਼ਨ ਦੀ ਰਿਪੋਰਟ ਦੇ ਪੰਨਾ ਨੰਬਰ 230 ਉੱਤੇ ਸਪੱਸ਼ਟ ਲਿਖਿਆ ਹੈ ਕਿ, ''ਇਹ ਨਾ ਖਿਆਲ ਕਰੋ ਕਿ ਸਰਕਾਰੀ ਕਾਨੂੰਨ ਜਾਂ ਪੁਲਿਸ ਥਾਣਾ ਇਸ ਪਾਵਨ ਸਰੂਪਾਂ ਦੇ ਮਸਲੇ ਨੂੰ ਸਹੀ ਤਰੀਕੇ ਨਾਲ ਨਜਿੱਠ ਲਵੇਗਾ।




ਸੰਸਾਰ 'ਚ ਵੀ ਰਿਸ਼ਵਤ ਬੜੇ ਪੱਧਰ 'ਤੇ ਚਲਦੀ ਹੈ, ਉੱਥੇ ਵੀ ਪੈਸਿਆਂ ਨਾਲ ਫੈਸਲੇ ਬਦਲੇ ਜਾਂਦੇ ਹਨ ਤੇ ਥਾਣਿਆਂ ਵਿੱਚ ਕੇਸ ਕਮਜ਼ੋਰ ਕੀਤੇ ਜਾ ਸਕਦੇ ਹਨ। ਕਿਉਂ ਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਚਨਾਂ ਤੇ ਇਸ ਮਾਮਲੇ ਨੂੰ ਹੱਲ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਦਾਰੇ ਨੂੰ ਯੋਗ ਤਰੀਕੇ ਨਾਲ ਇਸਤੇਮਾਲ ਕਰੇ। ਸ੍ਰੀ ਅਕਾਲ ਤਖਤ ਸਾਹਿਬ ਪਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਵੱਲੋਂ ਪੰਜਾਬ ਪੁਲਿਸ ਕੋਲ ਦਰਜ ਕਰਵਾਈਆਂ ਅਜਿਹੀਆਂ ਸ਼ਿਕਾਇਤਾਂ ਦੀ ਲੰਬੀ ਸੂਚੀ ਹੈ ਜੋ ਸਿੱਖਾਂ ਵਿਰੁੱਧ ਕੀਤੇ ਜਾਂਦੇ ਨਫਰਤੀ ਪ੍ਰਚਾਰ ਸੰਬੰਧੀ ਪੁਲਿਸ ਨੂੰ ਕਾਰਵਾਈ ਲਈ ਦਿੱਤੀਆਂ ਗਈਆਂ ਹਨ। ਪਰ ਪੁਲਿਸ ਨੇ ਸਿੱਖਾਂ, ਸਿੱਖ ਸਿਧਾਂਤਾਂ ਤੇ ਸੰਸਥਾਵਾਂ ਵਿਰੁੱਧ ਕੀਤੇ ਜਾ ਰਹੇ ਇਸ ਨਫ਼ਰਤੀ ਪ੍ਰਚਾਰ ਦੇ ਦੋਸ਼ੀਆਂ ਵਿਰੁੱਧ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ। ਦੂਜੇ ਪਾਸੇ ਨਿਹੰਗ ਬਾਣੇ 'ਚ ਹੋਣ ਕਰ ਕੇ ਇੱਕ ਸਿੱਖ 'ਤੇ ਖਿਡੌਣਾ ਬੰਦੂਕ ਦਿਖਾਉਣਾ ਵੀ ਵੱਡਾ ਅਪਰਾਧ ਹੋ ਜਾਂਦਾ ਹੈ ਤੇ ਪਰਚਾ ਦਰਜ ਕਰ ਦਿੱਤਾ ਜਾਂਦਾ ਹੈ। ਅਜਿਹੇ ਵਿੱਚ ਸਰਕਾਰ ਤੇ ਪੁਲਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦੂਰਨੀ ਮਾਮਲੇ ਦੀ ਪੜਤਾਲ ਕਰਨ ਦਾ ਹੱਕ ਦੇਣ ਦੀ ਮੰਗ ਗੈਰ-ਵਾਜਬ ਹੈ।

ਇਸੇ ਤਰ੍ਹਾਂ ਰਿਪੋਰਟ ਦੇ ਪੰਨਾ ਨੰਬਰ 231 'ਤੇ ਸਪੱਸ਼ਟ ਲਿਖਿਆ ਹੈ, ਜਿਸ ਨੂੰ ਲੈ ਕੇ ਹੁਣ ਵੀ ਪੂਰੀ ਸਿੱਖ ਕੌਮ ਚਿੰਤਤ ਹੈ ਕਿ, 'ਪੜਤਾਲ ਕਮਿਸ਼ਨ ਦਾ ਇਹ ਮੰਨਣਾ ਹੈ ਤੇ ਗੁਰਮਤਿ ਅਨੁਸਾਰ ਇਹ ਸੁਝਾਅ ਦਿੰਦਾ ਹੈ ਕਿ ਇਨ੍ਹਾਂ ਪਾਵਨ ਸਰੂਪਾਂ ਦੇ ਮਸਲਿਆਂ ਦਾ ਕੋਈ ਵੀ ਸਿਆਸੀ ਪਾਰਟੀ ਆਪਣਾ ਸ਼ਖ਼ਸੀ ਲਾਭ ਉਠਾਉਣ ਦਾ ਯਤਨ ਨਾ ਕਰੇ, ਜੇਕਰ ਕੋਈ ਵੀ ਸਿਆਸੀ ਪਾਰਟੀ ਅਜਿਹਾ ਕਰਨ ਦਾ ਯਤਨ ਕਰੇਗੀ, ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਜਵਾਬਦੇਹ ਹੋਵੇਗੀ ਅਤੇ ਪੰਥ ਦੋਖੀ ਹੋਵੇਗੀ। ਗਿਆਨੀ ਗੜਗੱਜ ਨੇ ਕਿਹਾ ਕਿ ਉਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਵੰਬਰ 2020 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 100 ਸਾਲਾ ਸਥਾਪਨਾ ਦਿਹਾੜੇ ਦੀ ਸ਼ਤਾਬਦੀ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਇਤਿਹਾਸਕ ਮੰਚ 'ਤੇ ਕਰਵਾਏ ਗਏ ਸਮਾਗਮ ਵਿਚ ਕਹੇ ਬੋਲਾਂ ਅਨੁਸਾਰ, ਇਹ ਪ੍ਰਬੰਧਕੀ ਭ੍ਰਿਸ਼ਟਾਚਾਰ ਦਾ ਮਾਮਲਾ ਹੈ।

ਸਬੰਧਤ ਮੁਲਾਜ਼ਮਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੰਗਤ ਨੂੰ ਦਿੱਤੇ ਪਰ ਭੇਟਾ ਫੰਡਾਂ 'ਚ ਜਮ੍ਹਾਂ ਨਹੀਂ ਕਰਵਾਈ, । ਇਹ ਪੈਸਿਆਂ ਦਾ ਘਪਲਾ ਹੈ। ਜਿਹੜੇ ਮੁਲਾਜ਼ਮਾਂ ਨੇ ਪੈਸੇ ਖਾਧੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਬਰਖਾਸਤ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਮਲੇ ਸਬੰਧੀ ਸਥਿਤੀ ਸਪੱਸ਼ਟ ਕਰਨ ਦੇ ਨਾਲ-ਨਾਲ ਹੋਈ ਅਣਗਹਿਲੀ ਦਾ ਅਹਿਸਾਸ ਕਰ ਚੁੱਕੀ ਹੈ।

# ਕਾਂਗਰਸ ਇਕ ਵਿਚਾਰਧਾਰਾ ਹੈ ਜੋ ਕਦੇ ਨਹੀਂ ਮਰਦੀ: ਖੜਗੇ

## ਪਾਰਟੀ ਨੇ 140ਵਾਂ ਸਥਾਪਨਾ ਦਿਵਸ ਮਨਾਇਆ

**ਨਵੀਂ ਦਿੱਲੀ:** ਕਾਂਗਰਸ ਦੇ 140ਵੇਂ ਸਥਾਪਨਾ ਦਿਵਸ 'ਤੇ, ਪਾਰਟੀ ਮੁਖੀ ਮਲਿਕ ਅਰਜਨ ਖੜਗੇ ਨੇ ਕਿਹਾ ਕਿ ਕਾਂਗਰਸ ਇੱਕ ਵਿਚਾਰਧਾਰਾ ਹੈ ਅਤੇ ਵਿਚਾਰਧਾਰਾਵਾਂ ਕਦੇ ਨਹੀਂ ਮਰਦੀਆਂ।ਪਾਰਟੀ ਦੇ ਇੰਦਰਾ ਭਵਨ ਹੈੱਡਕੁਆਰਟਰ ਵਿਖੇ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਕਾਂਗਰਸ ਦੇ ਮਹਾਨ ਆਗੂਆਂ ਕਾਰਨ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਬਣਿਆ ਹੈ।ਉਨ੍ਹਾਂ ਕਿਹਾ, 'ਅੱਜ, ਸਥਾਪਨਾ ਦਿਵਸ 'ਤੇ, ਮੈਂ ਉਨ੍ਹਾਂ ਲੋਕਾਂ ਨੂੰ ਇੱਕ ਗੱਲ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਜੋ ਕਹਿੰਦੇ ਹਨ ਕਿ 'ਕਾਂਗਰਸ ਖਤਮ ਹੋ ਗਈ ਹੈ।' ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸ਼ਕਤੀ ਘੱਟ ਸਕਦੀ ਹੈ, ਪਰ ਸਾਡੀ ਰੀੜ੍ਹ ਦੀ ਹੱਡੀ ਅਜੇ ਵੀ ਸਿੱਧੀ ਹੈ। ਅਸੀਂ ਕੋਈ ਸਮਝੌਤਾ ਨਹੀਂ ਕੀਤਾ ਹੈ,ਨਾ ਸੰਵਿਧਾਨ ਨਾਲ, ਨਾ ਧਰਮ ਨਿਰਪੱਖਤਾ ਨਾਲ, ਨਾ ਹੀ ਗਰੀਬਾਂ ਦੇ ਅਧਿਕਾਰਾਂ ਨਾਲ। ਅਸੀਂ ਸੱਤਾ ਵਿੱਚ ਨਹੀਂ ਹੋ ਸਕਦੇ, ਪਰ ਅਸੀਂ ਸੌਦੇਬਾਜ਼ੀ ਨਹੀਂ ਕਰਾਂਗੇ।'



ਇਹ ਕਹਿੰਦੇ ਹੋਏ ਕਿ ਕਾਂਗਰਸ ਨੇ ਕਦੇ ਵੀ ਧਰਮ ਦੇ ਨਾਂਅ 'ਤੇ ਵੋਟਾਂ ਨਹੀਂ ਮੰਗੀਆਂ, ਖੜਗੇ ਨੇ ਕਿਹਾ ਕਿ ਪਾਰਟੀ ਨੇ ਕਦੇ ਵੀ ਮੰਦਰਾਂ ਅਤੇ ਮਸਜਿਦਾਂ ਦੇ ਨਾਂਅ 'ਤੇ ਨਫ਼ਰਤ ਨਹੀਂ ਫੈਲਾਈ। ਉਨ੍ਹਾਂ ਕਿਹਾ, 'ਕਾਂਗਰਸ ਇੱਕਜੁੱਟ ਕਰਦੀ ਹੈ। ਭਾਜਪਾ ਵੰਡਦੀ ਹੈ। ਕਾਂਗਰਸ ਨੇ ਧਰਮ ਨੂੰ ਸਿਰਫ਼ ਵਿਸ਼ਵਾਸ ਤੱਕ ਸੀਮਤ ਕਰ ਦਿੱਤਾ ਪਰ ਕੁਝ ਲੋਕਾਂ ਨੇ ਧਰਮ ਨੂੰ ਰਾਜਨੀਤੀ ਵਿੱਚ ਬਦਲ ਦਿੱਤਾ ਹੈ। ਅੱਜ,ਭਾਜਪਾ ਸੱਤਾ ਵਿੱਚ ਹੈ, ਪਰ ਉਨ੍ਹਾਂ ਕੋਲ ਸੱਚਾਈ ਨਹੀਂ ਹੈ। ਇਸੇ ਲਈ ਕਈ ਵਾਰ ਡੇਟਾ ਲੁਕਾਇਆ ਜਾਂਦਾ ਹੈ, ਕਈ ਵਾਰ ਜਨਗਣਨਾ ਰੋਕ ਦਿੱਤੀ ਜਾਂਦੀ ਹੈ, ਕਈ ਵਾਰ ਸੰਵਿਧਾਨ ਨੂੰ ਬਦਲਣ ਦੀ ਗੱਲ ਕੀਤੀ ਜਾਂਦੀ ਹੈ।ਕਾਂਗਰਸ ਮੁਖੀ ਨੇ ਕਿਹਾ ਕਿ ਜੋ ਲੋਕ ਅੱਜ ਇਤਿਹਾਸ 'ਤੇ ਭਾਸ਼ਣ ਦੇ ਰਹੇ ਹਨ, ਉਨ੍ਹਾਂ ਦੇ ਪੁਰਖੇ ਇਤਿਹਾਸ ਤੋਂ ਭੱਜ ਰਹੇ ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, 'ਕਾਂਗਰਸ ਇੱਕ ਵਿਚਾਰਧਾਰਾ ਹੈ, ਅਤੇ ਵਿਚਾਰਧਾਰਾਵਾਂ ਕਦੇ ਨਹੀਂ ਮਰਦੀਆਂ।'

## ਕਾਂਗਰਸ ਸਿਰਫ਼ ਸਿਆਸੀ ਪਾਰਟੀ ਨਹੀਂ, ਸਗੋਂ ਭਾਰਤ ਦੀ ਆਤਮਾ ਦੀ ਆਵਾਜ਼ ਹੈ: ਰਾਹੁਲ

ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ ਸਿਰਫ਼ ਇਕ ਸਿਆਸੀ ਪਾਰਟੀ ਨਹੀਂ ਹੈ, ਸਗੋਂ ਭਾਰਤ ਦੀ ਆਤਮਾ ਦੀ ਆਵਾਜ਼ ਹੈ, ਜੋ ਆਪਣੇ 140ਵੇਂ ਸਥਾਪਨਾ ਦਿਵਸ 'ਤੇ ਹਰ ਕਮਜ਼ੋਰ, ਵਾਂਝੇ ਅਤੇ ਮਿਹਨਤੀ ਵਿਅਕਤੀ ਦੇ ਨਾਲ ਖੜ੍ਹੀ ਹੈ। ਉਨ੍ਹਾਂ ਨੇ ਇਥੇ ਪਾਰਟੀ ਦੇ ਇੰਦਰਾ ਭਵਨ ਹੈੱਡਕੁਆਰਟਰ ਵਿਖੇ 140ਵੇਂ ਸਥਾਪਨਾ ਦਿਵਸ ਸਮਾਰੋਹ 'ਚ ਹਿੱਸਾ ਲਿਆ। ਐਕਸ 'ਤੇ ਇਕ ਪੋਸਟ 'ਚ, ਉਨ੍ਹਾਂ ਨੇ ਕਿਹਾ, 'ਮੈਂ ਸਚਾਈ, ਹਿੰਮਤ ਅਤੇ ਨਫ਼ਰਤ, ਬੇਇਨਸਾਫ਼ੀ ਅਤੇ ਤਾਨਾਸ਼ਾਹੀ ਵਿਰੁੱਧ ਸੰਵਿਧਾਨ ਦੀ ਰੱਖਿਆ ਲਈ ਹੋਰ ਵੀ ਮਜ਼ਬੂਤੀ ਨਾਲ ਲੜਨ ਲਈ ਦ੍ਰਿੜ੍ਹ ਹਾਂ। ਉਨ੍ਹਾਂ ਅੱਗੇ ਕਿਹਾ, 'ਅੱਜ ਭਾਰਤੀ ਰਾਸ਼ਟਰੀ ਕਾਂਗਰਸ ਦੇ ਸਥਾਪਨਾ ਦਿਵਸ 'ਤੇ ਹਰੇਕ ਕਾਂਗਰਸੀ ਨੂੰ ਹਾਰਦਿਕ ਸ਼ੁਭਕਾਮਨਾਵਾਂ। ਅਸੀਂ ਇਤਿਹਾਸਕ ਵਿਰਾਸਤ ਅਤੇ ਮਹਾਨ ਕੁਰਬਾਨੀਆਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਜਿਨ੍ਹਾਂ ਨੇ ਭਾਰਤ ਨੂੰ ਆਜ਼ਾਦੀ ਦਿਵਾਈ, ਸੰਵਿਧਾਨ ਦੀ ਨੀਂਹ ਰੱਖੀ ਅਤੇ ਲੋਕਤੰਤਰ, ਧਰਮ ਨਿਰਪੱਖਤਾ, ਸਮਾਜਿਕ ਨਿਆਂ ਅਤੇ ਸਮਾਨਤਾ ਦੇ ਮੁੱਲਾਂ ਨੂੰ ਮਜ਼ਬੂਤ ਕੀਤਾ।

# ਨਹਿਰੂ ਦੇ ਪੱਤਰ ਅਜਾਇਬ ਘਰ ਨੂੰ ਵਾਪਸ ਕਰਨ ਸੋਨੀਆ ਗਾਂਧੀ: ਸ਼ੇਖਾਵਤ

**ਨਵੀਂ ਦਿੱਲੀ:** ਕੇਂਦਰੀ ਸੱਭਿਆਚਾਰ ਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੂੰ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਪੱਤਰ ਤੇ ਦਸਤਾਵੇਜ਼ ਪ੍ਰਧਾਨ ਮੰਤਰੀ ਅਜਾਇਬ ਘਰ ਤੇ ਲਾਇਬ੍ਰੇਰੀ ਨੂੰ ਵਾਪਸ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਹ ਦਸਤਾਵੇਜ਼ ਦੇਸ਼ ਦੇ ਹਨ, ਕਿਸੇ ਵਿਅਕਤੀ ਦੇ ਨਹੀਂ। ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਜਾਇਬ ਘਰ ਤੇ ਲਾਇਬ੍ਰੇਰੀ (ਪੀ. ਐਮ. ਐਮ.ਐਲ.), ਜੋ ਕਿ ਪਹਿਲਾਂ ਨਹਿਰੂ ਮੈਮੋਰੀਅਲ ਅਜਾਇਬ ਘਰ ਤੇ ਲਾਇਬ੍ਰੇਰੀ (ਐਨ. ਐਮ. ਐਮ. ਐਲ.) ਸੀ, ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਦਿਹਾਂਤ ਤੋਂ ਬਾਅਦ ਸਥਾਪਿਤ ਕੀਤੀ ਗਈ ਸੀ। ਸੱਭਿਆਚਾਰ ਮੰਤਰੀ ਨੇ ਕਿਹਾ ਕਿ 1970 ਤੋਂ 1990 ਤੱਕ 20 ਸਾਲਾਂ ਦੀ ਮਿਆਦ 'ਚ ਨਹਿਰੂ ਨਾਲ ਸੰਬੰਧਿਤ ਸਾਰੇ ਗੈਰ- ਸਰਕਾਰੀ ਦਸਤਾਵੇਜ਼ ਅਜਾਇਬ ਘਰ 'ਚ ਲਿਆਂਦੇ ਗਏ ਸਨ। ਉਨ੍ਹਾਂ ਕਿਹਾ ਕਿ 29 ਅਪ੍ਰੈਲ, 2008 ਨੂੰ ਸੋਨੀਆ ਗਾਂਧੀ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦੇ ਪ੍ਰਤੀਨਿਧੀ ਐਮ.ਵੀ. ਰਾਜਨ ਨੇ ਇਕ ਪੱਤਰ ਲਿਖਿਆ ਜਿਸ 'ਚ ਬੇਨਤੀ ਕੀਤੀ ਗਈ ਸੀ ਕਿ





ਉਹ ਨਹਿਰੂ ਦੇ ਸਾਰੇ ਨਿੱਜੀ ਪਰਿਵਾਰਕ ਪੱਤਰ ਤੇ ਨੋਟ ਵਾਪਸ ਲੈਣਾ ਚਾਹੁੰਦੀ ਹੈ। ਇਸ ਲਈ, ਅਜਾਇਬ ਘਰ ਤੋਂ ਲਗਭਗ 26,000 ਦਸਤਾਵੇਜ਼ਾਂ ਵਾਲੇ ਲਗਭਗ 57 ਡੱਬੇ ਚੁੱਕ ਲਏ ਗਏ। ਜੋ ਕਿ ਅਜੇ ਵੀ ਸੋਨੀਆ ਗਾਂਧੀ ਕੋਲ ਹਨ।

# ਇਵੈਂਟ ਮੈਨੇਜਮੈਂਟ ਕੰਪਨੀ ਵਾਂਗ ਕੰਮ ਰਹੀ ਹੈ 'ਆਪ' ਸਰਕਾਰ: ਜਾਖੜ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਵੈਂਟ ਮੈਨੇਜਮੈਂਟ ਕੰਪਨੀ ਵਾਂਗ ਕੰਮ ਕਰ ਰਹੀ ਹੈ । ਹਰ ਫਰੰਟ 'ਤੇ ਅਸਫਲ ਰਹੀ 'ਆਪ' ਸਰਕਾਰ ਕੋਲ ਆਪਣੀਆਂ ਪ੍ਰਾਪਤੀਆਂ ਦਿਖਾਉਣ ਲਈ ਕੁਝ ਨਹੀਂ ਹੈ। ਇਸ ਲਈ ਸਰਕਾਰ ਹਰ ਰੋਜ਼ ਨਵੇਂ ਪ੍ਰਚਾਰ ਦੇ ਤਰੀਕੇ ਅਪਣਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਚਰਚਾ ਕਰਨੀ ਚਾਹੀਦੀ ਹੈ, ਕਿਉਂਕਿ ਇੱਕ ਵੀ ਦਿਨ ਅਜਿਹਾ ਨਹੀਂ ਹੁੰਦਾ ਜਦੋਂ ਫਿਰੌਤੀ ਅਤੇ ਕਤਲ ਦੀਆਂ ਘਟਨਾਵਾਂ ਦੀ ਰਿਪੋਰਟ ਨਾ ਆਉਂਦੀ ਹੋਵੇ।

ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਹਾਲ ਹੀ ਵਿੱਚ ਪੰਜਾਬ ਦੌਰੇ ਦੌਰਾਨ ਹਰ ਜ਼ਿਲ੍ਹੇ ਦੇ ਲੋਕਾਂ ਨੇ ਇਸ ਯੋਜਨਾ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪਿਛਲੇ ਚਾਰ ਸਾਲਾਂ ਦੌਰਾਨ ਇਸ ਯੋਜਨਾ ਤਹਿਤ ਪੰਜਾਬ ਵਿੱਚ ਹੋਏ ਭ੍ਰਿਸ਼ਟਾਚਾਰ ਬਾਰੇ ਵ੍ਹਾਈਟ ਪੇਪਰ ਜਾਰੀ ਕਰਨ। ਜੇਕਰ 'ਆਪ' ਸਰਕਾਰ ਦਾ ਮੰਨਣਾ ਹੈ ਕਿ ਇਸ ਯੋਜਨਾ ਵਿੱਚ ਕਿਸੇ ਵੀ ਸੋਧ ਦੀ ਲੋੜ ਨਹੀਂ ਸੀ ਤਾਂ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਗਰੀਬਾਂ ਨੂੰ 100 ਦਿਨ ਦਾ ਰੁਜ਼ਗਾਰ ਕਿਉਂ ਨਹੀਂ ਦਿੱਤਾ ਗਿਆ, ਜਦੋਂ ਕਿ ਸੂਬਾ ਸਰਕਾਰ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਜ਼ਿੰਮੇਵਾਰ ਸੀ? ਮੁੱਖ ਮੰਤਰੀ ਨੂੰ ਚੁਣੌਤੀ ਦਿੰਦੇ ਹੋਏ ਉਨ੍ਹਾਂ ਪੁੱਛਿਆ ਕਿ 'ਆਪ' ਸਰਕਾਰ ਕੇਂਦਰ ਸਰਕਾਰ ਵੱਲੋਂ ਇਸ ਯੋਜਨਾ ਵਿੱਚ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ 100 ਦੀ ਬਜਾਏ 125 ਦਿਨ ਕੰਮ ਦੀ ਗਰੰਟੀ ਦੇਣ 'ਤੇ ਇਤਰਾਜ਼ ਕਿਉਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੂੰ ਪੰਜਾਬ ਦੇ ਗਰੀਬਾਂ ਨੂੰ ਗੁੰਮਰਾਹ ਕਰਨਾ ਬੰਦ ਕਰਨਾ ਚਾਹੀਦਾ ਹੈ।



ਜਾਖੜ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਯੋਜਨਾ ਤਹਿਤ ਪੂਰਾ ਰੁਜ਼ਗਾਰ ਯਕੀਨੀ ਬਣਾਇਆ ਜਾਵੇਗਾ ਪਰ ਸੂਬਾ ਸਰਕਾਰ ਨਵੇਂ ਕਾਨੂੰਨ ਦਾ ਵਿਰੋਧ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਕੇਂਦਰ ਸਰਕਾਰ 125 ਦਿਨਾਂ ਦੇ ਕੰਮ ਦੀ ਗਰੰਟੀ ਦੇ ਰਹੀ ਹੈ, ਇਸ ਲਈ ਸੂਬਾ ਸਰਕਾਰ ਨੂੰ ਇਸ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਹਰ ਕਿਸੇ ਨੂੰ 125 ਦਿਨ ਦਾ ਰੁਜ਼ਗਾਰ ਮਿਲ ਸਕੇ। ਉਨ੍ਹਾਂ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਪੰਜਾਬ ਦੇ ਗਰੀਬਾਂ ਨੂੰ ਔਸਤਨ ਸਿਰਫ਼ 26 ਦਿਨ ਰੁਜ਼ਗਾਰ ਮਿਲਿਆ ਹੈ, ਜਦੋਂ ਕਿ ਪਿਛਲੇ ਸਾਲਾਂ ਵਿੱਚ ਇਹ ਸਰਕਾਰ ਔਸਤਨ ਸਿਰਫ਼ 38 ਦਿਨ ਹੀ ਰੁਜ਼ਗਾਰ ਦੇ ਸਕੀ ਹੈ। ਉਨ੍ਹਾਂ ਕਿਹਾ ਕਿ ਇਹ 'ਆਪ' ਸਰਕਾਰ ਦੇ ਗਰੀਬ ਵਿਰੋਧੀ ਵਤੀਰੇ ਨੂੰ ਉਜਾਗਰ ਕਰਦਾ ਹੈ। ਵਿਸ਼ੇਸ਼ ਸੈਸ਼ਨਾਂ ਦਾ ਇਹ ਡਰਾਮਾ ਸਿਰਫ਼ ਆਪਣੀਆਂ ਅਸਫਲਤਾਵਾਂ 'ਤੇ ਪਰਦਾ ਪਾਉਣ ਲਈ ਹੈ।

ਵਿਧਾਨ ਸਭਾ ਦੇ ਪਿਛਲੇ ਵਿਸ਼ੇਸ਼ ਸੈਸ਼ਨਾਂ ਦਾ ਹਵਾਲਾ ਦਿੰਦੇ ਹੋਏ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁੱਛਿਆ ਕਿ ਬੇਅਦਬੀ ਵਿਰੋਧੀ ਕਾਨੂੰਨ ਦੇ ਖਰੜੇ ਦਾ ਕੀ ਹੋਇਆ, ਜਿਸ ਨੂੰ ਚੋਣ ਕਮੇਟੀ ਕੋਲ ਭੇਜਿਆ।

### ਨਵੇਂ ਕਾਨੂੰਨ ਤਹਿਤ ਮਿਲੇਗਾ 125 ਦਿਨ ਕੰਮ

ਸੁਨੀਲ ਜਾਖੜ ਨੇ ਕਿਹਾ ਕਿ ਨਵੇਂ ਕਾਨੂੰਨ ਤਹਿਤ 125 ਦਿਨਾਂ ਦਾ ਕੰਮ ਦਿੱਤਾ ਜਾਵੇਗਾ। ਜੇਕਰ ਕੰਮ ਸਮੇਂ ਸਿਰ ਨਹੀਂ ਦਿੱਤਾ ਜਾਂਦਾ ਤਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਦੇਰੀ ਨਾਲ ਭੁਗਤਾਨ ਕਰਨ ਲਈ ਵਾਧੂ ਮੁਆਵਜ਼ਾ ਦਿੱਤਾ ਜਾਵੇਗਾ। ਗ੍ਰਾਮ ਸਭਾ ਅਤੇ ਪੰਚਾਇਤ ਦੀ ਭੂਮਿਕਾ ਨੂੰ ਮਜ਼ਬੂਤ ਕੀਤਾ ਗਿਆ ਹੈ। ਗ੍ਰਾਮ ਸਭਾ ਕੰਮਾਂ ਦੀ ਪਛਾਣ ਕਰੇਗੀ ਅਤੇ ਉਨ੍ਹਾਂ ਨੂੰ ਤਰਜੀਹ ਦੇਵੇਗੀ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸੰਵਿਧਾਨ ਦੀ ਸੁਰੱਖਿਆ ਦਾ ਪ੍ਰਣ ਲਿਆ ਗਿਆ

**ਸ੍ਰੀ ਮੁਕਤਸਰ ਸਾਹਿਬ:** ਦੁਨੀਆ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਦਵਾਨਾਂ ਦੀ ਗਿਣਤੀ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਾਰਤ ਦਾ ਸੰਵਿਧਾਨ ਲਿਖਿਆ ਸੀ। ਇਹ ਸੰਵਿਧਾਨ ਦੁਨੀਆ ਵਿਚ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਯਾਦ ਵਿੱਚ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰੀ-ਨਿਰਵਾਣ ਦਿਵਸ ਮੌਕੇ ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮਿਸ਼ਨ ਮੁਖੀ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ ਇਸ ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੌ. ਬਲਬੀਰ ਸਿੰਘ ਤੋਂ ਇਲਾਵਾ ਪ੍ਰਦੀਪ ਧੂੜੀਆ ਪੈਟਰਨ ਅਤੇ ਬਲਜੀਤ ਸਿੰਘ ਕੋਆਪ੍ਰੇਟਿਵ ਆਦਿ ਮੈਂਬਰ ਮੌਜੂਦ ਸਨ। ਇਸ ਤੋਂ ਇਲਾਵਾ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜਨ ਸਿਹਤ ਵਿਭਾਗ ਦੇ ਆਗੂ ਚਿੰਤ ਰਾਮ ਨਾਹਰ ਸਮੇਤ ਸਰੂਪ ਚੰਦ, ਹਰਭਜਨ ਸਿੰਘ ਮੱਕੜ, ਦੇਸ ਰਾਜ, ਜੈ ਸਿੰਘ, ਰਜਿੰਦਰ ਕੁਮਾਰ ਅਤੇ ਬਲਵੀਰ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਚੀਫ ਸੁਪਰਵਾਈਜਰ ਡਾ. ਦਿਲਬਾਗ ਸਿੰਘ ਬਾਗੀ ਖਿੜਗੀਆਂਵਾਲਾ, ਦੇਸ ਰਾਜ ਪੇਂਟਰ ਅਤੇ ਗੁਰਮੇਲ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸ਼ਿਗਾਰਾ ਸਿੰਘ ਔਲਖ, ਸੁਖਦੇਵ ਸਿੰਘ ਔਲਖ, ਬਲਬੀਰ ਸਿੰਘ ਔਲਖ, ਜਗਸੀਰ ਸਿੰਘ ਘਾਲੀ ਅਤੇ ਖੁਸ਼ਹਾਲ ਸਿੰਘ ਵੰਗਲ ਆਦਿ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ। ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਸਮੇਤ ਸਾਰਿਆਂ ਨੇ ਸੰਵਿਧਾਨ ਦੀ ਸੁਰੱਖਿਆ ਅਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਵਾਏ ਜਾਣ ਦਾ ਪ੍ਰਣ ਵੀ ਲਿਆ। ਇਸ ਮੌਕੇ ਸਮੂਹ ਬੁਲਾਰਿਆਂ ਨੇ ਡਾ. ਅੰਬੇਡਕਰ ਨੂੰ ਸਮੁੱਚੇ ਸਮਾਜ ਲਈ ਮਾਰਗ ਦਰਸ਼ਕ ਕਰਾਰ ਦਿੱਤਾ। ਮੁੱਖ ਰੂਪ 'ਚ ਆਪਣੇ ਸੰਬੋਧਨ ਵਿੱਚ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਅੰਦਰ ਔਰਤਾਂ ਸਮੇਤ ਸਾਰਿਆਂ ਨੂੰ ਸਮਾਨਤਾ ਅਤੇ ਵੋਟ ਦਾ ਅਧਿਕਾਰ, ਔਰਤਾਂ ਲਈ ਪ੍ਰਸੂਤਾ ਛੁੱਟੀ, ਮਜਦੂਰਾਂ ਲਈ ਕੰਮ ਦੇ ਘੰਟੇ ਨਿਸਚਿਤ ਕਰਨ ਅਤੇ ਹਜ਼ਾਰਾਂ ਸਾਲ ਤੋਂ ਦੱਬੇ ਕੁਚਲੇ ਲੋਕਾਂ ਨੂੰ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਬਰਾਬਰ ਕਰਨ ਲਈ ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਵਿੱਚ ਰਾਖਵੇਂਕਰਨ ਦਾ ਅਧਿਕਾਰ ਦਿੱਤਾ ਸੀ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਡਾ. ਅੰਬੇਡਕਰ ਦੀ ਸਮੁੱਚੇ ਸਮਾਜ ਨੂੰ ਦਿੱਤੀ ਦੇਣ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ ਅਤੇ ਸਮੁੱਚੇ ਦੇਸ਼ ਵਾਸੀ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ। ਸਾਨੂੰ ਸਾਰਿਆਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ। ਅਜਿਹਾ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

**ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰੀ-ਨਿਰਵਾਣ ਦਿਵਸ ਮੌਕੇ ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮਿਸ਼ਨ ਮੁਖੀ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ ਇਸ ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੌ. ਬਲਬੀਰ ਸਿੰਘ ਤੋਂ ਇਲਾਵਾ ਪ੍ਰਦੀਪ ਧੂੜੀਆ ਪੈਟਰਨ ਅਤੇ ਬਲਜੀਤ ਸਿੰਘ ਕੋਆਪ੍ਰੇਟਿਵ ਆਦਿ ਮੈਂਬਰ ਮੌਜੂਦ ਸਨ।**

# ਏ.ਆਈ. ਨਾਲ ਬਣਾਈ ਕਿੰਗ ਚਾਰਲਜ਼ ਦੀ ਨਕਲੀ ਵੀਡੀਓ ਵਾਇਰਲ

**ਲੈਸਟਰ (ਇੰਗਲੈਂਡ):** ਬਰਤਾਨੀਆ ਦੇ ਰਾਜਾ ਚਾਰਲਜ਼ ਨਾਲ ਸੰਬੰਧਿਤ ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਕੁਝ ਵੀਡੀਓ ਨੂੰ ਨਕਲੀ ਕਰਾਰ ਦਿੱਤਾ ਗਿਆ ਹੈ। ਬਿਨ੍ਹਾਂ ਵੀਡੀਓ ਵਿਚ ਰਾਜਾ ਚਾਰਲਜ਼ ਨੂੰ ਕਥਿਤ ਤੌਰ 'ਤੇ ਦੇਸ਼ ਦੀ 'ਰਾਜਨੀਤਕ ਅਸਥਿਰਤਾ' ਬਾਰੇ ਗੱਲ ਕਰਦਿਆਂ ਦਿਖਾਇਆ ਗਿਆ, ਪਰ ਜਾਂਚ ਦੌਰਾਨ ਸਪੱਸ਼ਟ ਹੋਇਆ ਕਿ ਇਹ ਸਮੱਗਰੀ ਕ੍ਰਿਤਿਮ ਬੁੱਧੀ (ਏ.ਆਈ.) ਦੀ ਮਦਦ ਨਾਲ ਤਿਆਰ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇਨ੍ਹਾਂ ਵੀਡੀਓ ਵਿਚ ਅਸਲ ਸ਼ਾਹੀ ਫੁਟੇਜ ਨੂੰ ਪੂਰੀ ਤਰ੍ਹਾਂ ਕਲਪਨਾਤਮਕ ਸਰਕਾਰੀ ਐਲਾਨਾਂ ਨਾਲ ਜੋੜ ਕੇ ਪੇਸ਼ ਕੀਤਾ ਗਿਆ, ਜਿਸ ਨਾਲ ਦਰਸ਼ਕਾਂ ਵਿਚ ਭਰਮ ਪੈਦਾ ਹੋਇਆ। ਬਕਿੰਘਮ ਪੈਲੇਸ ਦੇ ਸੂਤਰਾਂ ਨੇ ਅਜਿਹੀਆਂ ਵੀਡੀਓ ਨੂੰ ਬੇਬੁਨਿਆਦ ਦੱਸਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਏ.ਆਈ. ਤਕਨਾਲੋਜੀ ਨਾਲ ਬਣ ਰਹੀ ਨਕਲੀ ਸਮੱਗਰੀ ਲੋਕਤੰਤਰਿਕ ਪ੍ਰਕਿਰਿਆਵਾਂ ਤੇ ਜਨਤਕ ਭਰੋਸੇ ਲਈ ਗੰਭੀਰ ਚੁਣੌਤੀ ਬਣ ਰਹੀ ਹੈ। ਸਰਕਾਰ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਮੰਗ ਕੀਤੀ ਜਾ ਰਹੀ ਹੈ। ਕਿ ਅਜਿਹੀ ਗਲਤ ਜਾਣਕਾਰੀ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾਣ।



# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ

**ਫ਼ਰੀਦਕੋਟ:** ਬਾਬਾ ਸ੍ਰੀ ਚੰਦ ਸੇਵਾ ਸੋਸਾਇਟੀ ਦੇ ਸਰਪ੍ਰਸਤ ਮਹੰਤ ਬਾਬਾ ਬਲਦੇਵ ਦਾਸ ਜੀ ਗੋਲਡ ਮੈਡਲਿਸਟ ਜੀ ਦੀ ਅਗਵਾਈ ਹੇਠ, ਇਕ ਵਿਸ਼ਾਲ ਖ਼ੂਨਦਾਨ ਕੈਂਪ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੀ ਬਲੱਡ ਬੈਂਕ ਵਿਚ ਲਗਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਦੇ ਤੌਰ ਸ੍ਰ ਗੁਰਦਿੱਤ ਸਿੰਘ ਸੇਖੋਂ ਹਲਕਾ ਵਿਧਾਇਕ ਫ਼ਰੀਦਕੋਟ ਪਹੁੰਚੇ ਤੇ ਓਹਨਾਂ ਨਾਲ ਸ. ਗੁਰਸ਼ਰਨ ਸਿੰਘ ਮੈਬਰ ਜ਼ਿਲਾ ਪ੍ਰੀਸ਼ਦ, ਪ੍ਰੋ ਬੀਰ ਇੰਦਰ ਸਰਾਂ, ਐਡਵੋਕੇਟ ਪ੍ਰਦੀਪ ਅਟਵਾਲ ਅਤੇ ਪ੍ਰਸਿੱਧ ਮੰਚ ਸੰਚਾਲਕ ਜਸਬੀਰ ਜੱਸੀ ਵਿਸੇਸ ਤੌਰ ਤੇ ਪਹੁੰਚੇ। ਇਸ ਸਮੇ ਬੋਲਦਿਆਂ ਰਜਿੰਦਰ ਦਾਸ ਰਿੰਕੂ ਜੀ ਨੇ ਬਲੱਡ ਡੋਨਰ, ਸਮਾਜਸੇਵੀ ਤੇ ਐਨ.ਆਰ.ਆਈ ਵੀਰਾਂ ਜੀ ਵਿਸੇਸ ਤੌਰ ਤੇ ਧੰਨਵਾਦ ਕੀਤਾ। ਇਹ ਕੈਂਪ ਦੌਰਾਨ 72 ਯੂਨਿਟ ਇਕੱਤਰ ਹੋਏ। ਇਸ ਸਮੇ ਯੋਗਦਾਨ ਪਾਉਣ ਵਾਲੇ ਸਹਿਯੋਗੀਆਂ ਦਾ ਵਿਸੇਸ ਸਨਮਾਨ ਚਿੰਨ੍ਹ ਦੇ ਸਨਮਾਨ ਕੀਤਾ ਗਿਆ।




ਇਸ ਤੋਂ ਇਲਾਵਾ ਕੁਲਵਿੰਦਰ ਗੋਰਾ ਮਚਾਕੀ, ਜਗਮੀਤ ਸਿੰਘ ਸੰਧੂ , ਮਦਨ ਗੋਪਾਲ, ਰਾਕੇਸ਼ ਗਰਗ, ਰਾਜ ਕੁਮਾਰ ਰਾਜੂ ,ਜੋਤ ਕਰਤਾਰ ਸਿੰਘ ਰਾਜ , ਲਵਦੀਪ ਨਿੱਕੂ,ਡਾਂ ਵਿਪਨ ਕੁਮਾਰ, ਸ਼ਰਮਾਂ, ਇਕਬਾਲ ਸਿੰਘ,ਜਗਜੀਤ ਸਿੰਘ ਗਿੱਲ, ਸਰਬਜੀਤ ਸਿੰਘ, ਅਮਨਦੀਪ ਸਿੰਘ, ਰਾਜਦੀਪ ਸਿੰਘ ਸਰਪੰਚ ਮਹਿਮੂਆਣਾ, ਸੁਖਚੈਨ ਸਿੰਘ ਚੈਨਾ, ਪ੍ਰਦੀਪ ਕੁਮਾਰ ਗੁਪਤਾ, ਮਿਸਟਰ ਗੋਲਡੀ , ਬੰਟੀ ਕੁਮਾਰ, ਬਲੱਡ ਬੈਂਕ ਦੀ ਟੀਮ ਡਾਂ. ਹਰਜੋਤ ਕੌਰ, ਡਾਂ. ਰੱਜਤ, ਸਰਵਨ ਸਿੰਘ ਸੇਖੋਂ , ਵਿਜੈ ਕੁਮਾਰ, ਹਰਿੰਦਰਪਾਲ ਕੌਰ,ਰਘਬੀਰ, ਹਰਵਿੰਦਰ, ਜਸਪਾਲ ਸਿੰਘ ਰੋਹਿਤ ਕੁਮਾਰ ਆਦਿ ਹਾਜ਼ਰ ਸਨ।

# ਕੁਲਦੀਪ ਸੇਂਗਰ ਦੀ ਜ਼ਮਾਨਤ ਅਤੇ ਸਜ਼ਾ ਦੀ ਮੁਅੱਤਲੀ 'ਤੇ ਲੱਗੀ ਰੋਕ

**ਨਵੀਂ ਦਿੱਲੀ:** ਉੱਨਾਵ ਜਬਰ- ਜਨਾਹ ਕਾਂਡ 'ਚ ਦੋਸ਼ੀ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਫ਼ਿਲਹਾਲ ਜੇਲ੍ਹ 'ਚ ਹੀ ਰਹੇਗਾ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੇਂਗਰ ਦੀ ਸਜ਼ਾ ਮੁਅੱਤਲ ਕਰ ਕੇ ਉਸ ਨੂੰ ਜ਼ਮਾਨਤ ਦੇਣ ਦੇ ਦਿੱਲੀ ਹਾਈ ਕੋਰਟ ਦੇ ਆਦੇਸ਼ 'ਤੇ ਅੰਤ੍ਰਿਮ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਸੇਂਗਰ ਰਿਹਾਅ ਨਹੀਂ ਕੀਤਾ ਜਾਏਗਾ। ਇਸ ਨਾਲ ਹੀ ਕੋਰਟ ਨੇ ਸੀਬੀਆਈ ਦੀ ਪਟੀਸ਼ਨ 'ਤੇ ਸੇਂਗਰ ਨੂੰ ਨੋਟਿਸ ਜਾਰੀ ਕਰਦੇ ਹੋਏ ਮਾਮਲੇ ਨੂੰ 20 ਜਨਵਰੀ ਨੂੰ ਮੁੜ ਸੁਣਵਾਈ 'ਤੇ ਲਗਾਉਣ ਦਾ ਆਦੇਸ਼ ਦਿੱਤਾ ਹੈ। ਇਹ ਆਦੇਸ਼ ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜੇਕੇ ਮਹੇਸ਼ਵਰੀ ਤੇ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕੁਲਦੀਪ ਸੇਂਗਰ ਦੀ ਸਜ਼ਾ ਮੁਅੱਤਲ ਕਰ ਕੇ ਉਸ ਨੂੰ ਜ਼ਮਾਨਤ ਦੇਣ ਦੇ ਦਿੱਲੀ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਸੀਬੀਆਈ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ ਸੋਮਵਾਰ ਨੂੰ ਜਾਰੀ ਕੀਤੇ। ਸੁਣਵਾਈ ਦੌਰਾਨ ਫ਼ੈਸਲਾ ਸੁਣਾਉਣ ਵਾਲੇ ਹਾਈ ਕੋਰਟ ਦੇ ਜੱਜਾਂ ਦੀ ਆਲੋਚਨਾ ਦਾ ਮੁੱਦਾ ਵੀ ਉੱਠਿਆ, ਜਿਸ 'ਤੇ ਬੈਂਚ ਨੇ ਕਿਹਾ ਕਿ ਸਾਡੇ ਜੱਜ ਸਰਬੋਤਮ ਹਨ। ਕੋਰਟ ਨੇ ਆਲੋਚਨਾ ਦੀ ਨਿੰਦਾ ਕੀਤੀ। ਹਾਲਾਂਕਿ, ਸੀਜੇਆਈ ਨੇ ਕਿਹਾ ਕਿ ਜੱਜ ਤੋਂ ਵੀ ਗ਼ਲਤੀ ਹੋ ਸਕਦੀ ਹੈ। ਦਿੱਲੀ ਹਾਈ ਕੋਰਟ ਨੇ ਉੱਨਾਵ 'ਚ 2017 'ਚ ਨਾਬਾਲਗ ਨਾਲ ਜਬਰ-ਜਨਾਹ ਦੇ ਜੁਰਮ 'ਚ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਹੇਠਲੀ ਅਦਾਲਤ ਵਲੋਂ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਮੁਅੱਤਲ ਕਰਦੇ ਹੋਏ 23 ਦਸੰਬਰ ਨੂੰ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ।



# ਕਾਰਤੀ ਚਿਦੰਬਰਮ ਤੇ ਹੋਰਨਾਂ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਹੁਕਮ

**ਨਵੀਂ ਦਿੱਲੀ:** ਦਿੱਲੀ ਦੀ ਇੱਕ ਅਦਾਲਤ ਨੇ ਚੀਨੀ (ਚੀਨ) ਵੀਜ਼ਾ ਘੁਟਾਲੇ ਨਾਲ ਸੰਬੰਧਿਤ ਸੀ. ਬੀ. ਆਈ. ਮਾਮਲੇ ਵਿਚ ਕਾਂਗਰਸ ਸੰਸਦ ਮੈਂਬਰ ਕਾਰਤੀ ਪੀ. ਚਿਦੰਬਰਮ ਅਤੇ ਹੋਰਾਂ ਵਿਰੁੱਧ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ। ਇਹ ਮਾਮਲਾ 2011 ਨਾਲ ਸੰਬੰਧਿਤ ਹੈ ਜਦੋਂ ਕਾਰਤੀ ਦੇ ਪਿਤਾ ਪੀ. ਚਿਦੰਬਰਮ ਗ੍ਰਹਿ ਮੰਤਰੀ ਸਨ । ਜਾਣਕਾਰੀ ਮੁਤਾਬਿਕ 2011 ਵਿਚ ਪੰਜਾਬ 'ਚ ਤਲਵੰਡੀ ਸਾਬੋ ਪਾਵਰ ਲਿਮਟਿਡ ਨਾਂਅ ਦੀ ਇੱਕ ਕੰਪਨੀ ਦੇ ਤਹਿਤ ਇੱਕ ਬਿਜਲੀ ਪ੍ਰਾਜੈਕਟ ਚਲਾਇਆ ਜਾ ਰਿਹਾ ਸੀ, ਜਿਸ ਵਿਚ ਚੀਨ ਦੇ ਕਾਮੇ ਕੰਮ ਕਰ ਰਹੇ ਸਨ । ਇਨ੍ਹਾਂ ਕਾਮਿਆਂ ਨੂੰ ਵਿਸ਼ੇਸ਼ ਪ੍ਰਾਜੈਕਟ ਵੀਜ਼ੇ ਜਾਰੀ ਕੀਤੇ ਗਏ ਸਨ। ਕਾਰਤੀ ਚਿਦੰਬਰਮ 'ਤੇ ਭਾਰਤ ਵਿਚ ਕੰਮ ਕਰਨ ਲਈ ਵੀਜ਼ਾ ਪ੍ਰਾਪਤ ਕਰਨ ਵਿਚ ਚੀਨੀ ਨਾਗਰਿਕਾਂ ਦੀ ਗੈਰ-ਕਾਨੂੰਨੀ ਸਹਾਇਤਾ ਕਰਨ ਦੇ ਬਦਲੇ ਰਿਸ਼ਵਤ ਲੈਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ) ਦੇ ਵਿਸ਼ੇਸ਼ ਜੱਜ ਦਿਗ ਵਿਨੇ ਸਿੰਘ ਨੇ ਕਾਰਤੀ ਚਿਦੰਬਰਮ ਅਤੇ ਸੱਤ ਹੋਰਾਂ ਵਿਰੁੱਧ ਮਾਮਲੇ ਦੀ ਸੁਣਵਾਈ ਕਰਦਿਆਂ ਸੱਤ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਅਤੇ ਇੱਕ ਚੇਤਨ ਸ੍ਰੀਵਾਸਤਵ ਨੂੰ ਮਾਮਲੇ ਵਿਚੋਂ ਬਰੀ ਕਰ ਦਿੱਤਾ ਹੈ।



**ਇਹ ਮਾਮਲਾ 2011 ਨਾਲ ਸੰਬੰਧਿਤ ਹੈ ਜਦੋਂ ਕਾਰਤੀ ਦੇ ਪਿਤਾ ਪੀ. ਚਿਦੰਬਰਮ ਗ੍ਰਹਿ ਮੰਤਰੀ ਸਨ । ਜਾਣਕਾਰੀ ਮੁਤਾਬਿਕ 2011 ਵਿਚ ਪੰਜਾਬ 'ਚ ਤਲਵੰਡੀ ਸਾਬੋ ਪਾਵਰ ਲਿਮਟਿਡ ਨਾਂਅ ਦੀ ਇੱਕ ਕੰਪਨੀ ਦੇ ਤਹਿਤ ਇੱਕ ਬਿਜਲੀ ਪ੍ਰਾਜੈਕਟ ਚਲਾਇਆ ਜਾ ਰਿਹਾ ਸੀ.**

# ਦਿੱਲੀ ਦੇ ਉਪ-ਰਾਜਪਾਲ ਵਲੋਂ ਕੇਜਰੀਵਾਲ 'ਤੇ ਹਵਾ ਪ੍ਰਦੂਸ਼ਣ 'ਤੇ ਕਾਰਵਾਈ ਨਾ ਕਰਨ ਦਾ ਦੋਸ਼



**ਨਵੀਂ ਦਿੱਲੀ:** ਦਿੱਲੀ ਦੇ ਉਪ-ਰਾਜਪਾਲ ਵੀ.ਕੇ. ਸਕਸੈਨਾ ਨੇ 'ਆਪ' ਕਨਵੀਨਰ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਘੋਰ ਉਦਾਸੀਨਤਾ ਤੇ ਅਪਰਾਧਿਕ ਕਾਰਵਾਈ ਨਾ ਕਰਨ ਦਾ ਦੋਸ਼ ਲਗਾਇਆ ਤੇ ਰਾਜਧਾਨੀ 'ਚ ਮੌਜੂਦਾ ਸੰਕਟ ਲਈ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਸਕਸੈਨਾ ਨੇ ਪੱਤਰ 'ਚ ਦਾਅਵਾ ਕੀਤਾ ਕਿ ਹਵਾ ਪ੍ਰਦੂਸ਼ਣ 'ਤੇ ਕੇਜਰੀਵਾਲ ਨਾਲ ਗੱਲਬਾਤ ਦੌਰਾਨ ਸਾਬਕਾ 'ਮੁੱਖ ਮੰਤਰੀ ਨੇ ਇਸ ਮੁੱਦੇ ਨੂੰ ਤਵੱਜੋ ਨਾ ਦਿੰਦਿਆਂ ਕਿਹਾ ਕਿ ਇਹ ਇਕ ਸਾਲਾਨਾ ਘਟਨਾ ਹੈ ਤੇ ਕਾਰਕੁੰਨ ਤੇ ਅਦਾਲਤਾਂ ਇਸ ਨੂੰ ਮੁੱਦਾ ਬਣਾਉਂਦੀਆਂ ਹਨ ਤੇ ਫਿਰ ਇਸ ਨੂੰ ਭੁੱਲ ਜਾਂਦੀਆਂ ਹਨ। ਇਸੇ ਦੌਰਾਨ 'ਆਪ' ਦੇ ਰਾਸ਼ਟਰੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਵੀ. ਕੇ. ਸਕਸੈਨਾ 'ਤੇ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਰਾਜਨੀਤਿਕ ਧਿਆਨ ਭਟਕਾਉਣ ਤੇ ਨਾਟਕ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਵਾਲੇ ਮੌਜੂਦਾ ਪ੍ਰਸ਼ਾਸਨ ਤੋਂ ਧਿਆਨ ਹਟਾਉਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ।

## ਲੰਡਨ ਤੋਂ ਭਾਰਤ ਆ ਰਹੀ ਉਡਾਣ 'ਚ ਬੰਬ ਹੋਣ ਦੀ ਧਮਕੀ

ਲੰਡਨ/ਲੈਸਟਰ:ਬੀਤੇ ਕੁਝ ਸਮੇਂ ਤੋਂ ਹਵਾਈ ਉਡਾਣਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਖਾਸ ਤੌਰ 'ਤੇ ਭਾਰਤ ਆਉਂਦੀਆਂ ਫਲਾਈਟਾਂ ਨੂੰ ਧਮਕੀਆਂ ਮਿਲਣ ਦਾ ਸਿਲਸਿਲਾ ਵੱਧਦਾ ਜਾ ਰਿਹਾ ਹੈ। ਇਸੇ ਦੌਰਾਨ ਇੰਗਲੈਂਡ ਦੀ ਰਾਜਧਾਨੀ ਲੰਡਨ ਤੋਂ ਹੈਦਰਾਬਾਦ ਨੂੰ ਆ ਰਹੀ ਬ੍ਰਿਟਿਸ਼ ਏਅਰਵੇਜ਼ ਦੀ ਇਕ ਫਲਾਈਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ, ਜਿਸ ਕਾਰਨ ਹੈਦਰਾਬਾਦ ਦੇ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਨਿਯਮਾਂ ਦੀ ਪਾਲਣਾ ਕਰਨੀ ਪਈ । ਜਾਣਕਾਰੀ ਅਨੁਸਾਰ ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮਰ ਕੇਅਰ ਨੂੰ ਸੋਮਵਾਰ ਨੂੰ ਹੀਥਰੋ ਤੋਂ ਹੈਦਰਾਬਾਦ ਜਾ ਰਹੀ ਬੀ ਏ 277 ਉਡਾਣ 'ਚ ਬੰਬ ਦੀ ਧਮਕੀ ਸਬੰਧੀ ਇੱਕ ਈਮੇਲ ਪ੍ਰਾਪਤ ਹੋਈ । ਸੂਤਰਾਂ ਨੇ ਦੱਸਿਆ ਕਿ ਜਹਾਜ਼ ਨੂੰ ਸੁਰੱਖਿਅਤ ਢੰਗ ਨਾਲ ਜੋ ਉਤਾਰਿਆ ਗਿਆ ਅਤੇ ਮਿਆਰੀ ਸੁਰੱਖਿਆ ਉਪਾਅ ਕੀਤੇ ਗਏ। ਜਿਕਰਯੋਗ ਹੈ ਕਿ ਇਸੇ ਤਰ੍ਹਾਂ ਕੁਵੈਤ ਤੋਂ ਆ ਰਹੀ ਕੇ ਯੂ 373 ਉਡਾਣ ਨੂੰ ਵੀ ਧਮਕੀ ਮਿਲੀ ਸੀ ।



ਪੰਜਾਬ ਟਾਈਮਜ਼

3 ਜਨਵਰੀ, ਸ਼ਨਿਚਰਵਾਰ

## ਜੀ ਰਾਮ ਜੀ ਯੋਜਨਾ, ਕੇਂਦਰ ਬਨਾਮ ਪੰਜਾਬ

*ਹੁਣੇ ਜਿਹੇ ਮਗਨਰੇਗਾ ਯੋਜਨਾ ਦਾ ਨਾਂ ਅਤੇ ਸਰੂਪ ਬਦਲਣ ਨਾਲ ਦੇਸ਼ ਭਰ ਵਿਚ ਚੱਲ ਰਿਹਾ ਵਿਵਾਦ ਉਦੋਂ ਹੋਰ ਗਹਿਰਾ ਹੋ ਗਿਆ ਜਦੋਂ ਪੰਜਾਬ ਵਿਧਾਨ ਸਭਾ ਵਲੋਂ ਕੇਂਦਰ ਸਰਕਾਰ ਦੀ ਇਸ ਕਾਰਵਾਈ ਵਿਰੁੱਧ ਮਤਾ ਪਾਸ ਕਰ ਦਿੱਤਾ ਗਿਆ। ਕੇਂਦਰ ਸਰਕਾਰ ਨੇ ਵੀ ਇਸ ਉਪਰ ਆਪਣੀ ਪ੍ਰਤੀਕਿਰਿਆ ਦੇਣ ਵਿਚ ਦੇਰ ਨਹੀਂ ਲਗਾਈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅਜਿਹਾ ਮਤਾ ਪ੍ਰਵਾਨ ਕਰਨ ਕਰਕੇ ਪੰਜਾਬ ਵਿਧਾਨ ਸਭਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਜਿਹਾ ਕਦਮ ਭਾਰਤ ਦੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ 'ਤੇ ਲੋਕ ਸਭਾ ਵਿਚ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ ਅਤੇ ਸਰਕਾਰ ਨੇ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਬਹਿਸ ਲਈ ਕਾਫ਼ੀ ਸਮਾਂ ਵੀ ਦਿੱਤਾ ਸੀ। ਉਨ੍ਹਾਂ ਅੱਗੇ ਕਿਹਾ, 'ਸੰਸਦ ਵਿਚ ਇੱਕ ਕਾਨੂੰਨ ਬਣਾਇਆ ਗਿਆ ਹੈ ਅਤੇ ਵਿਧਾਨ ਸਭਾ ਵਿਚ ਇਸ ਦੇ ਵਿਰੁੱਧ ਮਤਾ ਪਾਸ ਕਰਨਾ ਸਾਡੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ।'*

*ਕੇਂਦਰ ਸਰਕਾਰ ਅਤੇ ਪੰਜਾਬ ਵਿਚ ਪੈਦਾ ਹੋਇਆ ਇਹ ਟਕਰਾਅ ਕਿਸ ਕਰਵਟ ਬੈਠੇਗਾ ਇਹ ਤਾਂ ਸਮਾਂ ਹੀ ਦੱਸੇਗਾ ਪਰ ਇਸ ਸਕੀਮ ਦੇ ਪਿਛੋਕੜ ਅਤੇ ਮਹੱਤਵ ਨੂੰ ਸਮਝਣਾ ਬਹੁਤ ਜ਼ਰੂਰੀ ਹੈ।*

*ਨਰੇਗਾ (ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ 2005, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ 2005 ਅਤੇ ਹੁਣੇ ਜਿਹੇ ਪਾਸ ਹੋਇਆ ਵਿਕਸਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਅਜੀਵਿਕਾ ਮਿਸ਼ਨ (ਗ੍ਰਾਮੀਣ, ਐਕਟ 2025) ਪੇਂਡੂ ਗ਼ਰੀਬ ਮਜ਼ਦੂਰਾਂ ਅਤੇ ਕਿਰਤੀਆਂ ਦੇ ਲੰਬੇ ਸੰਘਰਸ਼ ਵਿੱਚੋਂ ਨਿਕਲਿਆ ਇਕ ਮਹੱਤਵਪੂਰਨ ਕਾਨੂੰਨ ਹੈ। ਇਸ ਦੀਆਂ ਜੜ੍ਹਾਂ ਰਾਜਸਥਾਨ ਵਿਚ ਮਜ਼ਦੂਰ ਕਿਸਾਨ ਸ਼ਕਤੀ ਸੰਗਠਨ (ਐਮ.ਕੇ.ਐਸ.ਐਸ. ਜੋ 1 ਮਈ 1990 ਨੂੰ ਦੇਵ ਡੂੰਗਰੀ ਪਿੰਡ ਵਿਚ ਸਥਾਪਤ ਕੀਤਾ ਗਿਆ) ਵਰਗੇ ਸਮਾਜਿਕ ਅੰਦੋਲਨਾਂ ਵਿਚ ਹਨ। ਜਿਸ ਨੇ 1990ਵਿਆਂ ਤੋਂ ਲੈ ਕੇ ਰਾਹਤ ਕਾਰਜਾਂ ਵਿਚ ਮਜ਼ਦੂਰਾਂ ਦੇ ਹੱਕਾਂ ਲਈ, ਭ੍ਰਿਸ਼ਟਾਚਾਰ ਵਿਰੁੱਧ ਅਤੇ ਰੁਜ਼ਗਾਰ ਦੀ ਮੰਗ ਲਈ ਸੰਘਰਸ਼ ਕੀਤਾ। ਅਰੁਣਾ ਰਾਏ, ਨਿਖਿਲ ਡੇ, ਸ਼ੰਕਰ ਸਿੰਘ ਅਤੇ ਜੀਨ ਡਰੇਜ਼ ਵਰਗੇ ਕਾਰਕੁਨਾਂ ਨੇ ਇਸ ਅੰਦੋਲਨ ਨੂੰ ਅੱਗੇ ਵਧਾਇਆ। ਮਜ਼ਦੂਰ ਸੰਗਠਨਾਂ ਨੇ 'ਹਮਰਾ ਪੈਸਾ, ਹਮਰਾ ਹਿਸਾਬ' ਵਰਗੇ ਨਾਅਰੇ ਅਤੇ ਸੂਚਨਾ ਦੇ ਅਧਿਕਾਰ ਦੀ ਮੰਗ ਉਠਾਈ।*

*ਇਨ੍ਹਾਂ ਸਮਾਜਿਕ ਅੰਦੋਲਨਾਂ ਦੇ ਦਬਾਅ ਕਾਰਨ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਨਰੇਗਾ ਕਾਨੂੰਨ 2005 ਪਾਸ ਕੀਤਾ ਜੋ ਪੇਂਡੂ ਘਰਾਂ ਵਿਚ ਸਾਲਾਨਾ 100 ਦਿਨਾਂ ਦੇ ਦਿੱਤੇ ਜਾਣ ਵਾਲੇ ਕੰਮਾਂ ਦਾ ਕਾਨੂੰਨੀ ਹੱਕ ਦਿੰਦਾ ਸੀ, ਨਾ ਕਿ ਸਿਰਫ਼ ਸਰਕਾਰੀ ਸਕੀਮ ਸੀ। ਭਾਰਤ ਦੀ ਸੰਸਦ ਵੱਲੋਂ 2005 ਵਿਚ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ ਪਾਸ ਹੋਇਆ ਜਿਸ ਦੇ ਨਾਲ ਬਾਅਦ 'ਚ 2009 'ਚ ਮਹਾਤਮਾ ਗਾਂਧੀ ਸ਼ਬਦ ਜੋੜਿਆ ਗਿਆ। ਇਸ ਤੋਂ ਬਾਅਦ ਖੁਰਾਕ ਦਾ ਅਧਿਕਾਰ, ਪੈਨਸ਼ਨਾਂ, ਸੋਸ਼ਲ ਆਡਿਟ ਅਤੇ ਵਿਸਲ ਬਲੋਅਰ ਸੁਰੱਖਿਆ ਵਰਗੇ ਮੁੱਦਿਆਂ 'ਤੇ ਕੰਮ ਕੀਤਾ ਅਤੇ ਔਰਤਾਂ ਦੀ ਭਾਗੀਦਾਰੀ ਵਧਾਉਣ ਅਤੇ ਪੇਂਡੂ ਗ਼ਰੀਬੀ ਵਿਰੁੱਧ ਵੱਡੀ ਭੂਮਿਕਾ ਨਿਭਾਈ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ 2005 ਭਾਰਤ ਵਿਚ ਪੇਂਡੂ ਵਿਕਾਸ ਨੂੰ ਉਤਸ਼ਾਹਤ ਕਰਨ ਵਾਲਾ ਇਕ ਮਹੱਤਵਪੂਰਨ ਕਾਨੂੰਨ ਹੈ ਨਰੇਗਾ। ਇਹ ਫਰਵਰੀ 2006 ਨੂੰ 200 ਜ਼ਿਲ੍ਹਿਆਂ ਵਿਚ ਲਾਗੂ ਕੀਤਾ ਗਿਆ ਅਤੇ 2007 ਵਿਚ ਇਸ ਨੂੰ ਹੋਰ 130 ਜ਼ਿਲ੍ਹਿਆ ਵਿਚ ਵਧਾਇਆ ਗਿਆ।*

*ਮੋਦੀ ਸਰਕਾਰ ਵੱਲੋਂ 2025 ਵਿਚ ਇਸ ਕਾਨੂੰਨ ਦਾ ਨਾਂ ਵੀਬੀ-ਜੀ ਆਰ ਏ ਐਮ ਜੀ (ਵਿਕਸਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਅਜੀਵੀਕਾ ਮਿਸ਼ਨ (ਗ੍ਰਾਮੀਣ) ਐਕਟ 2025 ਕਰਨ ਦੇ ਨਾਲ-ਨਾਲ ਇਸ ਦੇ ਪ੍ਰਬੰਧਨ ਵਿਚ ਵੀ ਤਬਦੀਲੀਆਂ ਕੀਤੀਆਂ ਗਈਆਂ। ਰੁਜ਼ਗਾਰ ਦੇ ਸਾਲ ਵਿਚ 100 ਦਿਨ ਵਧਾ ਕੇ 125 ਦਿਨ ਕੀਤੇ ਗਏ ਅਤੇ ਔਰਤਾਂ ਲਈ 1/3 ਹਿੱਸਾ ਰਾਖਵਾਂ ਕੀਤਾ ਗਿਆ ਅਤੇ ਨਾਲ ਹੀ ਇਕੱਲੀਆਂ ਔਰਤਾਂ (ਬੇਵਾ, ਅਣਵਿਆਹੀਆਂ ਆਦਿ) ਨੂੰ ਤਰਜੀਹ ਦਿੱਤੀ ਗਈ ਹੈ। ਫੰਡਿੰਗ ਅਨੁਪਾਤ 60:40 (ਕੇਂਦਰ ਰਾਜ) ਕੀਤਾ ਗਿਆ। ਸਾਲ 2023-24 ਵਿਚ ਇਸ ਨੇ 309 ਕਰੋੜ ਵਿਅਕਤੀ-ਦਿਨਾਂ ਦਾ ਰੁਜ਼ਗਾਰ ਪੈਦਾ ਕੀਤਾ। ਸਾਲ 2014 -15 ਵਿਚ ਰੁਜ਼ਗਾਰ ਵਿਚ ਗਿਰਾਵਟ ਆਈ। ਸੰਨ 2009-10 ਵਿਚ ਵਿਸ਼ਵ ਵਿੱਤੀ ਸੰਕਟ ਅਤੇ 2020-22 ਦੇ ਕੋਵਿਡ-19 ਦੀ ਮਹਾਮਾਰੀ ਦੌਰਾਨ ਨਰੇਗਾ ਨੇ ਲੋਕਾਂ ਨੂੰ ਰੁਜ਼ਗਾਰ ਉਪਲਬਧ ਕਰਵਾਇਆ। ਔਰਤਾਂ ਨੂੰ ਰੁਜ਼ਗਾਰ ਖੇਤਰਾਂ ਵਿਚ 50% ਵਧੇਰੇ ਭਾਗੀਦਾਰੀ ਦੇ ਕੇ ਉਨ੍ਹਾਂ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਇਆ ਹੈ। ਇਹ ਵੀ ਇਕ ਸੱਚਾਈ ਹੈ ਕਿ ਦਿਹਾੜੀ/ਵੇਜ ਪੇਮੈਂਟ ਵਿਚ ਦੇਰੀ, ਫੰਡਾਂ ਦੀ ਘਾਟ ਅਤੇ ਵੱਖ-ਵੱਖ ਰਾਜਾਂ ਵਿਚ ਇਸ ਦੀ ਉਪਯੋਗਿਤਾ ਵੱਖ-ਵੱਖ ਰਹੀ। ਜ਼ਿਕਰਯੋਗ ਹੈ ਕਿ ਨਵਾਂ ਕਾਨੂੰਨ-ਵਿਕਸਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਅਜੀਵੀਕਾ ਮਿਸ਼ਨ (ਗ੍ਰਾਮੀਣ, ਐਕਟ 2025) ਕਾਨੂੰਨ ਰਾਹੀਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ 2005 ਨੂੰ ਬਦਲਿਆ ਗਿਆ ਅਤੇ ਇਸ ਨੂੰ ਵਿਕਸਤ ਭਾਰਤ 2047 ਦੇ ਵਿਜ਼ਨ ਨਾਲ ਜੋੜਨ ਦਾ ਯਤਨ ਕੀਤਾ ਗਿਆ। ਵਿਕਸਤ ਭਾਰਤ 2047 ਭਾਰਤ ਸਰਕਾਰ ਦਾ ਇਕ ਖ਼ਾਹਿਸ਼ੀ ਵਿਜ਼ਨ ਹੈ ਜਿਸ ਦਾ ਉਦੇਸ਼ 2047 ਤੱਕ (ਸੁਤੰਤਰਤਾ ਦੀ 100ਵੀਂ ਵਰ੍ਹੇਗੰਢ 'ਤੇ) ਭਾਰਤ ਨੂੰ ਇਕ ਪੂਰਨ ਵਿਕਸਤ ਰਾਸ਼ਟਰ ਬਣਾਉਣਾ ਹੈ।*

*ਪਹਿਲੇ ਕਾਨੂੰਨ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ 2005 ਅਨੁਸਾਰ ਇਸ ਦਾ ਸਾਰਾ ਵਿੱਤੀ ਪ੍ਰਬੰਧ ਕੇਂਦਰ ਸਰਕਾਰ ਵੱਲੋਂ ਕੀਤਾ ਜਾਂਦਾ ਸੀ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਐਕਟ 2005 ਭਾਵ ਮਨਰੇਗਾ ਨੇ 20 ਸਾਲਾਂ ਵਿਚ ਪੇਂਡ ਰੁਜ਼ਗਾਰ ਅਤੇ ਆਮਦਨ ਸੁਰੱਖਿਆ ਵਿਚ ਵੱਡਾ ਯੋਗਦਾਨ ਪਾਇਆ ਹੈ। ਪਰ ਕਈ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ ਜਿਵੇਂ ਫੰਡਾਂ ਦੀ ਦੁਰਵਰਤੋਂ, ਫ਼ਰਜ਼ੀ ਮਸਟਰੋਲ ਤਿਆਰ ਕਰਨੇ, ਮਸ਼ੀਨਾਂ ਰਾਹੀਂ ਕੰਮ ਕਰਵਾਉਣਾ, ਕੰਮਾਂ ਨੂੰ ਸਮੇਂ ਸਿਰ ਮੁਕੰਮਲ ਨਾ ਕਰਨਾ ਅਤੇ ਕੰਮਾਂ ਵਿਚ ਗੁਣਵੱਤਾ ਦੀ ਘਾਟ ਆਦਿ।*

*ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸ ਬਾਰੇ ਕਿਹਾ ਕਿ ਸਰਕਾਰ ਨੂੰ ਵਿਸ਼ੇਸ਼ ਇਜਲਾਸ ਸੱਦਣ ਦੀ ਥਾਂ ਨਿਯਮਤ ਇਜਲਾਸ ਸੱਦਣਾ ਚਾਹੀਦਾ ਸੀ ਤਾਂ ਜੋ ਹਰ ਵਿਧਾਇਕ ਨੂੰ ਆਪਣੀ ਗੱਲ ਕਰਨ ਦਾ ਮੌਕਾ ਮਿਲੇ। ਓਧਰ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਇਸ ਇਜਲਾਸ 'ਤੇ ਹੀ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਦੀਆਂ ਕਈ ਯੋਜਨਾਵਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਬਾਅਦ ਵਿਚ ਬਦਲਾਅ ਵੀ ਕੀਤੇ ਜਾਂਦੇ ਹਨ।*

*ਮਗਨਰੇਗਾ 'ਚ ਕਈ ਖ਼ਾਮੀਆਂ ਵੀ ਸਨ ਜਿਸ ਕਾਰਨ ਨਵੀਂ ਯੋਜਨਾ ਲਿਆਂਦੀ ਗਈ। ਵੇਲੇ ਦਾ ਸੱਚ ਇਹ ਹੈ ਕਿ ਪੰਜਾਬ ਵਿਧਾਨ ਸਭਾ ਦਾ ਇਹ ਮਤਾ ਕੇਂਦਰ ਸਰਕਾਰ ਲਈ ਨਵੀਂ ਚੁਣੌਤੀ ਲੈ ਕੇ ਆਇਆ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜੀ ਆਇਆਂ ਛੱਬੀ ਨੂੰ

ਚੜ੍ਹੇ ਸਾਲ ਵਿਚ ਪੈਣ ਪੱਤੇ ਅਤੇ 'ਫੁੱਲ-ਫ਼ਲ', ਪਈ ਹੋਈ ਭਾਵਨਾ ਕੋਈ ਦਿਲ ਵਿਚ ਦੱਬੀ ਨੂੰ।
ਛੱਡ ਕੇ ਨਿਰਾਸ਼ਾ ਸਦਾ ਆਸਵੰਦ ਰਹੀਏ ਯਾਰੋ, ਰੀਝਾਂ ਨਾਲ਼ ਮਾਣੀਏਂ ਜੀ ਖੁਸ਼ੀ ਕੋਈ 'ਲੱਭੀ' ਨੂੰ।
ਸ਼ਾਂਤ ਹੋ ਕੇ ਸੋਚੀਏ ਅੱਗੇ ਨੂੰ ਹੁਣ ਆਖੀਏ ਨਾ, ਗੁੱਸੇ 'ਚ ਕਿਸੇ ਨੂੰ ਆਖੀ ਗੱਲ ਕੌੜੀ-ਕੱਬੀ ਨੂੰ।
ਹੌਂਸਲਾ ਭਰੋਸਾ ਦੋਵੇਂ ਗਹਿਣੇ ਹਨ ਜ਼ਿੰਦਗੀ ਦੇ, ਲਈਏ ਝੱਲ ਹੌਂਸਲੇ ਦੇ ਨਾਲ਼ 'ਹਬੀ-ਨਬੀ' ਨੂੰ।
ਸੁਣ ਕੇ ਸਿਆਣਿਆਂ ਤੋਂ ਪੱਲੇ ਘੁੱਟ ਬੰਨ੍ਹੀਏਂ ਜੀ, ਪੜ੍ਹ ਕੇ ਕਿਤਾਬਾਂ ਵਿੱਚੋਂ ਗੱਲ ਸਿਆਣੀ ਫੱਬੀ ਨੂੰ।
'ਪੱਚੀ' ਵਾਂਗ ਹਫਤੇ ਮਹੀਨੇ ਆਈ-ਜਾਈ ਜਾਣੇ, ਤਦ ਵੀ ਜੀ ਆਇਆਂ ਕਹੀਏ ਨਵੇਂ ਸਾਲ ਛੱਬੀ ਨੂੰ!

ਨਵੇਂ ਵਰ੍ਹੇ 'ਤੇ ਵਿਸ਼ੇਸ਼

# ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ

ਪੌਣੀ ਸਦੀ ਤੋਂ ਬਾਅਦ ਸਵਾ ਤਿੰਨ ਵਰ੍ਹੇ ਅਤੇ ਅੱਧਾ ਮਹੀਨਾ ਬੀਤ ਗਿਆ ਹੈ। ਨਵਾਂ ਵਰ੍ਹਾ ਚੜ੍ਹ ਗਿਆ ਹੈ। ਇਨ੍ਹਾਂ ਵਰ੍ਹਿਆਂ 'ਚ ਦੇਸ਼ ਦੇ ਲੋਕਾਂ ਨੇ ਕਈ ਰੰਗ ਵੇਖੇ ਹਨ, ਪਰ ਇੱਕ ਰੰਗ ਤੋਂ ਅਸੀਂ ਭਾਰਤੀ ਛੁਟਕਾਰਾ ਨਹੀਂ ਪਾ ਸਕੇ। ਸਗੋਂ ਇਹ ਰੰਗ ਇੰਨਾ ਗੂੜ੍ਹਾ ਹੋ ਗਿਆ ਹੈ, ਸਾਡੇ ਹੱਡਾਂ 'ਚ ਇੰਨਾ ਰਚ-ਰਚਾ ਦਿੱਤਾ ਗਿਆ ਹੈ ਕਿ ਧੌਣ ਨਾਲ਼ ਹੋਰ ਗੂੜ੍ਹਾ ਹੋ ਰਿਹਾ ਹੈ। ਇਹ ਹੈ ਕਾਲਾ ਰੰਗ—ਗ਼ੁਰਬਤ ਦਾ, ਗ਼ਰੀਬੀ ਦਾ, ਕੰਗਾਲੀ ਦਾ, ਦਰਿੱਦਰਤਾ ਦਾ, ਥੁੜ੍ਹਾਂ ਦਾ, ਨਿਰਧਨਤਾ ਦਾ, ਮੁਥਾਜੀ ਦਾ।



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਥੁੜ੍ਹਾਂ ਮਾਰੇ ਭਾਰਤੀ ਲੋਕਾਂ ਵੱਲੋਂ ਦਰਿੱਦਰਤਾ ਨਾਲ਼ ਲੜਾਈ ਲੜਦਿਆਂ ਸਦੀਆਂ ਬੀਤ ਗਈਆਂ। ਸਾਧਨ-ਵਿਹੂਣੇ ਲੋਕ ਆਪਣੇ ਆਪ ਨੂੰ ਜਿਉਂਦਿਆਂ ਰੱਖਣ ਲਈ ਸਾਧਨ-ਭਰਪੂਰ ਹੈਂਕੜਬਾਜ਼ ਹਾਕਮਾਂ ਨਾਲ਼ ਜੰਗ-ਯੁੱਧ ਲੜਦੇ ਰਹੇ, ਹੱਕਾਂ ਲਈ ਸੰਘਰਸ਼ ਕਰਦੇ ਰਹੇ। ਅੱਖਾਂ 'ਚ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਸੰਜੋਅ ਕੇ ਕੁਰਬਾਨੀਆਂ ਦਿੰਦੇ ਰਹੇ, ਪਰ ਇਹ ਕੁਰਬਾਨੀਆਂ ਚਤੁਰ ਹਾਕਮਾਂ ਦੀਆਂ ਕੋਝੀਆਂ ਚਾਲਾਂ ਅੱਗੇ ਫਿੱਕੀਆਂ ਪੈਂਦੀਆਂ ਰਹੀਆਂ। ਸਾਜ਼ਸ਼ੀ, ਸਵਾਰਥੀ ਹੁਕਮਰਾਨ ਆਮ ਲੋਕਾਂ ਨੂੰ ਲਿਤਾੜ ਕੇ ਉਨ੍ਹਾਂ ਦੇ ਸਾਧਨਾਂ 'ਤੇ ਮੁੜ ਕਾਬਜ਼ ਹੁੰਦੇ ਰਹੇ।

ਇਹੋ ਕੁਝ ਲਗਾਤਾਰ ਕੀਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੇ ਬਾਵਜੂਦ ਭਾਰਤੀਆਂ ਨਾਲ਼ ਵਾਪਰਦਾ ਰਿਹਾ। ਅੱਜ ਦੇਸ਼ 'ਤੇ ਉਹ ਲੋਕ ਕਾਬਜ਼ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਮਾਸਾ-ਤੋਲਾ ਵੀ ਹਿੱਸਾ ਨਹੀਂ ਪਾਇਆ, ਪਰ ਉਹ ਅੱਜ ਦੇਸ਼ ਦੇ ਅਖੌਤੀ ਮਾਲਕ ਹਨ। ਗ਼ਰੀਬੀ ਦੇ ਮਾਰੇ ਭਾਰਤੀਆਂ ਨਾਲ਼ ਦੇਸ਼ ਦੇ ਹਾਕਮਾਂ ਵੱਲੋਂ ਜਿਸ ਢੰਗ ਨਾਲ਼ ਸਲੂਕ ਕੀਤਾ ਜਾ ਰਿਹਾ ਹੈ, ਉਹ ਕਿਸੇ ਵੀ ਹਾਲਤ ਵਿਚ ਅੱਜ ਦੇ ਸਭਿਅਕ ਸਮਾਜ ਵਿਚ ਨਿੰਦਣਯੋਗ ਹੈ।

ਭਾਰਤ ਹਾਲੇ ਤੱਕ ਹਿੰਦੂ ਰਾਸ਼ਟਰ ਨਹੀਂ ਬਣਿਆ, ਜਿਸ ਨੂੰ ਬਣਾਉਣ ਲਈ ਮੌਜੂਦਾ ਹਾਕਮ ਪੱਬਾਂ ਭਾਰ ਹਨ, ਲੇਕਿਨ ਹਿੰਦੂ ਰਾਸ਼ਟਰ ਦੀਆਂ ਕੁਝ ਝਾਕੀਆਂ ਦੇਖਣ ਨੂੰ ਮਿਲ ਰਹੀਆਂ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਮਾਣ ਨਾਲ਼ ਆਪਣੇ ਆਪ ਨੂੰ 'ਬੁਲਡੋਜ਼ਰ ਬਾਬਾ' ਕਹਿੰਦੇ ਹਨ, ਲੇਕਿਨ ਉਨ੍ਹਾਂ ਦੇ ਬੁਲਡੋਜ਼ਰ ਕਦੇ ਹਿੰਦੂ ਅਪਰਾਧੀਆਂ ਦੇ ਘਰ ਨਹੀਂ ਤੋੜਦੇ। ਮੁਸਲਮਾਨਾਂ ਦੇ ਘਰ ਟੁੱਟਦੇ ਹਨ—ਬਿਨਾਂ ਅਦਾਲਤ ਵਿਚ ਅਪਰਾਧ ਸਾਬਤ ਕੀਤਿਆਂ।

ਕਿਹੋ ਜਿਹੀ ਉਲਟੀ-ਪੁਲਟੀ ਹਿੰਦੂ ਰਾਸ਼ਟਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ਹਾਕਮਾਂ ਵੱਲੋਂ, ਜਿੱਥੇ ਧਰਮ ਦੇਖ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਸਥਿਤੀ ਇਹ ਬਣਾਈ ਜਾ ਰਹੀ ਹੈ ਕਿ ਧਰਮ ਦੇਖ ਕੇ ਬੁਲਡੋਜ਼ਰ ਭੇਜਣ ਦੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ, ਜਦਕਿ ਦੇਸ਼ ਦੀ ਸੁਪਰੀਮ ਕੋਰਟ ਨੇ 'ਬੁਲਡੋਜ਼ਰ ਇਨਸਾਫ਼' ਨੂੰ ਸਰਾਸਰ ਗ਼ਲਤ ਕਿਹਾ ਹੈ।

ਪਰ ਇਨਸਾਫ਼ ਦਾ ਇੱਕ ਹੋਰ ਰੰਗ ਧਿਆਨ ਖਿੱਚਦਾ ਹੈ। ਪਿਛਲੇ ਹਫ਼ਤੇ ਕੁਲਦੀਪ ਸਿੰਘ ਸੇਂਗਰ ਦੀ ਸਜ਼ਾ ਦਿੱਲੀ ਦੀ ਇੱਕ ਅਦਾਲਤ ਨੇ ਘੱਟ ਕਰ ਦਿੱਤੀ। ਭਾਜਪਾ ਦੇ ਇਸ ਵਿਧਾਇਕ ਨੂੰ 2017 ਵਿਚ ਇੱਕ ਨਾਬਾਲਗ ਲੜਕੀ ਨਾਲ਼ ਉਨਾਵ ਵਿਚ ਬਲਾਤਕਾਰ ਕਰਨ ਲਈ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਦਿੱਲੀ ਦੀ ਅਦਾਲਤ ਨੇ ਇਸ ਆਧਾਰ 'ਤੇ ਸਜ਼ਾ ਘੱਟ ਕਰ ਦਿੱਤੀ ਕਿ ਪੋਕਸੋ ਦੇ ਤਹਿਤ ਵਿਧਾਇਕ ਨੂੰ ਸਰਕਾਰੀ ਅਧਿਕਾਰੀ ਨਹੀਂ ਮੰਨਿਆ ਜਾ ਸਕਦਾ। ਕੁਲਦੀਪ ਸਿੰਘ ਸੇਂਗਰ ਜੇਲ੍ਹ ਵਿਚ ਹੀ ਰਹੇਗਾ, ਕਿਉਂਕਿ ਜਿਸ ਬੱਚੀ ਨਾਲ਼ ਬਲਾਤਕਾਰ ਕੀਤਾ ਗਿਆ ਸੀ, ਉਸ ਦੇ ਪਿਤਾ ਦੀ ਹੱਤਿਆ ਵੀ ਇਸ ਵੱਲੋਂ ਕੀਤੀ ਗਈ ਸੀ।

ਇਹੋ ਜਿਹੀਆਂ ਘਟਨਾਵਾਂ ਪੌਣੀ ਸਦੀ ਤੋਂ ਵੱਧ ਅਰਸਾ ਬੀਤਣ ਬਾਅਦ ਇਹ ਸਿੱਧ ਨਹੀਂ ਕਰਦੀਆਂ ਕਿ ਭਾਰਤ ਹਿੰਦੂ ਰਾਸ਼ਟਰ ਬਣਨ ਵੱਲ ਅੱਗੇ ਵਧ ਰਿਹਾ ਹੈ ਅਤੇ ਧਰਮ-ਨਿਰਪੱਖਤਾ ਅਤੇ ਬਹੁਲਵਾਦ ਦੀ ਕੋਈ ਵੀ ਥਾਂ ਇਸ ਦੇਸ਼ ਵਿਚ ਨਹੀਂ ਰਹੇਗੀ? ਹਾਕਮਾਂ ਦਾ ਵਰਤਾਰਾ ਸਿੱਧਾ ਤੇ ਸਪੱਸ਼ਟ ਵਿਖਾਈ ਦੇ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਭਾਰਤੀ ਸੰਵਿਧਾਨ ਦੀ ਇਸ ਹਿੰਦੂ ਰਾਸ਼ਟਰ ਵਿਚ ਹੱਤਿਆ ਕੀਤੀ ਜਾਣ ਵਾਲੀ ਹੈ। ਜੇਕਰ ਇੰਵ ਵਾਪਰਦਾ ਹੈ ਤਾਂ ਭਾਰਤ ਦੇ ਅੰਦਰ ਉਸੇ ਕਿਸਮ ਦੀ ਅਰਾਜਕਤਾ ਵੇਖਣ ਨੂੰ ਮਿਲੇਗੀ, ਜਿਹੋ-ਜਿਹੀ ਅੱਜ ਬੰਗਲਾਦੇਸ਼ ਜਾਂ ਪਾਕਿਸਤਾਨ ਵਿਚ ਮਿਲਦੀ ਹੈ।

ਅਸਲ ਵਿਚ ਦੇਸ਼ ਵਿਚ ਨਫ਼ਰਤ ਦੇ ਆਸਾਰ ਬਣਾ ਕੇ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਵਿਚ ਫਨ ਫੈਲਾਈ ਬੈਠਾ ਹੈ। ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ, ਪਰਵਾਸ ਝੱਲ ਰਹੇ ਹਨ, ਡਿਗਰੀਆਂ ਹੱਥਾਂ ਵਿਚ ਹਨ, ਨੌਕਰੀਆਂ ਨਾ-ਬਰਾਬਰ ਹਨ। ਪਰ ਦੇਸ਼ ਦੇ ਹਾਕਮ ਚੋਣਾਂ ਵੇਲੇ ਵੱਡੇ ਲਾਰੇ ਲਾਉਂਦੇ ਹਨ, ਕਰੋੜਾਂ ਨੌਕਰੀਆਂ ਦੀ ਬਰਕਤ ਲੋਕਾਂ ਪੱਲੇ ਪਾਉਂਦੇ ਹਨ ਅਤੇ ਫਿਰ ਘੁਰਨਿਆਂ 'ਚ ਵੜ ਜਾਂਦੇ ਹਨ।



ਮੁਫ਼ਤ ਰਾਸ਼ਨ ਦੇ ਕੇ ਲੋਕਾਂ ਦੇ ਢਿੱਡ ਨੂੰ ਝੁਲਕਾ ਦੇਣ ਦੀਆਂ ਗੱਲਾਂ ਕਰਕੇ, ਉਨ੍ਹਾਂ ਨੂੰ ਪਰਚਾਉਣ ਦਾ ਯਤਨ ਦੇਸ਼ ਭਾਰਤ ਲਈ ਦੁਨੀਆ ਭਰ ਵਿਚ ਸ਼ਰਮਿੰਦਗੀ ਦਾ ਵੱਡਾ ਜਲੋਅ ਹੈ। ਪੌਣੀ ਸਦੀ ਤੋਂ ਸਵਾ ਤਿੰਨ ਵਰ੍ਹਿਆਂ ਬਾਅਦ, ਭਾਵ 78 ਸਾਲਾਂ ਬਾਅਦ ਵੀ, ਦੇਸ਼ ਦੀ ਕੁੱਲ 140 ਕਰੋੜ ਤੋਂ ਵੱਧ ਆਬਾਦੀ ਵਿਚੋਂ 80 ਕਰੋੜ ਲੋਕ ਮੁਫ਼ਤ ਅਨਾਜ ਪ੍ਰਾਪਤ ਕਰ ਰਹੇ ਹਨ।

ਦੇਸ਼ ਕਾਰਪੋਰੇਟਾਂ ਦੇ ਹੱਥਾਂ 'ਚ ਵੇਚਿਆ ਜਾ ਰਿਹਾ ਹੈ। ਬੁਨਿਆਦੀ ਢਾਂਚੇ ਦੀ ਉਸਾਰੀ ਦੇ ਨਾਂ 'ਤੇ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। 'ਸਭ ਦਾ ਵਿਕਾਸ' ਦੇ ਨਾਂ 'ਤੇ ਕਾਰਪੋਰੇਟ ਜਗਤ ਦਾ ਢਿੱਡ ਭਰਿਆ ਜਾ ਰਿਹਾ ਹੈ। ਪਰ ਇਨ੍ਹਾਂ ਵੱਡੀਆਂ ਹਾਈਵੇਜ਼ ਦਾ ਅਸਲ ਫ਼ਾਇਦਾ ਕਿਸ ਨੂੰ ਹੈ? ਕਿਸ ਵਰਗ ਦੀ ਆਮਦਨ ਵਧ ਰਹੀ ਹੈ? ਕਿਹੜਾ ਵਰਗ ਇਸ ਵਿਕਾਸ ਤੋਂ ਪੀੜਤ ਹੋ ਰਿਹਾ ਹੈ? ਕਿਸ ਵਰਗ ਦੀਆਂ ਜੇਬਾਂ ਕੱਟੀਆਂ ਜਾ ਰਹੀਆਂ ਹਨ?

ਆਖ਼ਰ ਦੇਸ਼ ਦੇ ਕੁਝ ਲੋਕ ਹੀ ਕੁਦਰਤੀ ਸਾਧਨਾਂ ਦੇ ਮਾਲਕ ਕਿਵੇਂ ਬਣਾਏ ਜਾ ਰਹੇ ਹਨ? ਇਸ ਪਿੱਛੇ ਕਿਹੜੀ ਸਾਜ਼ਿਸ਼ ਹੈ? ਕਾਰਪੋਰੇਟਾਂ ਅਤੇ ਹਾਕਮਾਂ ਦਾ ਗੱਠਜੋੜ ਪੌਣੀ ਸਦੀ ਬੀਤਣ ਤੋਂ ਬਾਅਦ ਦੇਸ਼ ਨੂੰ ਕਿਹੜੀ ਰਾਹ 'ਤੇ ਲੈ ਕੇ ਜਾ ਰਿਹਾ ਹੈ?

ਕਾਰਪੋਰੇਟਿਵ ਵਿਕਾਸ ਨੇ ਕੁਦਰਤ ਦਾ ਢਿੱਡ ਪਾੜ ਦਿੱਤਾ ਹੈ। ਮਨੁੱਖੀ ਕਿਰਤ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਹੈ। ਹਰ ਪਾਸੇ ਕਚਰਾ ਹੀ ਕਚਰਾ, ਗੰਦਗੀ ਦੇ ਢੇਰ ਹਨ। ਅੱਜ ਦਰਿਆਵਾਂ, ਪਹਾੜਾਂ ਦੀ ਸੋਹਣੀ ਧਰਤੀ ਗੰਦਗੀ ਦਾ ਢੇਰ ਬਣਾ ਦਿੱਤੀ ਗਈ ਹੈ। ਸਿੱਟਾ ਹੜ੍ਹਾਂ 'ਚ ਨਿਕਲਿਆ। ਵਾਤਾਵਰਨ 'ਚ ਪ੍ਰਦੂਸ਼ਣ ਵਧਿਆ। ਬਿਮਾਰੀਆਂ 'ਚ ਵਾਧਾ ਹੋਇਆ।

ਪ੍ਰਦੂਸ਼ਣ ਨੇ ਮਨੁੱਖ ਦੇ ਦੁੱਖਾਂ 'ਚ ਵਾਧਾ ਕੀਤਾ। ਬਿਮਾਰੀਆਂ ਦੇ ਇਲਾਜ ਲਈ ਨਵੀਆਂ ਦਵਾਈਆਂ ਦੀ ਖੋਜ ਹੋਈ। ਦਵਾਈਆਂ ਅਤੇ ਇਲਾਜ ਮਹਿੰਗੇ ਭਾਅ ਹੋ ਗਏ, ਪਰ ਇਹ ਸਧਾਰਨ ਮਨੁੱਖ ਦੀ ਪਹੁੰਚ ਤੋਂ ਦੂਰ ਰਹੇ। ਸਿੱਟਾ ਇਹ ਕਿ ਭਾਰਤ 'ਚ ਬੱਚਿਆਂ ਦੀ ਉਮਰ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਵੱਡੀ ਗਿਣਤੀ ਵਿਚ ਮੌਤ ਹੋ ਜਾਂਦੀ ਹੈ, ਕਿਉਂਕਿ ਉਹ ਕੁਪੋਸ਼ਣ ਦਾ ਸ਼ਿਕਾਰ ਰਹਿੰਦੇ ਹਨ।

ਦੇਸ਼, ਜਿਸ ਨੇ ਆਜ਼ਾਦੀ ਤੋਂ ਬਾਅਦ ਪੌਣੀ ਸਦੀ ਤੋਂ ਵੱਧ ਦਾ ਸਮਾਂ ਗੁਜ਼ਾਰ ਲਿਆ ਹੋਵੇ, ਆਪਣੇ ਭਵਿੱਖ—ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੀ ਗਰੰਟੀ ਵੀ ਨਹੀਂ ਦੇ ਸਕਿਆ। ਅੱਜ ਇੱਕ ਪਾਸੇ ਪੰਜ-ਸਟਾਰ ਹਸਪਤਾਲ ਅਤੇ ਪਬਲਿਕ ਸਕੂਲ ਹਨ, ਦੂਜੇ ਪਾਸੇ ਆਮ ਲੋਕਾਂ ਲਈ ਗਏ-ਗੁਜ਼ਰੇ ਹਸਪਤਾਲ ਅਤੇ ਸਕੂਲ ਹਨ, ਜਿਨ੍ਹਾਂ ਵਿਚ ਕੋਈ ਸੁਵਿਧਾਵਾਂ ਹੀ ਨਹੀਂ। ਲੱਖਾਂ ਬੱਚੇ ਅੱਜ ਵੀ ਸਕੂਲਾਂ ਦਾ ਮੂੰਹ ਨਹੀਂ ਵੇਖਦੇ। ਲੱਖਾਂ ਬੱਚੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਵੀ ਪੂਰੀ ਨਹੀਂ ਕਰ ਸਕਦੇ। ਉਨ੍ਹਾਂ ਨੂੰ ਬਾਲ-ਮਜ਼ਦੂਰੀ ਵਿਚ ਧੱਕ ਦਿੱਤਾ ਜਾਂਦਾ ਹੈ। ਨਾ ਸਿਰਾਂ 'ਤੇ ਛੱਤ, ਨਾ ਪਹਿਨਣ ਲਈ ਕੱਪੜੇ।

ਤਾਂ ਫਿਰ 78 ਸਾਲ ਆਜ਼ਾਦੀ ਦੇ ਆਖਰ ਕਿਹੜੇ ਲੇਖੇ ਲੱਗੇ ਹਨ? ਨਵਾਂ ਸਾਲ ਮੁਬਾਰਕ ਕਹਿਣ ਨੂੰ ਜੀਅ ਕਰਦਾ ਹੈ ਸਭ ਨੂੰ, ਤਾਂ ਆਓ ਵੇਖੀਏ ਵਿਸ਼ਵ ਪੱਧਰ 'ਤੇ ਅਸੀਂ ਕਿੱਥੇ ਖੜ੍ਹੇ ਹਾਂ।

* ਭੁੱਖਮਰੀ ਵਿਚ ਵਿਸ਼ਵ ਦੇ 123 ਦੇਸ਼ਾਂ ਵਿਚ ਭਾਰਤ ਦੀ ਥਾਂ 102ਵੀਂ ਹੈ।
* ਭਾਰਤੀ ਲੋਕਾਂ ਦੀ ਔਸਤ ਆਮਦਨ 2.15 ਡਾਲਰ ਪ੍ਰਤੀ ਦਿਨ ਹੈ।
* ਸਿਹਤ ਸੁਵਿਧਾਵਾਂ ਵਿਚ ਭਾਰਤ ਦਾ ਸਥਾਨ 195 ਦੇਸ਼ਾਂ ਵਿਚ 145ਵਾਂ ਹੈ।
* ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਦਾ ਨਾਂ ਦੁਨੀਆ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਵਿਚ ਸ਼ਾਮਿਲ ਨਹੀਂ ਹੈ।
* ਵਾਤਾਵਰਨ ਸੁਧਾਰ ਵਿਚ ਭਾਰਤ 180 ਦੇਸ਼ਾਂ ਵਿਚੋਂ 176ਵੇਂ ਸਥਾਨ 'ਤੇ ਹੈ। ਭਾਰਤ ਉਨ੍ਹਾਂ 10 ਦੇਸ਼ਾਂ ਵਿਚ ਸ਼ਾਮਲ ਹੈ ਜੋ ਗ੍ਰੀਨ-ਹਾਊਸ ਗੈਸਾਂ ਨਾਲ਼ ਪ੍ਰਦੂਸ਼ਣ ਫੈਲਾਉਂਦੇ ਹਨ।

ਮਨੁੱਖ ਦੀ ਮੁਢਲੀ ਲੋੜ ਸਾਫ਼ ਹਵਾ, ਪਾਣੀ, ਚੰਗੀ ਖੁਰਾਕ ਹੈ। ਸਿਹਤ ਅਤੇ ਸਿੱਖਿਆ ਬੁਨਿਆਦੀ ਲੋੜਾਂ ਹਨ। ਪਰ ਭਾਰਤ ਦੇ ਹਾਕਮ ਆਜ਼ਾਦੀ ਦੇ ਪਹਿਲੇ ਦਹਾਕਿਆਂ ਤੋਂ ਹੀ ਆਜ਼ਾਦ ਭਾਰਤ ਦੇ ਲੋਕਾਂ ਨੂੰ ਇਹ ਬੁਨਿਆਦੀ ਹੱਕ ਦੇਣ ਤੋਂ ਮੂੰਹ ਮੋੜ ਬੈਠੇ। ਅੱਜ ਦੇ ਹਾਕਮ ਤਾਂ ਸਿਹਤ ਅਤੇ ਸਿੱਖਿਆ ਵਰਗੇ ਸੰਵਿਧਾਨਕ ਹੱਕਾਂ ਤੋਂ ਵੀ ਕੰਨੀ ਕਤਰਾਉਂਦੇ ਨਜ਼ਰ ਆ ਰਹੇ ਹਨ। ਆਮ ਲੋਕਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਜਿੱਥੇ ਉਹ ਜਿਸਮਾਨੀ ਹੀ ਨਹੀਂ, ਮਾਨਸਿਕ ਪੀੜਾ ਨਾਲ਼ ਪਰੁੰਨੇ ਪਏ ਹਨ, ਇਹੋ-ਜਿਹੇ ਹਾਲਾਤ ਵਿਚ ਖੁਸ਼ ਕਿਵੇਂ ਰਿਹਾ ਜਾ ਸਕਦਾ ਹੈ? ਦੁਨੀਆ ਭਰ ਵਿਚ ਖੁਸ਼ ਰਹਿਣ ਦੇ ਮਾਮਲੇ ਵਿਚ ਭਾਰਤ 147 ਦੇਸ਼ਾਂ ਵਿਚੋਂ 118ਵੇਂ ਸਥਾਨ 'ਤੇ ਹੈ। ਖੁਸ਼ ਲੋਕ ਖੁਸ਼ੀਆਂ ਮਨਾਉਂਦੇ ਹਨ, ਇਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਨ।

ਪਰ ਇੱਕ ਗੱਲ ਭਾਰਤੀਆਂ ਵਿਚ ਅਜੇ ਵੀ ਚੰਗੀ ਹੈ—ਉਹ ਗਮੀ ਵਿਚ ਖੁਸ਼ੀ, ਦੁੱਖਾਂ ਵਿਚ ਸੁੱਖ ਅਤੇ ਪੀੜਾ ਵਿਚ ਰਾਹਤ ਲੱਭਣ ਦੀ ਕੋਸ਼ਿਸ਼ ਕਰਦੇ ਹਨ ਅਤੇ ਗੁਲਾਮੀ ਵੇਲੇ ਆਜ਼ਾਦੀ ਲਈ ਸੰਘਰਸ਼ਸ਼ੀਲ ਮੰਨੇ ਜਾਂਦੇ ਹਨ। ਅੱਜ ਉਨ੍ਹਾਂ ਲਈ ਫਿਰ ਨਵਾਂ ਸਾਲ ਆਜ਼ਾਦੀ ਦੇ ਸੰਘਰਸ਼ ਦਾ ਪੈਗਾਮ ਲੈ ਕੇ ਆਇਆ ਹੈ। ਉਨ੍ਹਾਂ ਦੇ ਚਿਹਰੇ ਪ੍ਰਾਪਤੀਆਂ ਦੀ ਆਸ ਨਾਲ਼ ਖਿੜੇ ਹੋਏ ਹਨ। ਪਿਛਲੇ ਦਿਨਾਂ ਵਿਚ ਉਨ੍ਹਾਂ ਨੇ ਭਗਵੇਂ ਹਾਕਮਾਂ ਵਿਰੁੱਧ ਲਾਮਬੰਦੀ ਕੀਤੀ ਹੈ। ਉਨ੍ਹਾਂ ਹਾਕਮਾਂ ਦੀਆਂ ਗੋਡਣੀਆਂ ਲਵਾਈਆਂ ਹਨ, ਜਿਹੜੇ ਮੱਕਾਰੀ ਨਾਲ਼ ਲੋਕ-ਹਿੱਤਾਂ 'ਤੇ ਡਾਕਾ ਮਾਰਨ ਤੋਂ ਗੁਰੇਜ਼ ਨਹੀਂ ਕਰਦੇ।

ਸਾਰੇ ਸੰਘਰਸ਼ਸ਼ੀਲ ਲੋਕਾਂ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ। ਮੁੜ ਆਜ਼ਾਦੀ ਲਈ ਅਰੰਭੀ ਮੁਹਿੰਮ ਲਈ ਢੇਰ ਸਾਰੀਆਂ ਮੁਬਾਰਕਾਂ।

# ਹਿੰਦੂ ਧਰਮ ਦੇ 'ਰਖਵਾਲਿਆਂ' ਦੀ ਦਹਿਸ਼ਤ ਦੇ ਸਾਏ ਹੇਠ ਕ੍ਰਿਸਮਸ

***ਭਾਰਤ ਵਿਚ ਇਕੱਲੇ ਮੁਸਲਮਾਨ ਹੀ ਨਹੀਂ ਸਗੋਂ ਈਸਾਈ ਭਾਈਚਾਰਾ ਵੀ ਬਹੁਗਿਣਤੀਵਾਦੀ ਹਮਲਿਆਂ ਦੀ ਮਾਰ ਝੱਲ ਰਿਹਾ ਹੈ। ਹਾਲ ਹੀ ਵਿਚ ਕ੍ਰਿਸਮਸ ਦੇ ਤਿਓਹਾਰ ਮੌਕੇ ਵੱਖ-ਵੱਖ ਥਾਵਾਂ 'ਤੇ ਈਸਾਈ ਵਿਰੋਧੀ ਹਿੰਸਾ ਦੀਆਂ ਬੇਹੱਦ ਚਿੰਤਾਜਨਤਕ ਘਟਨਾਵਾਂ ਵਾਪਰੀਆਂ ਹਨ। ਅਜਿਹੀਆਂ ਘਟਨਾਵਾਂ 'ਚ ਤੇਜ਼ੀ ਨਾਲ ਵਾਧਾ ਸਿਵਲ ਸੁਸਾਇਟੀ ਦੇ ਗੰਭੀਰ ਦਖ਼ਲ ਦੀ ਮੰਗ ਕਰਦਾ ਹੈ। ਇਸ ਵਰਤਾਰੇ ਦੇ ਕੁਝ ਮੁੱਖ ਰੂਪਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ॥***




ਪਿਛਲੇ ਦਿਨੀਂ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਹਿੰਦੂਤਵੀ ਗਰੁੱਪਾਂ ਵੱਲੋਂ ਕ੍ਰਿਸਮਸ ਤੋਂ ਪਹਿਲਾਂ ਹੀ ਦਹਿਸ਼ਤ ਦਾ ਮਾਹੌਲ ਬਣਾ ਕੇ ਈਸਾਈ ਅਕੀਦੇ ਵਾਲੇ ਲੋਕਾਂ ਨੂੰ ਆਪਣਾ ਪ੍ਰਮੁੱਖ ਧਾਰਮਿਕ ਤਿਓਹਾਰ ਮਨਾਉਣ ਤੋਂ ਰੋਕਣ, ਕ੍ਰਿਸਮਸ ਦੀਆਂ ਪ੍ਰਾਰਥਨਾਵਾਂ ਵਿਚ ਹੜਦੁੰਗ ਮਚਾਉਣ, ਗਿਰਜਾਘਰਾਂ ਵਿਚ ਭੰਨਤੋੜ ਕਰਨ, ਸ਼ਰਧਾਲੂਆਂ ਨੂੰ ਡਰਾਉਣ-ਧਮਕਾਉਣ ਅਤੇ 'ਜ਼ਬਰਦਸਤੀ ਧਰਮ-ਬਦਲੀ' ਰੋਕਣ ਦੇ ਨਾਂ 'ਤੇ ਧਮਕੀਆਂ ਦੇਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਇਸੇ ਤਰ੍ਹਾਂ, ਕ੍ਰਿਸਮਸ ਦੇ ਦਿਨ ਵੀ ਕਈ ਕੁਝ ਵਾਪਰਿਆ ਹੈ। ਜਿਸ ਮੁਲਕ ਵਿਚ ਆਦਿਵਾਸੀ ਇਲਾਕਿਆਂ ਅੰਦਰ ਨਿਰਸਵਾਰਥ ਇਲਾਜ ਸੇਵਾਵਾਂ ਦੇਣ ਵਾਲੇ ਈਸਾਈ ਪਾਦਰੀ ਗ੍ਰਾਹਮ ਸਟੇਨਜ਼ ਨੂੰ ਉਸਦੇ ਦੋ ਬੱਚਿਆਂ ਸਮੇਤ

**ਬੂਟਾ ਸਿੰਘ ਮਹਿਮੂਦਪੁਰ**

ਹਿੰਦੂਤਵੀ ਮੁਜਰਿਮਾਂ ਵੱਲੋਂ ਬੇਹੱਦ ਕਰੂਰਤਾ ਨਾਲ ਜਿਉਂਦੇ ਸਾੜ ਦਿੱਤਾ ਗਿਆ ਅਤੇ ਉਨ੍ਹਾਂ ਇਲਾਕਿਆਂ ਨੂੰ ਧਰਮ-ਬਦਲੀ ਰੋਕਣ ਦੇ ਨਾਂ ਹੇਠ ਫਿਰਕੂ ਅੱਗ ਵਿਚ ਝੋਕ ਦਿੱਤਾ ਗਿਆ, ਉੱਥੇ ਮੁਸਲਮਾਨ, ਈਸਾਈ ਤੇ ਹੋਰ ਘੱਟ-ਗਿਣਤੀਆਂ ਵਿਰੁੱਧ ਬਹੁਗਿਣਤੀਵਾਦੀ ਫਿਰਕੂ ਧੌਂਸ ਨਵੀਂ ਗੱਲ ਨਹੀਂ ਹੈ। ਪਰ ਗੰਭੀਰਤਾ ਨਾਲ ਧਿਆਨ ਦੇਣ ਵਾਲਾ ਪੱਖ ਇਹ ਹੈ ਕਿ ਪਿਛਲੇ ਇਕ ਦਹਾਕੇ ਤੋਂ ਭਗਵਾ ਹਕੂਮਤ ਦੀ ਰਾਜਕੀ ਤੇ ਰਾਜਨੀਤਕ ਪੁਸ਼ਤ-ਪਨਾਹੀ ਨਾਲ ਅਜਿਹੀਆਂ ਦਹਿਸ਼ਤਪਾਊ ਕਾਰਵਾਈਆਂ ਹੌਲੀ-ਹੌਲੀ ਆਮ ਬਣਾ ਦਿੱਤੀਆਂ ਗਈਆਂ ਹਨ। ਹਰ ਸਾਲ ਹੀ ਕ੍ਰਿਸਮਸ ਦੇ ਦਿਨੀਂ ਈਸਾਈਆਂ ਉੱਪਰ ਹਮਲਿਆਂ ਵਿਚ ਖ਼ਾਸ ਤੇਜ਼ੀ ਆਉਂਦੀ ਹੈ ਅਤੇ ਇਨ੍ਹਾਂ ਘਟਨਾਵਾਂ ਵਿਚ ਇਕ ਸਾਂਝਾ ਪੈਟਰਨ ਦੇਖਿਆ ਜਾ ਸਕਦਾ ਹੈ।

ਮੱਧ ਪ੍ਰਦੇਸ਼ ਅਤੇ ਉੜੀਸਾ ਤੋਂ ਕ੍ਰਿਸਮਸ ਦੀਆਂ ਟੋਪੀਆਂ ਵੇਚਣ ਵਾਲਿਆਂ ਨੂੰ ਟੋਪੀਆਂ ਵੇਚਣ ਤੋਂ ਰੋਕਣ ਦੀਆਂ ਰਿਪੋਰਟਾਂ ਹਨ। ਨਿਊਜ਼ਐਕਸ ਵਰਲਡ, ਦੇਸ਼ਅਭਿਮਾਨੀ, ਇੰਡੀਅਨ ਐਕਸਪ੍ਰੈੱਸ ਅਤੇ ਇੰਡੀਆ ਟੁਡੇ ਆਦਿ ਨੇ ਬਹੁਤ ਸਾਰੀਆਂ ਰਿਪੋਰਟਾਂ ਛਾਪੀਆਂ ਹਨ। ਇਕ ਵੀਡੀਓ ਵੀ ਸੋਸ਼ਲ ਮੀਡੀਆ ਉੱਪਰ ਕਾਫ਼ੀ ਵਾਇਰਲ ਹੋਈ ਹੈ ਜਿਸ ਵਿਚ ਫਿਰਕੂ ਧੌਂਸਬਾਜ਼ਾਂ ਦਾ ਇਕ ਗਰੁੱਪ ਟੋਪੀਆਂ ਵੇਚਣ ਵਾਲਿਆਂ ਨੂੰ ਸੜਕ ਉੱਪਰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ ਕਿ ਉਹ 'ਹਿੰਦੂ ਹੋ ਕੇ' ਕ੍ਰਿਸਮਸ ਦੀਆਂ ਟੋਪੀਆਂ ਕਿਉਂ ਵੇਚ ਰਹੇ ਹਨ। ਦਿੱਲੀ ਦੇ ਲਾਜਪਤ ਨਗਰ ਵਿਚ ਔਰਤਾਂ ਨਾਲ ਅਤੇ ਇਸੇ ਤਰ੍ਹਾਂ ਰਾਜਸਥਾਨ ਵਿਚ ਬਜਰੰਗ ਦਲ ਦੇ ਕਾਰਕੁਨਾਂ ਵੱਲੋਂ ਉਨ੍ਹਾਂ ਲੋਕਾਂ ਨਾਲ ਬਦਤਮੀਜ਼ੀ ਦੀਆਂ ਰਿਪੋਰਟਾਂ ਹਨ ਜਿਨ੍ਹਾਂ ਨੇ ਕ੍ਰਿਸਮਸ ਦਾ ਵਿਸ਼ੇਸ਼ ਪਹਿਰਾਵਾ ਪਹਿਨਿਆ ਹੋਇਆ ਸੀ। ਛੱਤੀਸਗੜ੍ਹ ਦੀ ਰਾਜਧਾਨੀ ਰਾਇਪੁਰ ਵਿਚ ਕ੍ਰਿਸਮਸ ਦੇ ਦਿਨ ਫਿਰਕੂ ਕੱਟੜਪੰਥੀ ਕਾਰਕੁਨ ਮੈਗਨੈਟੋ ਮਾਲ ਵਿਚ ਜਾ ਵੜੇ, ਜਿੱਥੇ ਉਨ੍ਹਾਂ ਨੇ ਕ੍ਰਿਸਮਸ ਦੀ ਸਜਾਵਟ ਤੋੜੀ ਅਤੇ ਲੋਕਾਂ ਤੋਂ ਉਨ੍ਹਾਂ ਦਾ ਧਰਮ ਤੇ ਜਾਤ ਪੁੱਛੀ—ਹਾਲਾਂਕਿ ਇਹ ਮਾਲ ਕਾਂਕੇਰ ਜ਼ਿਲ੍ਹੇ ਵਿਚ ਹੋਈ ਅਜਿਹੀ ਹਿੰਸਾ ਦੇ ਵਿਰੋਧ ਵਿਚ ਦਿੱਤੇ ਗਏ ਬੰਦ ਦੀ ਹਮਾਇਤ ਵਿਚ ਪਹਿਲਾਂ ਹੀ ਬੰਦ ਸੀ। ਵੀਡੀਓ ਅਤੇ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਭੀੜ ਨੇ ਲੋਹੇ ਦੀਆਂ ਰਾਡਾਂ ਅਤੇ ਡੰਡਿਆਂ ਦੀ ਵਰਤੋਂ ਕੀਤੀ, ਜਿਸ ਨਾਲ ਲੱਖਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਹੋਇਆ ਅਤੇ ਦੁਕਾਨਦਾਰਾਂ ਤੇ ਉੱਥੇ ਮੌਜੂਦ ਲੋਕਾਂ ਨੂੰ ਦਹਿਸ਼ਤਜ਼ਦਾ ਕੀਤਾ ਗਿਆ।

ਇਕਨਾਮਿਕ ਟਾਈਮਜ਼ ਅਤੇ ਹਿੰਦੂਤਵ ਵਾਚ ਦੀ ਰਿਪੋਰਟ ਦੱਸਦੀ ਹੈ ਕਿ ਅਸਾਮ ਦੇ ਨਲਬਾੜੀ ਜ਼ਿਲ੍ਹੇ ਵਿਚ ਵਿਸ਼ਵ ਹਿੰਦੂ ਪਰਿਸ਼ਦ-ਬਜਰੰਗ ਦਲ ਦੇ ਮੈਂਬਰਾਂ ਨੇ ਕ੍ਰਿਸਮਸ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਉੱਪਰ ਛਾਪੇ ਮਾਰੇ, ਸਜਾਵਟ ਦਾ ਸਮਾਨ ਜ਼ਬਤ ਕਰ ਲਿਆ ਗਿਆ, ਆਰਜ਼ੀ ਸਟਾਲਾਂ ਦੀ ਭੰਨ-ਤੋੜ ਕੀਤੀ ਅਤੇ ਸੇਂਟ ਮੇਰੀਜ਼ ਸਕੂਲ ਵਿਚ ਕ੍ਰਿਸਮਸ ਦੀ ਸਜਾਵਟ ਨਸ਼ਟ ਕਰ ਦਿੱਤੀ ਅਤੇ 'ਹਿੰਦੂ ਰਾਸ਼ਟਰ' ਦਾ ਗੁਣਗਾਣ ਕਰਦੇ ਨਾਅਰੇ ਵੀ ਲਗਾਏ ਗਏ।

ਰਾਜਸਥਾਨ ਦੇ ਨਗੌਰ ਵਿਚ, ਫਿਰਕੂ ਕੱਟੜਪੰਥੀ ਕਾਰਕੁਨ ਇੱਕ ਸਕੂਲ ਦੇ ਕ੍ਰਿਸਮਸ ਸਮਾਰੋਹ ਵਿਚ ਜਾ ਘੁਸੇ, ਫਰਨੀਚਰ ਖਿਲਾਰ ਦਿੱਤਾ, ਸਜਾਵਟ ਤਬਾਹ ਕੀਤੀ ਅਤੇ ਕਥਿਤ ਧਾਰਮਿਕ ਧਰਮ-ਬਦਲੀ ਦੇ ਬਹਾਨੇ ਸਟਾਫ਼ ਦੀ ਕੁੱਟਮਾਰ ਕੀਤੀ। ਉੱਤਰ ਪ੍ਰਦੇਸ਼ ਦੇ ਬਰੇਲੀ ਵਿਚ, ਬਜਰੰਗ ਦਲ ਦੇ ਮੈਂਬਰਾਂ ਨੇ ਕ੍ਰਿਸਮਸ ਦੇ ਆਰੰਭ ਤੋਂ ਪਹਿਲਾਂ ਇੱਕ ਕੈਥੇਡਰਲ ਦੇ ਬਾਹਰ ਪ੍ਰਦਰਸ਼ਨ ਦੇ ਨਾਂ ਹੇਠ ਹੜਦੁੰਗ ਮਚਾਇਆ ਅਤੇ 'ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ' ਦਾ ਦੋਸ਼ ਲਗਾਉਂਦੇ ਹੋਏ ਆਯੋਜਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਉੱਥੇ ਉਸੇ ਤਰ੍ਹਾਂ ਹਨੂਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਜਿਵੇਂ ਉਹ ਮੁਸਲਮਾਨਾਂ ਨੂੰ ਸਮੂਹਿਕ ਤੌਰ 'ਤੇ ਨਮਾਜ਼ ਪੜ੍ਹਨ ਤੋਂ ਰੋਕਣ ਲਈ ਕਰਦੇ ਹਨ। ਹਰਿਆਣਾ ਦੇ ਹਿਸਾਰ ਵਿਚ, ਬਜਰੰਗ ਦਲ ਨਾਲ ਜੁੜੇ ਵਿਅਕਤੀਆਂ ਵੱਲੋਂ ਇੱਕ ਸਮਾਗਮ ਦੌਰਾਨ ਗਿਰਜਾਘਰ ਦੇ ਬਿਲਕੁਲ ਸਾਹਮਣੇ ਹਿੰਦੂ ਰਸਮਾਂ ਅਤੇ ਨਾਅਰੇਬਾਜ਼ੀ ਕੀਤੀ ਗਈ। ਇਸ ਨਾਲ ਡਰ ਦਾ ਮਾਹੌਲ ਬਣਿਆ, ਗਿਰਜਾਘਰ ਵਿਚ ਹਾਜ਼ਰੀ ਘਟ ਗਈ ਅਤੇ ਪ੍ਰਾਰਥਨਾ ਵਿਚ ਰੁਕਾਵਟ ਪਈ।

ਮੱਧ ਪ੍ਰਦੇਸ਼ ਦੇ ਜਬਲਪੁਰ ਤੋਂ ਇੱਕ ਵੀਡੀਓ ਸਾਹਮਣੇ ਆਈ, ਜਿਸ ਵਿਚ ਭਾਜਪਾ ਦੀ ਜ਼ਿਲ੍ਹਾ ਉਪ ਪ੍ਰਧਾਨ ਅੰਜੂ ਭਾਰਗਵ 'ਹਿੰਦੂ ਰਕਸ਼ਾ ਦਲ' ਦੇ ਮੈਂਬਰਾਂ ਸਮੇਤ ਹਵਾਬਾਗ਼ ਚਰਚ ਵਿਚ ਜਾ ਵੜੀ ਅਤੇ ਉੱਥੇ ਇਕ ਨੇਤਰਹੀਣ ਲੜਕੀ ਨਾਲ ਧੱਕਾ-ਮੁੱਕੀ ਤੇ ਧੌਂਸਬਾਜ਼ੀ ਕਰਦੀ ਦੇਖੀ ਗਈ ਕਿ ਉਹ ਲੜਕੀ ਕ੍ਰਿਸਮਸ ਸਮਾਗਮ ਵਿਚ ਕਿਉਂ ਆਈ ਹੈ। ਜਦਕਿ ਈਸਾਈ ਭਾਈਚਾਰੇ ਦੇ ਮੈਂਬਰਾਂ ਵੱਲੋਂ ਸਰਕਾਰੀ ਹੋਸਟਲ ਦੇ ਇਨ੍ਹਾਂ ਨੇਤਰਹੀਣ ਬੱਚਿਆਂ ਨੂੰ ਕ੍ਰਿਸਮਸ ਸੰਬੰਧੀ ਕਾਰਜਾਂ ਦੇ ਹਿੱਸੇ ਵਜੋਂ ਦੁਪਹਿਰ ਦੇ ਖਾਣੇ ਅਤੇ ਪ੍ਰਾਰਥਨਾ ਲਈ ਸੱਦਿਆ ਗਿਆ ਸੀ। ਉੱਥੇ ਧਰਮ-ਬਦਲੀ ਦਾ ਕੋਈ ਸਵਾਲ ਹੀ ਨਹੀਂ ਸੀ, ਇਸਦੀ ਪੁਸ਼ਟੀ ਉਨ੍ਹਾਂ ਬੱਚਿਆਂ ਨੇ ਵੀ ਕੀਤੀ ਹੈ।

ਯੂਪੀ ਸਰਕਾਰ ਨੇ ਈਸਾਈ ਅਕੀਦੇ ਵਾਲੇ ਲੋਕਾਂ ਨੂੰ ਕ੍ਰਿਸਮਸ ਮਨਾਉਣ ਤੋਂ ਰੋਕਣ ਲਈ ਪ੍ਰਸ਼ਾਸਨਿਕ ਤਰੀਕਾ ਅਪਣਾਇਆ। ਰਿਪੋਰਟਾਂ ਦੱਸਦੀਆਂ ਹਨ ਕਿ ਪ੍ਰਸ਼ਾਸਨ ਵੱਲੋਂ ਉਸ ਦਿਨ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਜਨਮ-ਦਿਨ ਮਨਾਏ ਜਾਣ ਦਾ ਹਵਾਲਾ ਦਿੰਦੇ ਹੋਏ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਕਰ ਦਿੱਤੀ ਗਈ। ਵਿਦਿਆਰਥੀਆਂ ਨੂੰ ਕ੍ਰਿਸਮਸ ਦੀ ਛੁੱਟੀ ਨਾ ਦੇਣ ਦੇ ਫ਼ੈਸਲੇ ਵਿਰੁੱਧ ਉੱਤਰ ਪ੍ਰਦੇਸ਼ ਵਿਚ ਵਿਆਪਕ ਵਿਰੋਧ-ਪ੍ਰਦਰਸ਼ਨ ਹੋਏ ਹਨ।

ਕੇਰਲਾ ਦੇ ਪਲਕਡ ਵਿਚ ਕ੍ਰਿਸਮਸ ਦੇ ਗੀਤ ਗਾ ਰਹੇ 10-15 ਸਾਲ ਦੇ ਬੱਚਿਆਂ ਦੀ ਟੋਲੀ ਉੱਪਰ ਹਮਲਾ ਕਰਕੇ ਉਨ੍ਹਾਂ ਦੇ ਸਾਜ਼ ਤੋੜ ਦਿੱਤੇ ਗਏ। ਅਖ਼ਬਾਰੀ ਰਿਪੋਰਟ ਅਨੁਸਾਰ ਇਸ ਸੰਬੰਧੀ ਆਰਐੱਸਐੱਸ ਦੇ ਇਕ ਵਰਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਰ ਬੇਸ਼ਰਮੀ ਦੀ ਹੱਦ ਇਹ ਹੈ ਕਿ ਹਿੰਦੂਤਵ ਪੱਖੀ ਤਾਕਤਾਂ ਵੱਲੋਂ ਗੀਤ ਗਾਉਣ ਵਾਲਿਆਂ ਨੂੰ ਨਵਾਜਬ ਦੱਸਣ ਦੀ ਬਿਆਨਬਾਜ਼ੀ ਕਰਕੇ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ। ਕੇਰਲਾ ਦੇ ਲੋਕਾਂ ਨੇ ਇਸਦਾ ਵਿਆਪਕ ਵਿਰੋਧ ਕੀਤਾ ਹੈ।

ਕੇਰਲਾ ਵਿਚ ਇਕ ਹੋਰ ਵਿਵਾਦ ਵੀ ਖੜ੍ਹਾ ਕੀਤਾ ਗਿਆ। ਉੱਥੋਂ ਦੇ ਡਾਕਖ਼ਾਨਿਆਂ ਵਿਚ 18 ਦਸੰਬਰ ਨੂੰ ਕ੍ਰਿਸਮਸ ਦੇ ਸਮਾਗਮ ਕੀਤੇ ਜਾਣੇ ਸਨ। ਆਰਐੱਸਐੱਸ ਦੀ ਟਰੇਡ ਯੂਨੀਅਨ 'ਭਾਰਤੀਆ ਮਜ਼ਦੂਰ ਸੰਘ' ਨਾਲ ਜੁੜੀ ਭਾਰਤੀਆ ਪੋਸਟਲ ਐਡਮਿਨਿਸਟ੍ਰੇਟਿਵ ਆਫ਼ਿਸਿਜ਼ ਇੰਪਲਾਈਜ਼ ਯੂਨੀਅਨ ਵੱਲੋਂ ਉਸ ਦਿਨ ਆਰਐੱਸਐੱਸ ਦੇ 'ਸੋਇਮ ਸੇਵਕਾਂ' ਵੱਲੋਂ ਗਾਇਆ ਜਾਣ ਵਾਲਾ 'ਆਰਐੱਸਐੱਸ ਗਣਗੀਤਮ' ਗਾਏ ਜਾਣ ਦੀ ਮੰਗ ਕੀਤੀ ਗਈ। ਮੁਲਾਜ਼ਮ ਇਹ ਗੀਤ ਗਾਉਣਾ ਨਹੀਂ ਚਾਹੁੰਦੇ ਸਨ। ਸੀਪੀਐੱਮ ਦੇ ਰਾਜ ਸਭਾ ਮੈਂਬਰ ਵੱਲੋਂ ਕੇਂਦਰੀ ਸੰਚਾਰ ਮੰਤਰੀ ਨੂੰ ਬਾਕਾਇਦਾ ਚਿੱਠੀ ਲਿਖਕੇ ਇਸ ਬਾਰੇ ਵਿਰੋਧ ਵੀ ਦਰਜ ਕਰਾਇਆ ਗਿਆ। ਆਖ਼ਿਰਕਾਰ ਡਾਕ ਮਹਿਕਮੇ ਵੱਲੋਂ ਸਮਾਗਮ ਹੀ ਰੱਦ ਕਰ ਦਿੱਤੇ ਗਏ। ਸੰਘੀਆਂ ਦਾ ਆਦੇਸ਼ ਨਾ ਮੰਨਣ ਦਾ ਸਜ਼ਾ!

ਇਹ ਗ਼ੌਰਤਲਬ ਹੈ ਕਿ ਜਿੱਥੇ-ਜਿੱਥੇ ਇਹ ਵਾਪਰ ਰਿਹਾ ਹੈ ਉੱਥੇ ਭਾਜਪਾ ਦਾ ਰਾਜ ਹੈ। ਪਰ ਜਿਵੇਂ ਕੇਰਲਾ ਦੀ ਉਪਰੋਕਤ ਰਿਪੋਰਟ ਦੱਸਦੀ ਹੈ ਕਿ ਖੱਬੇਪੱਖੀ ਸਰਕਾਰ ਵੀ ਹਿੰਦੂਤਵੀ ਗਰੁੱਪਾਂ ਦੀ ਫਿਰਕੂ ਧੌਂਸ ਨੂੰ ਰੋਕਣ ਤੋਂ ਅਸਮਰੱਥ ਹੈ। ਬਹੁਤ ਸਾਰੇ ਭਾਜਪਾ ਦੀ ਸਰਕਾਰ ਵਾਲੇ ਰਾਜਾਂ ਨੇ ਧਰਮ-ਬਦਲੀ ਵਿਰੋਧੀ ਵਿਸ਼ੇਸ਼ ਕਾਨੂੰਨ ਵੀ ਬਣਾਏ ਹੋਏ ਹਨ। ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਬੇਤੁਕੇ ਹਨ। ਇਹ ਬਹੁਗਿਣਤੀਵਾਦੀ ਅਨਸਰਾਂ ਅਤੇ ਉਨ੍ਹਾਂ ਦੇ ਇਸ਼ਾਰਿਆਂ ਮੁਤਾਬਿਕ ਕੰਮ ਕਰ ਰਹੀ ਪੁਲਿਸ ਦੇ ਹੱਥ ਵਿਚ ਧਾਰਮਿਕ ਘੱਟਗਿਣਤੀਆਂ ਨਾਲ ਸੰਬੰਧਤ ਲੋਕਾਂ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਦੇਣ ਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਸੰਦ ਹਨ। ਗੱਲ ਹਿੰਦੂਤਵ ਗਰੁੱਪਾਂ ਦੇ ਕਥਿਤ ਲਵ-ਜਹਾਦ ਦੇ ਬਹਾਨੇ ਮੁਸਲਮਾਨਾਂ ਵਿਰੁੱਧ ਹਮਲਿਆਂ ਤੱਕ ਸੀਮਤ ਨਹੀਂ ਹੈ। ਉਨ੍ਹਾਂ ਨੇ ਈਸਾਈ ਫਿਰਕੇ ਵਿਰੁੱਧ ਵੀ ਇਹ ਦੋਸ਼ ਖੋਜ ਲਿਆ ਹੈ ਕਿ ਧਾਰਮਿਕ ਤਿਉਹਾਰ ਮਨਾਉਣ ਦੇ ਪਰਦੇ ਹੇਠ 'ਜ਼ਬਰਦਸਤੀ ਧਰਮ ਬਦਲੀ' ਕੀਤੀ ਜਾਂਦੀ ਹੈ। ਹਮੇਸ਼ਾ ਹੀ ਇਹ ਝੂਠਾ ਦੋਸ਼ ਲਾ ਕੇ ਈਸਾਈ ਸਮਾਗਮਾਂ ਤੇ ਪ੍ਰਾਰਥਨਾ ਇਕੱਠਾਂ ਵਿਚ ਖ਼ਲਲ ਪਾਏ ਜਾਂਦੇ ਹਨ ਕਿ ਹਿੰਦੂਆਂ ਨੂੰ ਵਰਗਲਾ ਕੇ ਉਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਅਜਿਹੀਆਂ ਘਟਨਾਵਾਂ ਦੀ ਆਜ਼ਾਦਾਨਾ ਛਾਣਬੀਣ ਦੀਆਂ ਅਣਗਿਣਤ ਮਿਸਾਲਾਂ ਸਾਬਤ ਕਰਦੀਆਂ ਹਨ ਕਿ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ ਅਤੇ ਇਹ ਤਾਂ ਮਹਿਜ਼ ਬਹੁਗਿਣਤੀਵਾਦੀ ਧੌਂਸ ਨੂੰ ਸਹੀ ਠਹਿਰਾਉਣ ਦਾ ਬਹਾਨਾ ਹੁੰਦਾ ਹੈ।

ਆਦਿਵਾਸੀ ਇਲਾਕਿਆਂ ਵਿਚ ਵੀ ਹਿੰਦੂਤਵ ਜਥੇਬੰਦੀਆਂ ਨੇ ਅਜਿਹੀ ਫਿਰਕੂ ਜ਼ਹਿਰ ਫੈਲਾ ਦਿੱਤੀ ਹੈ ਕਿ ਈਸਾਈ ਧਰਮ ਅਪਣਾਉਣ ਵਾਲੇ ਜਾਂ ਉਸਦੇ ਪਰਿਵਾਰ ਦੇ ਜੀਅ ਦੀ ਮੌਤ ਵੀ ਭਾਈਚਾਰਿਆਂ ਦਰਮਿਆਨ ਵੱਡਾ ਟਕਰਾਅ ਬਣ ਜਾਂਦੀ ਹੈ। 2024 'ਚ ਵੱਖ-ਵੱਖ ਰਾਜਾਂ ਵਿਚ ਅਜਿਹੀਆਂ 40 ਘਟਨਾਵਾਂ (30 ਛੱਤੀਸਗੜ੍ਹ ਵਿਚ) ਵਾਪਰੀਆਂ ਸਨ। 2025 'ਚ ਵੀ ਅਜਿਹੀਆਂ 23 ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਵਾਰ 15 ਦਸੰਬਰ ਨੂੰ ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਦੇ ਇਕ ਪਿੰਡ ਦੇ ਬਾਸ਼ਿੰਦੇ ਚਮਰਾ ਰਾਮ ਸਲਮ ਦੇ ਪਿਤਾ ਦੇ ਅੰਤਮ ਸੰਸਕਾਰ ਨੂੰ ਲੈ ਕੇ ਝਗੜਾ ਖੜ੍ਹਾ ਹੋ ਗਿਆ। ਚਮਰਾ ਰਾਮ ਸਾਬਕਾ ਸਰਪੰਚ ਰਿਹਾ ਹੈ ਅਤੇ ਬਹੁਤ ਸਾਲ ਪਹਿਲਾਂ ਉਸਨੇ ਈਸਾਈ ਧਰਮ ਅਪਣਾ ਲਿਆ ਸੀ। ਪਹਿਲਾਂ ਉਹ ਆਪਣੇ ਪਿਤਾ ਦਾ ਹਿੰਦੂ ਰਸਮਾਂ ਅਨੁਸਾਰ ਅੰਤਮ ਸੰਸਕਾਰ ਕਰਨਾ ਚਾਹੁੰਦਾ ਸੀ ਪਰ ਗ਼ੈਰਈਸਾਈ ਲੋਕਾਂ ਨੇ ਉਸ ਨੂੰ ਰੋਕ ਦਿੱਤਾ ਕਿ ਈਸਾਈ ਹੋਣ ਕਾਰਨ ਉਹ ਇਹ ਰਸਮਾਂ ਨਹੀਂ ਕਰ ਸਕਦਾ। ਝਗੜੇ ਤੋਂ ਬਚਣ ਲਈ ਉਸਨੇ ਅਗਲੇ ਦਿਨ ਆਪਣੇ ਪਿਤਾ ਦੀ ਲਾਸ਼ ਨੂੰ ਈਸਾਈ ਰਸਮਾਂ ਅਨੁਸਾਰ ਆਪਣੀ ਨਿੱਜੀ ਜ਼ਮੀਨ ਵਿਚ ਸਪੁਰਦੇ-ਖ਼ਾਕ ਕਰ ਦਿੱਤਾ। ਫਿਰ ਵੀ ਉਹ ਪ੍ਰੇਸ਼ਾਨੀ ਤੋਂ ਬਚ ਨਹੀਂ ਸਕਿਆ। ਉਸਦਾ ਕਹਿਣਾ ਹੈ ਕਿ ਆਰਐੱਸਐੱਸ ਅਤੇ ਬਜਰੰਗ ਦਲ ਵਾਲਿਆਂ ਨੇ ਇਸ ਮਾਮਲੇ ਨੂੰ ਤੂਲ ਦੇ ਕੇ ਮਾਹੌਲ ਭੜਕਾ ਦਿੱਤਾ ਅਤੇ ਸਥਾਨਕ ਨਿਵਾਸੀਆਂ ਨੇ ਮੁੱਦਾ ਬਣਾ ਲਿਆ ਕਿ ਜਿੱਥੇ ਮ੍ਰਿਤਕ ਨੂੰ ਦਫ਼ਨਾਇਆ ਗਿਆ ਹੈ ਉਹ ਤਾਂ ਸਥਾਨਕ ਦੇਵਤੇ ਨਾਲ ਸੰਬੰਧਤ ਜ਼ਮੀਨ ਹੈ ਅਤੇ ਉੱਥੇ ਈਸਾਈ ਮੁਰਦੇ ਦਫ਼ਨਾਉਣ ਦੀ ਇਜਾਜ਼ਤ ਨਹੀਂ ਹੈ। ਹਜੂਮ ਨੇ ਕਬਰ ਪੱਟਕੇ ਲਾਸ਼ ਕੱਢਣ ਦੀ ਕੋਸ਼ਿਸ਼ ਕੀਤੀ। ਫਿਰ ਪੁਲਿਸ ਨੇ ਖ਼ੁਦ ਹੀ ਲਾਸ਼ ਉੱਥੋਂ ਕੱਢ ਕੇ ਅੰਟਾਗੜ੍ਹ ਦੇ ਈਸਾਈ ਕਬਰਸਤਾਨ ਵਿਚ ਲਿਜਾ ਕੇ ਦਫ਼ਨਾ ਦਿੱਤੀ। ਮਾਹੌਲ ਐਨਾ ਭੜਕ ਗਿਆ ਕਿ ਭੀੜ ਇਸ ਨਾਲ ਵੀ ਸੰਤੁਸ਼ਟ ਨਾ ਹੋਈ। ਉਨ੍ਹਾਂ ਨੇ ਈਸਾਈ ਅਕੀਦੇ ਵਾਲੇ ਘਰਾਂ ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਇਕ ਪਾਦਰੀ ਦੇ ਘਰ ਨੂੰ ਅੱਗ ਲਾ ਦਿੱਤੀ, ਚਰਚਾਂ ਦੀ ਭੰਨਤੋੜ ਕੀਤੀ ਅਤੇ ਇਕ ਪ੍ਰਾਰਥਨਾ ਹਾਲ ਨੂੰ ਵੀ ਅੱਗ ਲਾ ਦਿੱਤੀ। ਬਹੁਤ ਸਾਰੇ ਈਸਾਈ ਆਦਿਵਾਸੀ ਉਜਾੜ ਦਿੱਤੇ ਗਏ। ਪੱਥਰਬਾਜ਼ੀ ਵਿਚ 20 ਪੁਲਸੀਏ ਵੀ ਜ਼ਖ਼ਮੀ ਹੋਏ ਦੱਸੇ ਜਾ ਰਹੇ ਹਨ।

ਈਸਾਈ ਹੱਕਾਂ ਲਈ ਕੰਮ ਕਰਨ ਵਾਲੇ ਗਰੁੱਪਾਂ ਅਤੇ ਨਾਗਰਿਕ ਆਜ਼ਾਦੀ ਲਈ ਕੰਮ ਕਰਦੀਆਂ ਸੰਸਥਾਵਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਪਿਛਲੇ ਇਕ ਦਹਾਕੇ ਵਿਚ ਈਸਾਈਆਂ ਵਿਰੁੱਧ ਹਿੰਸਾ ਵਿਚ 500% ਵਾਧਾ ਹੋਇਆ ਹੈ। ਇਸ ਸਾਲ ਵੀ ਜਨਵਰੀ ਤੋਂ ਜੁਲਾਈ 2025 ਦਰਮਿਆਨ 22 ਰਾਜਾਂ ਵਿਚ ਈਸਾਈਆਂ ਵਿਰੁੱਧ ਗਿਣ-ਮਿੱਥਕੇ ਹਮਲਿਆਂ ਦੇ 334 ਮਾਮਲੇ ਦਰਜ ਕੀਤੇ ਗਏ ਜਿਨ੍ਹਾਂ ਦੀ ਪੁਸ਼ਟੀ ਹੋ ਚੁੱਕੀ ਹੈ, ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਸਿਰਫ਼ ਉੱਤਰ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਹੀ ਹੋਏ। ਇਨ੍ਹਾਂ ਵਿਚੋਂ ਬਹੁਤ ਸਾਰੇ ਮਾਮਲਿਆਂ ਵਿਚ ਧਮਕੀਆਂ, ਕਾਨੂੰਨੀ ਪਰੇਸ਼ਾਨੀ ਅਤੇ ਭੀੜ ਵੱਲੋਂ ਹਿੰਸਾ ਸ਼ਾਮਲ ਸੀ, ਜੋ ਇੱਕ ਦਰਜਨ ਰਾਜਾਂ ਵਿਚ ਲਾਗੂ ਧਰਮ-ਬਦਲੀ ਵਿਰੋਧੀ ਕਾਨੂੰਨਾਂ ਦੀ ਆੜ ਹੇਠ ਕੀਤੀ ਗਈ। ਇਹ ਹਿੰਸਾ ਆਪਮੁਹਾਰਾ ਪ੍ਰਤੀਕਰਮ ਨਹੀਂ ਹੈ ਸਗੋਂ ਗਿਣੇ-ਮਿੱਥੇ ਨਫ਼ਰਤੀ ਪ੍ਰੋਜੈਕਟ ਦਾ ਲਾਜ਼ਮੀ ਸਿੱਟਾ ਹੈ।

ਮਿਸਟਰ ਮੋਦੀ ਦਾ ਦਿੱਲੀ ਦੇ ਕੈਥੇਡਰਲ ਚਰਚ ਵਿਚ ਕ੍ਰਿਸਮਸ ਦੇ ਜਸ਼ਨਾਂ ਵਿਚ ਸ਼ਾਮਲ ਹੋਣਾ ਪਰ ਕ੍ਰਿਸਮਸ ਤੋਂ ਪਹਿਲਾਂ ਤੇ ਕ੍ਰਿਸਮਸ ਦੇ ਦਿਨ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈ ਈਸਾਈ ਵਿਰੋਧੀ ਹਿੰਸਾ ਦੀਆਂ ਪ੍ਰੇਸ਼ਾਨ ਕਰਨ ਦੀਆਂ ਵਾਰਦਾਤਾਂ ਬਾਰੇ ਚੁੱਪ ਰਹਿਣਾ ਦਰਸਾਉਂਦਾ ਹੈ ਕਿ ਹੁਕਮਰਾਨ ਭਾਜਪਾ ਵੱਲੋਂ ਘੱਟਗਿਣਤੀਆਂ ਵਿਰੋਧੀ ਹਿੰਸਾ ਨੂੰ ਪ੍ਰਸ਼ਾਸਨਿਕ ਤੌਰ 'ਤੇ ਪ੍ਰਵਾਨਤ ਵਰਤਾਰਾ ਬਣਾਏ ਜਾਣ ਨੂੰ ਸਿਲਸਿਲੇਵਾਰ ਤਰੀਕੇ ਨਾਲ ਅੰਜਾਮ ਦਿੱਤਾ ਜਾ ਰਿਹਾ ਹੈ। ਪੁਲਿਸ ਅਤੇ ਰਾਜ-ਮਸ਼ੀਨਰੀ ਦੇ ਜ਼ਿਆਦਾਤਰ ਹਿੱਸੇ ਦਾ ਰਾਜਨੀਤੀਕਰਨ ਤੋਂ ਵੀ ਅੱਗੇ ਡੂੰਘੇ ਰੂਪ 'ਚ ਫਿਰਕੂਕਰਨ ਹੋ ਚੁੱਕਾ ਹੈ। ਇਸੇ ਲਈ, ਪੁਲਿਸ ਇਨ੍ਹਾਂ ਮਾਮਲਿਆਂ ਵਿਚ ਜਾਂ ਤਾਂ ਮੂਕ-ਦਰਸ਼ਕ ਬਣੀ ਰਹਿੰਦੀ ਹੈ ਜਾਂ ਹਿੰਦੂਤਵ ਜਥੇਬੰਦੀਆਂ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਮਜ਼ਲੂਮ ਧਿਰ ਨੂੰ ਝੂਠੇ ਕੇਸਾਂ ਵਿਚ ਉਲਝਾ ਕੇ ਤੰਗ-ਪ੍ਰੇਸ਼ਾਨ ਕਰਦੀ ਹੈ।

ਇਹ ਬੇਹੱਦ ਚਿੰਤਾਜਨਕ ਹੈ ਕਿ ਆਰਐੱਸਐੱਸ-ਭਾਜਪਾ ਵੱਲੋਂ ਬਹੁਗਿਣਤੀ ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਸੱਤਾ ਦੀ ਤਾਕਤ ਤੇ ਧੌਂਸ ਨਾਲ ਧਾਰਮਿਕ ਘੱਟਗਿਣਤੀਆਂ ਦੀ ਆਪਣੇ ਅਕੀਦੇ ਅਨੁਸਾਰ ਤਿਓਹਾਰ ਮਨਾਉਣ ਅਤੇ ਧਰਮ ਨੂੰ ਮੰਨਣ ਦੀ ਆਜ਼ਾਦੀ ਖੋਹੀ ਜਾ ਰਹੀ ਹੈ। ਧਾਰਮਿਕ ਆਜ਼ਾਦੀ ਹਰ ਨਾਗਰਿਕ ਦਾ ਸੰਵਿਧਾਨ ਦੇ ਤਹਿਤ ਸੁਰੱਖਿਅਤ ਉਹ ਬੁਨਿਆਦੀ ਅਧਿਕਾਰ ਹੈ ਜੋ ਸਟੇਟ ਵੱਲੋਂ ਬਖ਼ਸ਼ੀ ਕੋਈ ਰਿਆਇਤ ਨਹੀਂ ਹੈ ਸਗੋਂ ਇਹ ਅਧਿਕਾਰ ਕੱਟੜ-ਮੂਲਵਾਦੀ ਤਾਕਤਾਂ ਵਿਰੁੱਧ ਮਾਨਵਤਾ ਦੇ ਸਦੀਆਂ ਲੰਮੇ ਸੰਘਰਸ਼ ਦਾ ਹਾਸਲ ਹੈ। ਮਨੁੱਖ ਨੇ ਕਿਹੜੇ ਧਰਮ ਨੂੰ ਮੰਨਣਾ ਹੈ, ਇਸਦਾ ਫ਼ੈਸਲਾ ਕਿਸੇ ਧਰਮ ਦੇ ਆਪੇ ਬਣੇ ਠੇਕੇਦਾਰਾਂ ਨੂੰ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਜੇਕਰ ਨਾਗਰਿਕ ਆਜ਼ਾਦੀ ਨਾਲ ਆਪਣੇ ਤਿਓਹਾਰ ਵੀ ਨਹੀਂ ਮਨਾ ਸਕਦੇ ਅਤੇ ਜੇਕਰ ਉਹ ਆਪਣੇ ਧਰਮ ਨੂੰ ਮੰਨਣ ਵਿਚ ਹੀ ਪ੍ਰੇਸ਼ਾਨੀ ਜਾਂ ਡਰ ਮਹਿਸੂਸ ਕਰਨ ਲੱਗ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ 11 ਸਾਲ ਦੇ ਭਾਜਪਾ ਰਾਜ ਵਿਚ ਹਾਲਤ ਕਿੰਨੇ ਗੰਭੀਰ ਹੋ ਚੁੱਕੇ ਹਨ। ਜਿਸ ਸਟੇਟ ਦੀ ਹੁਕਮਰਾਨ ਜਮਾਤ ਹੁੱਬ-ਹੁੱਬਕੇ ਦਾਅਵੇ ਕਰਦੀ ਹੈ ਕਿ ਭਾਰਤ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੈ ਉੱਥੇ ਮੁਸਲਮਾਨਾਂ ਦੇ ਨਾਲ ਹੁਣ ਇਕ ਹੋਰ ਘੱਟਗਿਣਤੀ ਈਸਾਈ ਭਾਈਚਾਰੇ ਨੂੰ ਆਪਣੇ ਧਾਰਮਿਕ ਅਕੀਦੇ ਨੂੰ ਮੰਨਣ ਤੋਂ ਬਹੁਗਿਣਤੀਵਾਦੀ ਧੌਂਸ ਨਾਲ ਰੋਕਿਆ ਜਾ ਰਿਹਾ ਹੈ। ਵਿਸ਼ਵ ਹਿੰਦੂ ਪਰਿਸ਼ਦ-ਬਜਰੰਗ ਦਲ ਵਰਗੇ ਆਪੇ ਬਣੇ ਹਿੰਦੂ ਧਰਮ ਦੇ ਰਖਵਾਲਿਆਂ ਨੂੰ ਬਹੁਗਿਣਤੀਵਾਦੀ ਹਿੰਸਾ ਢਾਹੁਣ ਵਾਲੇ ਗਰੋਹ ਰਾਜਕੀ ਤੇ ਰਾਜਨੀਤਕ ਥਾਪੜੇ ਦੇ ਤਹਿਤ ਕੰਮ ਕਰ ਰਹੇ ਹਨ। ਜਦੋਂ ਰਾਜ-ਮਸ਼ੀਨਰੀ ਖ਼ਾਮੋਸ਼ ਰਹਿਕੇ ਇਸ ਨੂੰ ਸ਼ਹਿ ਦੇ ਰਹੀ ਹੈ ਤਾਂ ਇਸਦਾ ਮਤਲਬ ਇਹ ਹੈ ਕਿ ਸਟੇਟ ਬਹੁਗਿਣਤੀਵਾਦ ਦਾ ਹਮਾਇਤੀ ਹੈ ਅਤੇ ਇਸਦੀ ਧਰਮਨਿਰਪੱਖਤਾ ਨਿਰਾ ਪਾਖੰਡ ਹੈ।

ਸਾਰੀਆਂ ਹੀ ਨਿਆਂਪਸੰਦ ਅਤੇ ਧਰਮਨਿਰਪੱਖ ਤਾਕਤਾਂ ਨੂੰ ਇਸ ਸਥਿਤੀ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਆਮ ਹਿੰਦੂ ਲੋਕਾਈ ਨੂੰ ਵੀ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਆਰਐੱਸਐੱਸ-ਭਾਜਪਾ ਵੱਲੋਂ ਜੋ ਕੀਤਾ ਜਾ ਰਿਹਾ ਹੈ ਕੀ ਇਹ ਹਿੰਦੂ ਧਰਮ ਦੇ ਹਿਤ ਵਿਚ ਹੈ? ਕੀ ਇਹ ਉਨ੍ਹਾਂ ਦੇ ਧਰਮ ਦੀਆਂ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਨਹੀਂ ਹੈ? ਜੇਕਰ ਆਦਿਵਾਸੀ, ਦਲਿਤ ਜਾਂ ਹੋਰ ਮਜ਼ਲੂਮ ਹਿੱਸੇ ਹਿੰਦੂ ਜਾਂ ਕਿਸੇ ਹੋਰ ਧਰਮ ਨੂੰ ਤਿਲਾਂਜਲੀ ਦੇ ਰਹੇ ਹਨ ਤਾਂ ਹਿੰਦੂ ਧਰਮ ਦੇ ਆਲੰਬਰਦਾਰਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਇਹ ਹਿੱਸੇ ਉਨ੍ਹਾਂ ਦੇ ਧਰਮ ਤੋਂ ਦੂਰ ਕਿਉਂ ਹੋ ਰਹੇ ਹਨ। ਜੋ ਹਿੰਦੂ ਲੋਕ ਹਿੰਦੂਤਵ ਗਰੁੱਪਾਂ ਨੂੰ ਹਿੰਦੂ ਧਰਮ ਦੇ ਰਖਵਾਲੇ ਮੰਨਣ ਦਾ ਭਰਮ ਪਾਲ਼ੀ ਬੈਠੇ ਹਨ ਉਨ੍ਹਾਂ ਨੂੰ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਆਰਐੱਸਐੱਸ ਅਤੇ ਇਸਦੀਆਂ ਸੰਘ ਪਰਿਵਾਰ ਜਥੇਬੰਦੀਆਂ ਦਾ ਹਿੰਦੂ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦਾ ਮਕਸਦ ਨਿਰੋਲ ਰਾਜਨੀਤਕ ਹੈ ਯਾਨੀ ਹਿੰਦੂ ਧਰਮ ਦੇ ਨਾਂ 'ਤੇ ਫਿਰਕੂ ਪਾਲਾਬੰਦੀ ਕਰਕੇ ਸੱਤਾ 'ਚ ਬਣੇ ਰਹਿਣਾ ਅਤੇ ਬਹੁਗਿਣਤੀਵਾਦੀ ਧੌਂਸ ਜਮਾਉਣਾ। ਮਜ਼ਲੂਮਾਂ ਨੂੰ ਬਹੁਗਿਣਤੀ ਅਤੇ ਸੱਤਾ ਦੀ ਤਾਕਤ ਦੇ ਜ਼ੋਰ ਕਿਸੇ ਧਰਮ ਨਾਲ ਨੂੜਕੇ ਨਹੀਂ ਰੱਖਿਆ ਜਾ ਸਕਦਾ। ਚਾਹੇ ਕੋਈ ਧਰਮ ਨੂੰ ਮੰਨਦਾ ਹੈ ਜਾਂ ਧਰਮਨਿਰਪੱਖ ਸੋਚ ਵਾਲਾ ਹੈ, ਸਾਰਿਆਂ ਨੂੰ ਆਪਣੀ ਪਸੰਦ ਦੇ ਵਿਚਾਰਾਂ, ਧਾਰਮਿਕ ਅਕੀਦੇ ਨੂੰ ਮੰਨਣ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਲਈ ਡੱਟਣਾ ਹੋਵੇਗਾ।

# ਪੰਜਾਬੀ ਮਾਂ-ਬੋਲੀ ਦਾ ਸ਼ੇਰ ਦਿਲ ਇਨਸਾਨ-ਸ. ਅਮੋਲਕ ਸਿੰਘ ਜੰਮੂ

***ਪੰਜਾਬੀਆਂ ਦੇ ਹਰਮਨ ਪਿਆਰੇ ਅਖਬਾਰ 'ਪੰਜਾਬ ਟਾਈਮਜ਼' ਨੇ ਛੱਬੀ ਵਰ੍ਹੇ ਪੂਰੇ ਕਰ ਲਏ ਹਨ ਤੇ ਇਹ ਨਿਰੰਤਰ ਆਪਣੇ ਪਾਠਕਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਅਖਬਾਰ ਨਾਲ ਲੰਮੇ ਸਮੇਂ ਤੋਂ ਜੁੜੇ ਇਸ ਦੇ ਸ਼ੁਭ ਚਿੰਤਕ, ਕਾਲਮ ਨਵੀਸ ਅਤੇ ਪਾਠਕ ਸਮੇਂ ਸਮੇਂ ਅਖਬਾਰ ਦੀ ਚੜ੍ਹਦੀ ਕਲਾ ਲਈ ਸ਼ੁਭ ਕਾਮਨਾਵਾਂ ਭੇਜਦੇ ਰਹਿੰਦੇ ਨੇ। ਪੰਜਾਬ ਟਾਈਮਜ਼ ਨਾਲ 2010 ਤੋਂ ਜੁੜੇ ਲੇਖਕ ਤੇ ਸਾਡੇ ਅਜੀਜ਼ ਸ. ਇਕਬਾਲ ਸਿੰਘ ਜੱਬੋਵਾਲੀਆ ਨੇ 27ਵੇਂ ਵਰ੍ਹੇ 'ਚ ਪੁੱਜੇ ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨਾਲ ਆਪਣੇ ਰਿਸ਼ਤੇ ਅਤੇ ਅਖਬਾਰ ਬਾਰੇ ਆਪਣੇ ਦਿਲ ਦੇ ਵਲਵਲੇ ਇਸ ਲੇਖ ਰਾਹੀਂ ਪਾਠਕਾਂ ਨਾਲ ਸਾਂਝੇ ਕੀਤੇ ਹਨ।***



ਸ਼ਿਕਾਗੋ ਤੋਂ 'ਪੰਜਾਬ ਟਾਈਮਜ਼' ਅਖ਼ਬਾਰ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ 20 ਅਪ੍ਰੈਲ 2021 ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ ਸਨ। ਉਨ੍ਹਾਂ ਦੇ ਜਾਣ ਤੋਂ ਬਾਅਦ ਵੀ 'ਪੰਜਾਬ ਟਾਈਮਜ਼' ਅਖ਼ਬਾਰ ਨਿਰੰਤਰ ਛਪ ਰਿਹਾ ਹੈ। ਸੰਨ 2000 ਵਿੱਚ ਅਖ਼ਬਾਰ ਦੀ ਸ਼ੁਰੂਆਤ ਹੋਈ ਸੀ। ਜੰਮੂ ਸਾਹਿਬ ਨੇ ਧੜੱਲੇ ਨਾਲ ਵਿਦੇਸ਼ੀ



ਇਕਬਾਲ ਸਿੰਘ ਜੱਬੋਵਾਲੀਆ

ਧਰਤੀ 'ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ। ਉਹਨੇਂ ਹਮੇਸ਼ਾਂ ਸੱਚ ਲਿਖਿਆ, ਜਿਸ ਕਾਰਨ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਪਰ ਉਸ ਦਲੇਰ ਇਨਸਾਨ ਨੇ ਕਦੇ ਪ੍ਰਵਾਹ ਨਾ ਕੀਤੀ। ਕਦੇ ਪੈਸੇ ਦਾ ਲਾਲਚ ਨਾ ਕੀਤਾ। ਨਫ਼ਾ ਨੁਕਸਾਨ ਕਦੇ ਨਾ ਸੋਚਿਆ। ਹਮੇਸ਼ਾਂ ਸੱਚ 'ਤੇ ਪਹਿਰਾ ਦਿਤਾ। ਸੱਚ ਲਿਖਣ ਦੀ ਜੁਅੱਰਤ ਰੱਖੀ। ਸੱਚ ਪਰੋਸ ਕੇ ਪਾਠਕਾਂ ਦੀ ਝੋਲੀ ਪਾਇਆ। ਉਸ ਦੇ ਸੱਜਣ ਸਾਥੀ ਵੀ ਚਟਾਨ ਵਾਂਗ ਨਾਲ ਖੜ੍ਹੇ ਰਹੇ।

ਪੰਜਾਬੀਆਂ ਦੀ ਹਰਮਨ ਪਿਆਰੀ 'ਪੰਜਾਬ ਟਾਈਮਜ਼' ਨੂੰ ਛੱਬੀ ਸਾਲ ਹੋ ਗਏ ਚਲਦਿਆਂ। ਜੰਮੂ ਸਾਹਿਬ ਇਸ ਦੁਨੀਆਂ ਤੋਂ ਤੁਰ ਤਾਂ ਭਾਵੇਂ ਗਏ ਹਨ ਪਰ ਉਨ੍ਹਾਂ ਦੀ ਇਨਕਲਾਬੀ ਸੋਚ ਦੀ ਪ੍ਰਤੀਕ ਇਹ ਅਖਬਾਰ ਨਿਰੰਤਰ ਚੱਲੀ ਜਾ ਰਹੀ ਹੈ। ਭੈਣ ਜਸਪ੍ਰੀਤ ਕੌਰ ਜੀ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇ ਰਹੇ ਹਨ। ਉਸ ਦੀ ਹਿੰਮਤ ਨੂੰ ਸਲਾਮ ਹੈ ਜਿਸ ਨੇ ਅਖ਼ਬਾਰ ਦੀਆਂ ਸੁਰਖੀਆਂ ਦਾ ਰੰਗ ਮੱਧਮ ਨਹੀਂ ਪੈਣ ਦਿਤਾ। ਉਹਦੇ ਬੁਲੰਦ ਹੌਸਲੇ ਨੂੰ ਦਾਦ ਹੈ। ਜਿਨ੍ਹਾਂ 'ਤੇ ਉਹਨੂੰ ਆਸਾਂ ਸਨ ਉਹ ਸਮੇਂ ਨਾਲ ਬਦਲ ਗਏ, ਆਸਾਂ ਚਕਨਾਚੂਰ ਕਰ ਗਏ। ਵਕਤ ਮਿਲਦੇ ਹੀ ਡਗਮਗਾ ਗਏ।

ਤੇਰੇ ਸ਼ਹਿਰ ਵਿੱਚ ਕੁਝ ਲੋਕੀ ਐਸੇ ਮਿਲੇ
ਜੋ ਦਿਲ ਚੀਂ ਉਤਰ ਗਏ।
ਕੁਝ ਐਸੇ ਮਿਲੇ ਜੋ ਦਿਲ ਤੋਂ ਹੀ ਉਤਰ ਗਏ।
ਹੱਸ ਕੇ ਹੱਥ ਫ਼ੜਿਆ ਅਣਜਾਣਾਂ ਨੇ
ਆਪਣੇ ਖਾਸ ਤਾਂ ਪਾਸੇ ਸਰਕ ਗਏ।

ਭੈਣ ਜਸਪ੍ਰੀਤ ਇਕੱਲੀ ਸਵਾ ਲੱਖ ਸ਼ੀਹਣੀਂ ਵਾਂਗ ਬੇਪ੍ਰਵਾਹ ਅਡੋਲ ਖੜ੍ਹੀ ਹੈ। ਕਿਉਂਕਿ ਉਸਦੇ ਜੀਵਨ ਸਾਥੀ ਸ. ਅਮੋਲਕ ਸਿੰਘ ਜੰਮੂ ਨੇ ਉਸ ਨੂੰ ਇਨਕਲਾਬੀ ਰੰਗਤ ਚਾੜ੍ਹੀ ਹੋਈ ਹੈ। ਜਿਸ ਨਾਲ ਉਹ ਅਮੋਲਕ ਸਿੰਘ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਜੀਵਤ ਰੱਖ ਰਹੀ ਹੈ ਤੇ ਦਿਨ ਰਾਤ ਮਿਹਨਤ ਕਰ ਰਹੀ ਹੈ। ਦੁਨੀਆਂ ਦੀਆਂ ਬੇਹਤਰੀਨ ਅਖ਼ਬਾਰਾਂ ਦੇ ਬਰਾਬਰ ਅਖ਼ਬਾਰ ਕੱਢਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਉਸ ਨੇ ਅਖ਼ਬਾਰ ਨੂੰ ਕਦੇ ਖੜੋਤ ਨਹੀਂ ਆਉਣ ਦਿਤੀ। 'ਪੰਜਾਬ ਟਾਈਮਜ਼' ਨੂੰ ਪਿਆਰ ਕਰਨ ਵਾਲੇ ਸਾਰੇ ਹਿੱਕ ਡਾਹ ਕੇ ਉਹਦੇ ਨਾਲ ਖੜ੍ਹੇ ਹਨ। ਡਟੇ ਰਹਿਣਗੇ ਵੀ ਨਾਲ ਹੀ ਆਖਰੀ ਸਾਹਾਂ ਤੱਕ। ਮੈਨੂੰ ਕਈਆਂ ਨੇ ਕਿਹਾ, 'ਇਕਬਾਲ ਸਿੰਹਾਂ, ਤੂੰ ਲਿਖ ਤਾਂ ਵਧੀਆ ਲੈਨਾਂ, ਅਖ਼ਬਾਰ ਕੱਢਣ ਲੱਗ ਪੈ।' ਮੇਰਾ ਉਨ੍ਹਾਂ ਨੂੰ ਇਹੀ ਜਵਾਬ ਹੁੰਦਾ, 'ਜਿੰਨਾ ਚਿਰ 'ਪੰਜਾਬ ਟਾਈਮਜ਼' ਚਲਦੀ ਹੈ, ਉਨਾ ਚਿਰ ਆਪਣੀ ਅਖ਼ਬਾਰ ਬਿਲਕੁਲ ਨਹੀਂ ਕੱਢਣੀਂ। ਮੈਂ 'ਪੰਜਾਬ ਟਾਈਮਜ਼' ਨਾਲ ਧੋਖਾ ਨਹੀਂ ਕਰ ਸਕਦਾ, ਕੋਈ ਹੋਰ ਕੰਮ ਕਰ ਲਵਾਂਗਾ, ਗਦਾਰੀ ਨਹੀਂ ਕਰ ਸਕਦਾ, 'ਪੰਜਾਬ ਟਾਈਮਜ਼' ਸਾਡਾ ਆਪਣਾ ਪਲੇਟ-ਫ਼ਾਰਮ ਹੈ।' ਬੜੇ ਸੂਝਵਾਨ, ਬੁੱਧੀਜੀਵੀ, ਤਜਰਬੇਕਾਰ ਤੇ ਵਿਦਵਾਨ ਇਸ ਨਾਲ ਜੁੜੇ ਹੋਏ ਹਨ ਜੋ ਮਿਆਰੀ ਤੇ ਵਧੀਆ ਲੇਖਕ ਹਨ। 'ਪੰਜਾਬ ਟਾਈਮਜ਼' ਨਾਲ ਜੁੜੇ ਦੇਸ਼ ਵਿਦੇਸ਼ਾਂ ਵਿਚ ਬੈਠੇ ਪ੍ਰੇਮੀ ਵੈੱਬ-ਸਾਈਟ 'ਤੇ ਇਸ ਨੂੰ ਬੜੀ ਰੀਝ ਨਾਲ ਪੜ੍ਹਦੇ ਹਨ।

ਬੜੇ ਕੋਸ਼ਿਸ਼ ਕਰਨਗੇ ਤੇ ਕਰਦੇ ਵੀ ਰਹਿਣਗੇ ਪਰ ਅਮੋਲਕ ਸਿੰਘ ਜੰਮੂ ਬਣਨਾ ਬੜਾ ਮੁਸ਼ਕਲ ਹੈ। ਸ਼ੌਕ ਪਾਲਣੇ ਬੜੇ ਮੁਸ਼ਕਲ ਨੇ। ਸ਼ੌਕ ਪਾਲਣੇ ਲਈ ਘਰ ਫ਼ੂਕ ਤਮਾਸ਼ਾ ਕਰਨਾ ਪੈਂਦਾ ਏ। ਘਰ ਬਰਬਾਦ ਕਰਨੇ ਪੈਂਦੇ ਨੇ। ਜਿਗਰੇ ਨਾਲ ਹੀ ਅਜਿਹੇ ਕੰਮ ਹੁੰਦੇ ਨੇ। ਜੋ ਅਮੋਲਕ ਸਿੰਘ ਜੰਮੂ ਨੇ ਕਰ ਵਿਖਾਇਆ ਹੈ।

2010 'ਚ ਮੈਂ ਇਸ ਅਖ਼ਬਾਰ ਨਾਲ ਜੁੜਿਆ ਸਾਂ। ਪੰਦਰਾਂ ਸਾਲ ਹੋ ਗਏ ਇਸ ਦਾ ਨਿੱਘ ਮਾਣਦੇ। ਇਸ ਅਖ਼ਬਾਰ ਨਾਲ ਜੁੜਨ ਦਾ ਸਬੱਬ ਅਸ਼ੋਕ ਭੌਰਾ ਰਾਹੀਂ ਬਣਿਆ ਸੀ। ਜੋ ਬੜੇ ਸਾਲਾਂ ਤੋਂ 'ਪੰਜਾਬ ਟਾਈਮਜ਼' ਨਾਲ ਜੁੜਿਆ ਆ ਰਿਹਾ ਹੈ। ਮੈਨੂੰ ਕਈ ਅਖ਼ਬਾਰਾਂ ਵਾਲਿਆਂ ਆਫ਼ਰਾਂ ਵੀ ਕੀਤੀਆਂ, 'ਸਾਡੇ ਨਾਲ ਜੁੜ ਜਾ। ਪੈਸੇ ਵੀ ਦੇਵਾਂਗੇ।' ਮੈਂ ਕਿਹਾ ਨਹੀਂ- 'ਜੇ ਸੌ-ਪੰਜਾਹ ਮੈਂ ਲੈ ਵੀ ਲੈਨਾਂ, ਕਿੰਨਾਂ ਕੁ ਅਮੀਰ ਬਣ ਜਾਵਾਂਗਾ।' ਮੈਂ ਆਪਣੀ ਜ਼ਮੀਰ ਨਹੀਂ ਵੇਚਣੀ ਨਾ ਹੀ ਵੇਚਾਂਗਾ। ਅਮੋਲਕ ਸਿੰਘ ਨਾਲ ਜੁੜੇ ਹਾਂ, ਜੁੜੇ ਰਹਾਂਗੇ। ਉਹਦੀ ਮੌਤ ਤੋਂ ਬਾਅਦ ਵੀ ਨਾਲ ਹਾਂ। ਨਾਲ ਹੀ ਰਹਾਂਗੇ।

'ਪੰਜਾਬ ਟਾਈਮਜ਼ ਨਾਈਟ' 'ਤੇ ਕਈ ਵਾਰ ਜਾ ਚੁੱਕਾ ਹਾਂ। ਇਸ ਅਖ਼ਬਾਰ ਨਾਲ ਜੁੜੇ ਸਾਰੇ ਕਾਲਮ-ਨਵੀਸ ਤੇ ਅਮੋਲਕ ਸਿੰਘ ਦੇ ਜਿਗਰੀ-ਯਾਰਾਂ ਨਾਲ ਮੇਲ ਹੁੰਦੇ ਹਨ। ਸਾਲ ਦੀ ਸਾਲ ਅਖ਼ਬਾਰ ਨਾਲ ਜੁੜੇ ਸੱਜਣ ਬੇਲੀ ਹਾਜ਼ਰੀ ਭਰਦੇ ਹਨ। 'ਪੰਜਾਬ ਟਾਈਮਜ਼ ਨਾਈਟ' ਨੇ ਮੇਲੇ ਦਾ ਰੂਪ ਧਾਰਨ ਕੀਤਾ ਹੋਇਐ। ਹਰ ਇਕ ਨੂੰ ਮਿਲ ਕੇ ਮਨ ਨੂੰ ਸਕੂਨ ਮਿਲਦੈ।

'ਪੰਜਾਬ ਟਾਈਮਜ਼' 'ਚ ਛਪਣ ਕਰਕੇ ਪਾਠਕ ਪ੍ਰੇਮੀ ਮੇਰੇ ਖੇਡ ਲੇਖਾਂ ਨੂੰ ਪਸੰਦ ਕਰਦੇ ਹਨ। ਗੂੜ੍ਹੀ ਪਹਿਚਾਣ ਮੈਨੂੰ ਅੱਗੇ ਤੋਂ ਅੱਗੇ ਤੋਰੀ ਜਾ ਰਹੀ ਹੈ। ਵੱਡੇ ਮਿਆਰ ਵਾਲੀ ਅਖ਼ਬਾਰ ਹੈ। ਵੱਡੇ ਮਿਆਰ ਨੂੰ ਬਰਕਰਾਰ ਰੱਖਣ ਲਈ ਸੁਲਝੇ ਹੋਏ ਤੇ ਤਜਰਬੇਕਾਰ ਭੈਣ ਜਸਪ੍ਰੀਤ ਜੀ ਸਖਤ ਮਿਹਨਤ ਕਰ ਰਹੇ ਹਨ। ਮਹਾਨ ਸ਼ਖਸੀਅਤ ਸ. ਅਮੋਲਕ ਸਿੰਘ ਜੰਮੂ ਦਾ ਘਾਟਾ ਤਾਂ ਵੱਡਾ ਪਿਆ ਹੈ। ਉਹਦੀ ਇਕ ਸਿਫ਼ਤ ਸੀ ਕਿ ਉਹ ਪਹਿਲੀ ਮਿਲਣੀ 'ਚ ਅਗਲੇ ਨੂੰ ਕੀਲ ਲੈਂਦਾ ਸੀ। ਕਹਿਣੀ ਤੇ ਕਰਨੀ ਦਾ ਪੂਰਾ। ਬੜਾ ਮੱਦਦਗਾਰ ਤੇ ਯਾਰੀ ਨਿਭਾਉਣ ਵਾਲਾ ਇਨਸਾਨ। ਉਹਨੇ ਹਰ ਇਕ ਦਾ ਭਲਾ ਸੋਚਿਆ। ਕਿਸੇ ਨੂੰ ਡੋਲਣ ਨਾ ਦਿੰਦਾ। ਉਹਦੀ ਚੰਗੀ ਸੋਚ ਤੇ ਉਚੇ-ਸੁੱਚੇ ਵਿਚਾਰ ਹਮੇਸ਼ਾਂ ਦਿਲਾਂ 'ਚ ਵਸੇ ਰਹਿਣਗੇ। ਆਖਰ ਵਿੱਚ ਇਹੀ ਕਹਾਂਗਾ, 'ਅਮੋਲਕ ਸਿੰਘ ਜੰਮੂ ਜ਼ਿੰਦਾਬਾਦ, ਪੰਜਾਬ ਟਾਈਮਜ਼ ਜ਼ਿੰਦਾਬਾਦ...।'

'ਸੱਜਣ ਦਲੇਰ ਦਿਲਾਂ ਵਿੱਚ ਵਸ ਜਾਂਦੇ ਨੇ।
ਦੁਖਾਂ ਤੇ ਮੁਸੀਬਤਾਂ ਨੂੰ ਜਰ ਹੱਸ ਜਾਂਦੇ ਨੇ।
ਯਾਰਾਂ ਦੀਆਂ ਯਾਰੀਆਂ ਨਿਭਾਓਂਣ ਵਾਲੇ ,
ਵਾਰਾਂ ਯੋਧਿਆਂ ਦੀਆਂ ਗਾਉਣ ਵਾਲੇ
'ਇਕਬਾਲ ਸਿੰਹਾਂ'
ਦਿਲਾਂ ਵਿੱਚ ਵਸੇ ਤਾਂਹੀਓਂ ਸੱਜਣਾਂ ਦੇ ਰੋਮ ਰੋਮ ਵਿੱਚ ਧਸ ਜਾਂਦੇ ਨੇ।'

# ਦੁਖ-ਸੁੱਖ ਦਾ ਨਾਂ ਜ਼ਿੰਦਗੀ

ਮਾਪਿਆਂ ਨੇ ਨਾਮ ਤਾਂ ਰਣਜੀਤ ਕੋਰ ਰੱਖਿਆ ਸੀ ਪਰ ਜ਼ਿੰਦਗੀ ਦੇ ਰਣ ਵਿਚੋਂ ਹਾਰ ਗਈ ਸੀ। ਬਹੁਤ ਸਿਆਣੀ ਸੋਹਣੀ ਤੇ ਕੱਦਾਵਰ ਸੀ। ਮਾਪਿਆਂ ਨੇ ਦੇਖ-ਭਾਲ ਕੇ ਉਸ ਲਈ ਵਰ ਲੱਭਿਆ ਸੀ। ਵਧੀਆ ਵਿਆਹ ਕੀਤਾ। ਸਹੁਰਾ ਪਰਿਵਾਰ ਵੀ ਬਹੁਤ ਵਧੀਆ ਸੀ। ਉਸ ਦਾ ਪਤੀ ਹਰਦੇਵ ਮਾਪਿਆਂ ਦਾ ਜੇਠਾ ਪੁੱਤ ਸੀ। ਉਸ ਤੋਂ ਦੋ ਛੋਟੀਆਂ ਭੈਣਾਂ ਸਨ ਤੇ ਸਭ ਤੋਂ ਛੋਟਾ ਇੱਕ ਭਰਾ ਗੁਰਦੇਵ, ਪੰਜ ਕਿੱਲੇ ਜ਼ਮੀਨ ਘਰ ਦੀ ਸੀ ਪੰਜ ਸੱਤ ਕਿੱਲੇ ਮਾਮਲੇ ਤੇ ਹੋਰ ਲੈ ਲੈਂਦੇ ਸੀ , ਡੰਗਰ ਪਸ਼ੂ ਰੱਖ ਕੇ ਵਧੀਆ ਗੁਜ਼ਾਰਾ ਕਰ ਰਹੇ ਸਨ। ਵਧੀਆ ਗੱਲ ਪਰਿਵਾਰ ਵਿਚ ਕੋਈ ਨਸ਼ਾ ਨਹੀ ਕਰਦਾ ਸੀ। ਹਰਦੇਵ ਦੇ ਮਾਤਾ ਪਿਤਾ ਵੀ ਰੱਬ ਨੂੰ ਮੰਨਣ ਵਾਲੇ ਸਨ। ਗੁਰਦੇਵ ਹਰਦੇਵ ਨਾਲੋਂ ਅੱਠ ਸਾਲ ਛੋਟਾ ਸੀ। ਰਣਜੀਤ ਤੇ



ਮੇਜਰ ਕੁਲਾਰ ਬੋਪਾਰਾਏ ਕਲਾਂ
ਫੋਨ: 916-273-2856

ਹਰਦੇਵ ਦੇ ਵਿਆਹ ਤੋਂ ਬਾਅਦ ਘਰ ਦਾ ਮਾਹੌਲ ਹੋਰ ਵੀ ਵਧੀਆ ਹੋ ਗਿਆ। ਰਣਜੀਤ ਨੂੰ ਵੀ ਸੱਸ ਸਹੁਰੇ ਨੇ ਆਪਣੀ ਤੀਜੀ ਧੀ ਮੰਨ ਕੇ ਪਿਆਰ ਦਿੱਤਾ। ਰਣਜੀਤ ਨੇ ਵੀ ਦੋਵਾਂ ਨੂੰ ਆਪਣੇ ਮਾਂ-ਬਾਪ ਤੋ ਵੱਧ ਸਮਝਿਆ।

ਸਮੇਂ ਦੀਆਂ ਸੂਈਆਂ ਘੁੰਮਦੀਆਂ ਗਈਆਂ। ਰਣਜੀਤ ਨੇ ਇੱਕ ਧੀ ਨੂੰ ਜਨਮ ਦਿੱਤਾ। ਉਸ ਦਾ ਨਾਮ ਸੀਰਤ ਕੋਰ ਰੱਖਿਆ, ਪਰਿਵਾਰ ਨੂੰ ਜਿਵੇਂ ਖਿਡਾਉਣਾ ਮਿਲ ਗਿਆ ਹੋਵੇ। ਸਾਰੇ ਸੀਰਤ ਨੂੰ ਬਹੁਤ ਪਿਆਰ ਕਰਦੇ ਸਨ। ਚਾਚੇ ਤੇ ਭੂਆ ਦੀ ਜਾਨ ਸੀ ਸੀਰਤ, ਘਰ ਰੌਣਕਾਂ ਲੱਗੀਆਂ ਹੋਈਆਂ ਸਨ, ਸੀਰਤ ਦੀ ਖ਼ੁਸ਼ੀ ਨਾਲ ਹੋਰ ਇੱਕ ਖੁਸ਼ੀ ਜੁੜ ਗਈ, ਹਰਦੇਵ ਦੀ ਭੈਣ ਨੂੰ ਵਿਆਹ ਲਈ ਕਨੇਡਾ ਤੋਂ ਆਇਆ ਮੁੰਡਾ ਮਿਲ ਗਿਆ। ਸਾਰੇ ਕਹਿਣ ਸੀਰਤ ਕਰਮਾਂ ਵਾਲੀ ਆ। ਹਰਦੇਵ ਦੀ ਭੈਣ ਸਿੰਮੀ ਦਾ ਬੜਾ ਸਾਦਾ ਵਿਆਹ ਹੋਇਆ। ਮੁੰਡੇ ਵਾਲਿਆਂ ਰੱਤੀ ਭਰ ਸੋਨਾ ਨਾ ਪਵਾਇਆ, ਕਲਜੁਗ ਦੇ ਸਮੇਂ ਐਨੀਆ ਰੱਜੀਆਂ ਰੂਹਾਂ ਵਾਲੇ ਵੀ ਪਰਿਵਾਰ ਹੈਗੇ ਨੇ। ਹਰਦੇਵ ਹੋਰਾਂ ਨੇ ਗੁੰਜਾਇਸ਼ ਅਨੁਸਾਰ ਸਿੰਮੀ ਨੂੰ ਗਹਿਣਾ-ਗੱਟਾ ਪਾਇਆ ਤੇ ਚਾਈਂ-ਚਾਈਂ ਵਿਦਾ ਕੀਤਾ। ਦੋ ਮਹੀਨੇ ਬਾਅਦ ਸਿੰਮੀ ਦਾ ਪਤੀ ਵਾਪਿਸ ਮੁੜ ਗਿਆ। ਉਸ ਨੇ ਜਾ ਕੇ ਸਿੰਮੀ ਦੇ ਪੇਪਰ ਭਰ ਦਿੱਤੇ। ਹੁਣ ਹਰਦੇਵ ਹੋਰੀ ਦੂਜੀ ਭੈਣ ਰਾਣੀ ਲਈ ਮੁੰਡਾ ਦੇਖਣ ਲੱਗ ਪਏ। ਉਨ੍ਹਾਂ ਨੂੰ ਰਿਸ਼ਤੇਦਾਰੀ ਵਿਚੋਂ ਹੀ ਮੁੰਡੇ ਦੀ ਦੱਸ ਪਈ। ਪੰਦਰਾਂ ਕਿੱਲਿਆਂ ਦਾ ਮਾਲਕ ਮੁੰਡਾ ਖੇਤੀ-ਬਾੜੀ ਕਰਦਾ ਸੀ। ਪਰਿਵਾਰ ਵਧੀਆ ਸੀ ਉਹ ਵੀ ਘਰੇਲੂ ਕੁੜੀ ਲੱਭਦੇ ਸੀ, ਦੋਹਾਂ ਧਿਰਾਂ ਵੱਲੋਂ ਦੇਖ-ਦਖਾਈ ਹੋਈ ਤਾ ਦੋਵਾਂ ਪਾਸਿਆਂ ਤੋ ਸਹਿਮਤੀ ਦੇ ਜੈਕਾਰੇ ਗੂੰਜੇ, ਮੰਗਣੀ ਹੋ ਗਈ ਵਿਆਹ ਦੀ ਤਰੀਕ ਅਗਲੇ ਸਾਲ ਦੀ ਪੱਕੀ ਕਰ ਲਈ। ਦਿਨ ਬੀਤਦਿਆਂ ਸਮਾਂ ਨਹੀਂ ਲੱਗਦਾ, ਝੱਟ ਮਿਥਿਆ ਹੋਇਆ ਦਿਨ ਆ ਗਿਆ, ਰਾਣੀ ਦਾ ਵਿਆਹ ਵਧੀਆ ਹੋ ਗਿਆ। ਉਹ ਵੀ ਆਪਣੇ ਘਰ ਦਰ ਦੀ ਹੋ ਗਈ।

ਹਰਦੇਵ ਹੋਰੀ ਬਹੁਤ ਖੁਸ਼ ਸਨ ਕਿ ਭੈਣ ਲਈ ਵਧੀਆ ਸਹੁਰਾ ਪਰਿਵਾਰ ਮਿਲ ਗਿਆ। ਕਾਰਜ ਕਰਕੇ ਪਰਿਵਾਰ ਆਪਣੇ ਕੰਮਾਂ ਵਿਚ ਲੱਗ ਗਿਆ ਸਮਾਂ ਬੀਤਣ ਲੱਗਾ , ਰਣਜੀਤ ਨੇ ਇੱਕ ਹੋਰ ਧੀ ਨੂੰ ਜਨਮ ਦਿੱਤਾ, ਸਾਰਿਆਂ ਨੂੰ ਮੁੰਡੇ ਦੀ ਚਾਹਤ ਸੀ ਪਰ ਪਰਮਾਤਮਾ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਜੋ ਕਰਦਾ ਚੰਗਾ ਹੀ ਕਰਦਾ ਕਹਿ ਕੇ ਸਭ ਨੇ ਦਿੱਤੀ ਦਾਤ ਸਵੀਕਾਰ ਕਰ ਲਈ! ਸਭ ਦੀ ਸਹਿਮਤੀ ਨਾਲ ਧੀ ਦਾ ਨਾਮ ਸਹਿਜ ਕੋਰ ਰੱਖਿਆ। ਕਹਿੰਦੇ ਇੱਕ ਧੀ ਗੋਦੀ ਆਈ ਦੂਜੀ ਧੀ ਕਨੈਡਾ ਨੂੰ ਜਹਾਜ਼ ਚੜ ਗਈ ਯਾਨੀ ਸਿੰਮੀ ਆਪਣੇ ਪਤੀ ਕੋਲ ਪਹੁੰਚ ਗਈ! ਪਰਿਵਾਰ ਦਾ ਪਹਿਲਾ ਜੀਅ ਕਨੈਡਾ ਗਿਆ ਸੀ ਸਾਰਿਆਂ ਨੇ ਬਹੁਤ ਖੁਸ਼ੀ ਮਨਾਈ। ਸਾਰਾ ਪਰਿਵਾਰ ਪਰਮਾਤਮਾ ਦਾ ਸ਼ੁਕਰਾਨਾ ਕਰਦਾ ਨਾ ਥੱਕਦਾ। ਹੁਣ ਮਾਤਾ-ਪਿਤਾ ਦਾ ਇੱਕ ਕਾਰਜ ਬਾਕੀ ਰਹਿ ਗਿਆ ਸੀ ਗੁਰਦੇਵ ਦਾ ਵਿਆਹ ਕਰਨਾ, ਪਰ ਗੁਰਦੇਵ ਬਾਹਰਲੇ ਦੇਸ ਜਾਣਾ ਚਾਹੁੰਦਾ ਸੀ, ਪਰਿਵਾਰ ਕਹਿੰਦਾ ਸੀ ਕਿ ਪਿੰਡ ਹੀ ਰਹਿ ਕੇ ਦੋਵੇ ਭਰਾ ਖੇਤੀ ਬਾੜੀ ਕਰੋ। ਪਰਦੇਸੀ ਗਿਆ ਬੰਦਾ ਛੇਤੀ ਵਾਪਸ ਨਹੀਂ ਆਉਂਦਾ, ਵਿਆਹ ਦੀ ਉਮਰ ਵੀ ਲੰਘ ਜਾਂਦੀ ਹੈ, ਜਵਾਨੀ ਵਿੱਚ ਗਿਆ ਬੰਦਾ ਬੁਢਾਪੇ ਵਿਚ ਮੁੜਦਾ, ਨਾ ਫਿਰ ਘਰਦਾ ਨਾ ਘਾਟ ਦਾ ਰਹਿੰਦਾ ਹੈ। ਬਹੁਤ ਸਮਝਾਉਣ ਤੇ ਗੁਰਦੇਵ ਮੰਨ ਗਿਆ ਤੇ ਜ਼ਿੱਦ ਕਰਕੇ ਨਵਾਂ ਟਰੈਕਟਰ ਲੈ ਲਿਆ ਜਮੀਨ ਦਾ ਗੇੜ ਵਧਾ ਲਿਆ, ਵਿਹਲੇ ਸਮੇਂ ਗੁਰਦੇਵ ਟਰੈਕਟਰ ਨਾਲ ਕਰਾਇਆ ਲਾ ਲੈਂਦਾ ਤੇ ਚੰਗੇ ਪੈਸੇ ਬਣਾ ਲਿਆਉਂਦਾ, ਪਰਿਵਾਰ ਖੁਸ਼ ਸੀ, ਭਾਬੀ ਰਣਜੀਤ ਕੋਰ ਨੇ ਆਪਣੀ ਮਾਸੀ ਦੀ ਧੀ ਦਾ ਰਿਸ਼ਤਾ ਗੁਰਦੇਵ ਲਈ ਲਿਆਉਣਾ ਚਾਹਿਆ ਪਰ, ਗੁਰਦੇਵ ਨੇ ਕਿਹਾ ਕਿ ਪਹਿਲਾਂ ਘਰ ਵਧੀਆ ਬਣਾਉਣਾ ਹੈ ਫਿਰ ਵਿਆਹ ਕਰਵਾਉਣਾ ਹੈ। ਗੱਲ ਦੱਬ ਗਈ ਸਾਰੇ ਆਪਣੇ ਕੰਮੀ ਲੱਗ ਗਏ।

ਕਨੈਡਾ ਤੋ ਖੁਸ਼ੀਆਂ ਦਾ ਸੁਨੇਹਾ ਆਇਆ ਕਿ ਸਿੰਮੀ ਘਰ ਪੁੱਤ ਨੇ ਜਨਮ ਲਿਆ ਹੈ। ਦਾਦਕਿਆਂ ਦੀ ਦਹਿਲੀਜ਼ ਵਧੀ ਤੇ ਨਾਨਕਿਆਂ ਨੂੰ ਦੋਹਤਾ ਮਿਲਿਆ, ਖੁਸ਼ੀਆਂ ਦੇ ਲੱਡੂ ਵੰਡੇ ਗਏ। ਵਿਹੜੇ ਤੇ ਬਨੇਰਿਆਂ ਨੇ ਖੁਸ਼ੀਆਂ ਵਿੱਚ ਗਿੱਧਾ ਪਾਇਆ। ਹਰਦੇਵ ਤੇ ਰਣਜੀਤ ਕੋਰ ਨੇ ਭਾਣਜੇ ਦੀ ਖੁਸ਼ੀ ਪੁੱਤ ਜੰਮਿਆਂ ਸਮਝ ਕੇ ਮਨਾਈ। ਰਣਜੀਤ ਕੋਰ ਖਾਲੀ ਪੇਟ ਤੇ ਖਾਲੀ ਝੋਲੀ ਤੇ ਸਬਰਾਂ ਦਾ ਹੱਥ ਫੇਰਿਆ ਤੇ ਪਰਮਾਤਮਾ ਦੇ ਅੱਗੇ ਅਰਦਾਸ ਕੀਤੀ ਕਿ ਮੈਨੂੰ ਵੀ ਪੁੱਤ ਦੀ ਦਾਤ ਬਖਸ਼ ਦੇਵੋ। ਸਮਾਂ ਲੰਘਿਆ ਤਾ ਘਰੇ ਫਿਰ ਗੁਰਦੇਵ ਦੇ ਰਿਸ਼ਤੇ ਦੀ ਗੱਲ ਤੁਰੀ ਤਾ ਸ਼ਭ ਨੇ ਰਲ ਕੇ ਗੁਰਦੇਵ ਨੂੰ ਮੰਗਣੇ ਲਈ ਮਨਾ ਲਿਆ। ਰਣਜੀਤ ਕੋਰ ਚਾਈ ਚਾਈ ਮਾਸੀ ਮਾਸੜ ਤੋ ਕੁਲਦੀਪ ਦਾ ਰਿਸ਼ਤਾ ਲੈ ਆਈ, ਗੁਰਦੇਵ ਦਾ ਮੰਗਣਾ ਹੋ ਗਿਆ ਮੂਹਰਲੇ ਸਾਲ ਵਿਆਹ ਕਰਨ ਦਾ ਇਕਰਾਰ ਕਰ ਲਿਆ। ਘਰ ਵਿਚ ਫਿਰ ਖੁਸ਼ੀਆਂ ਨੇ ਫੇਰਾ ਪਾਇਆ। ਘਰ ਦੀਆਂ ਕੰਧਾਂ ਵੀ ਨੱਚੀਆਂ, ਹੁਣ ਸੀਰਤ ਤੇ ਸਹਿਜ ਕੋਰ ਸਕੂਲ ਜਾਣ ਲੱਗ ਗਈਆਂ। ਉਨ੍ਹਾਂ ਨੂੰ ਵਧੀਆ ਸਕੂਲ ਵਿੱ ਦਾਖਲਾ ਦਵਾਇਆ, ਪਰਿਵਾਰ ਵੀ ਚਹੁੰਦਾ ਸੀ ਕਿ ਜ਼ਮਾਨੇ ਦੇ ਬਰਾਬਰ ਹੀ ਤੁਰਿਆ ਜਾਵੇ, ਨਵੇਂ ਜ਼ਮਾਨੇ ਦੀਆਂ ਚੰਗੀਆਂ ਗੱਲਾਂ ਪਰਿਵਾਰ ਲੜ ਬੰਨ੍ਹਦਾ ਸੀ ਤੇ ਮਾੜੀਆਂ ਗੱਲਾਂ ਤੋ ਪਾਸਾ ਵੱਟ ਲੈਂਦਾ ਸੀ।

ਖ਼ੁਸ਼ੀਆਂ ਪਰਿਵਾਰ ਨੂੰ ਜਿਵੇਂ ਰਾਸ ਨਾ ਆਈਆਂ ਹੋਣ, ਸਿਖਰ ਦੁਪਹਿਰੇ ਜਿਵੇਂ ਘਰ ਤੇ ਅਸਮਾਨੀ ਬਿਜਲੀ ਡਿੱਗ ਪਈ ਹੋਵੇ। ਜਦੋਂ ਘਰੇ ਜੇਠੇ ਪੁੱਤ ਦੀ ਲਾਸ਼ ਟਰੈਕਟਰ ਟਰਾਲੀ ਤੇ ਘਰ ਆ ਜਾਵੇ ਪਿੰਡ ਵਿੱਚ ਹਰਦੇਵ ਦੀ ਮੌਤ ਦੀ ਖਬਰ ਜੰਗਲ ਵਿਚ ਲੱਗੀ ਅੱਗ ਵਾਂਗ ਫੈਲ ਗਈ। ਸਾਰਾ ਪਿੰਡ ਹਰਦੇਵ ਕੇ ਘਰ ਇੱਕਠਾ ਹੋ ਗਿਆ। ਹਰਦੇਵ ਦੀ ਖੇਤ ਕਰੰਟ ਲੱਗਣ ਨਾਲ ਮੌਤ ਹੋ ਗਈ। ਰੱਬਾ ਐਨਾ ਕਹਿਰ ਕੀਤਾ, ਜੰਡ ਜਿੱਡਾ ਗੱਭਰੂ ਤੂੰ ਸਦਾ ਦੀ ਨੀਂਦ ਸੁਵਾ ਦਿੱਤਾ, ਇਹ ਸ਼ਬਦ ਹਰੇਕ ਪਿੰਡ ਵਾਲੇ ਦੇ ਮੂੰਹੋਂ ਨਿਕਲ ਰਹੇ ਸਨ। ਮਾਤਾ-ਪਿਤਾ ਦੀਆਂ ਧਾਹਾਂ ਦੇਖੀਆਂ ਨਹੀਂ ਜਾਂਦੀਆਂ ਸਨ। ਰਣਜੀਤ ਕੋਰ ਨੂੰ ਤਾਂ ਮੁੜ-ਮੁੜ ਦੰਦਲਾਂ ਪੈ ਰਹੀਆਂ ਸਨ। ਦੋਵੇ ਧੀਆ ਦਾ ਰੋਣਾ ਮਾਸੂਮ ਹਾਉਕੇ ਦੇਖੇ ਨਹੀਂ ਜਾਂਦੇ ਸਨ। ਰਿਸ਼ਤੇਦਾਰੀ ਵਿਚ ਸੁਨੇਹੇ ਲਾ ਦਿੱਤੇ ਸਨ। ਸੂਰਜ ਦੇ ਛਿੱਪਣ ਨਾਲ ਹੀ ਘਰ ਦਾ ਚੁਰਾਗ ਵੀ ਚਿਤਾ ਤੇ ਆਖ਼ਰੀ ਸੇਜ ਵਿਚ ਬਲ ਉੱਠਿਆ, ਸਾਰੇ ਪਿੰਡ ਦੀ ਇੱਕਠਿਆ ਚੀਕ ਨਿਕਲ ਗਈ। ਹਰਦੇਵ ਦੇ ਸੁਭਾਅ, ਉਸ ਦੀ ਨਿਮਰਤਾ, ਉਸ ਦੇ ਸਾਊਪੁਣੇ ਦੀਆਂ ਗੱਲਾਂ ਹਰੇਕ ਦੀ ਜੁਬਾਨ 'ਤੇ ਆਉਂਦੀਆਂ ਤੇ ਅੱਖਾਂ ਵਿੱਚੋਂ ਹੰਝੂ ਵਹਿ ਜਾਂਦੇ ਸਨ। ਦੂਜੇ ਦਿਨ ਛੇ ਫੁੱਟ ਗੱਭਰੂ ਨੂੰ ਛੋਟੀ ਜਿਹੀ ਮਿੱਟੀ ਦੀ ਕੁੱਜੀ ਵਿੱਚ ਪਾ ਕੇ ਕੀਰਤਪੁਰ ਨੂੰ ਚੱਲ ਪਏ। ਜਿਹੜੇ ਰਸਤੇ ਪਹਿਲਾਂ ਮਾਤਾ-ਪਿਤਾ ਨੇ ਜਾਣਾ ਸੀ ਉਸ ਰਸਤੇ ਹਰਦੇਵ ਤੁਰ ਗਿਆ! ਹਰਦੇਵ ਦਾ ਭੋਗ ਪੈ ਗਿਆ। ਹਰਦੇਵ ਦੇ ਮਾਪਿਆਂ ਤੇ ਰਣਜੀਤ ਕੋਰ ਦੇ ਮਾਪਿਆਂ ਨੇ ਸਲਾਹ ਕੀਤੀ ਕਿ ਰਣਜੀਤ ਕੋਰ ਦੀ ਭਰ ਜਵਾਨੀ ਹੈ। ਧੀਆਂ ਛੋਟੀਆਂ ਹਨ। ਕਿਉ ਨਾ ਰਣਜੀਤ ਕੋਰ ਦਾ ਪੱਲਾ ਗੁਰਦੇਵ ਨੂੰ ਫੜਾ ਦਿੱਤਾ ਜਾਵੇ ਪਰ ਨਾ ਰਣਜੀਤ ਕੋਰ ਮੰਨੇ ਨਾ ਹੀ ਗੁਰਦੇਵ ਕੋਈ ਲੜ ਫੜਾਵੇ। ਰਿਸ਼ਤੇਦਾਰੀ ਦੇ ਜ਼ੋਰ ਪਾਉਣ 'ਤੇ ਭੈਣਾਂ ਦੇ ਤਰਲਿਆਂ ਨਾਲ ਗੁਰਦੇਵ ਮੰਨ ਗਿਆ। ਪਰ ਰਣਜੀਤ ਕੋਰ ਕਹਿੰਦੀ ਮੈ ਗੁਰਦੇਵ ਦੇ ਸਿਰ 'ਤੇ ਰਹਿ ਪਊਂਗੀ, ਪਰ ਮੈਂ ਗੁਰਦੇਵ ਦਾ ਵਿਆਹ ਆਪਣੀ ਮਾਸੀ ਦੀ ਧੀ ਕੁਲਦੀਪ ਨਾਲ ਜਰੂਰ ਕਰਨਾ, ਸਭ ਨੇ ਸਮਝਾਇਆ ਪਰ ਰਣਜੀਤ ਕੋਰ ਅੜੀ ਰਹੀ, ਫਿਰ ਸਭ ਦੇ ਰਲੇ-ਮਿਲੇ ਹੁੰਗਾਰੇ ਨਾਲ ਸਹਿਮਤੀ ਹੋਈ ਰਣਜੀਤ ਕੋਰ ਦਾ ਪੱਲਾ ਗੁਰਦੇਵ ਨੂੰ ਫੜਾ ਦਿੱਤਾ, ਕਈ ਮਹੀਨੇ ਦਾ ਗੁਰਦੇਵ ਦਾ ਹੋਸਲਾ ਹੀ ਨਾ ਪਿਆ ਕਿ ਆਪਣੀ ਭਾਬੀ ਨਾਲ ਪਤੀ-ਪਤਨੀ ਵਾਲਾ ਸਬੰਧ ਬਣਾਵੇ। ਰਣਜੀਤ ਕੋਰ ਨੇ ਗੁਰਦੇਵ ਨੂੰ ਸਮਝਾਇਆ ਕਿ ਬੱਸ ਤੂੰ ਮੇਰੀਆਂ ਧੀਆਂ ਪੜ੍ਹਾ ਦੇ। ਪਹਿਲਾ ਹੱਕ ਤੇਰੇ 'ਤੇ ਕੁਲਦੀਪ ਦਾ ਰਹੂ ਤੇ ਮੈ ਦੂਜੇ ਥਾਂ ਰਹਿ ਕੇ ਦਿਨ ਕੱਟ ਲਾਊਂਗੀ ਤੂੰ ਫ਼ਿਕਰ ਨਾ ਕਰੀ। ਬੜੀ ਸਾਦਗੀ ਨਾਲ ਗੁਰਦੇਵ ਦਾ ਵਿਆਹ ਕੁਲਦੀਪ ਨਾਲ ਕਰ ਦਿੱਤਾ। ਦੋਵਾਂ ਭੈਣਾਂ ਨੇ ਪਿਆਰ ਨਾਲ ਰਹਿਣ ਦੀ ਸੁੰਹ ਪਾਈ ਤੇ ਹਰਦੇਵ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਗਾਂਹ ਦੀ ਵਿਉਤਬੰਦੀ ਘੜੀ। ਹਰਦੇਵ ਦੇ ਮਾਪਿਆਂ ਨੂੰ ਫਿਕਰ ਸੀ ਕਿ ਦੋਵੇ ਲੜਾਈ ਨਾ ਕਰਨ ਲੱਗ ਜਾਣ। ਪਰ ਇੰਝ ਨਾ ਹੋਇਆ। ਬੇਸ਼ੱਕ ਕੁਲਦੀਪ ਨਵੀ ਨਵੇਲੀ ਸੀ ਪਰ ਉਹ ਗੁਰਦੇਵ ਨੂੰ ਕਹਿ ਦਿੰਦੀ ਸੀ ਕਿ ਤੁਸੀਂ ਵੱਡੀ ਭੈਣ ਨਾਲ ਵੀ ਦੁੱਖ ਸੁੱਖ ਕਰ ਲਿਆ ਕਰੋ!

ਗੁਰਦੇਵ ਦੀਆਂ ਦੋਵੇਂ ਭੈਣਾਂ ਆਪਣੇ ਘਰਾਂ ਵਿਚ ਵਧੀਆ ਹੱਸਦੀਆਂ-ਵੱਸਦੀਆਂ ਸਨ। ਦੋਵਾਂ ਦੇ ਦੋ-ਦੋ ਬੱਚੇ ਸਨ। ਮਾਪਿਆਂ ਨੂੰ ਧੀਆਂ ਵੱਲੋਂ ਤਾਂ ਹਵਾ ਦਾ ਠੰਡਾ ਬੁੱਲਾ ਆਉਂਦਾ ਸੀ, ਪਰ ਨੂੰਹਾਂ ਕੋਲੋਂ ਪੋਤੇ ਦੀ ਆਸ ਦਿਨ-ਰਾਤ ਹੀ ਰਹਿੰਦੀ ਸੀ। ਪਰਮਾਤਮਾ ਨੇ ਜਿਵੇ ਨੇੜੇ ਹੋ ਕੇ ਬਿਰਧ ਹੱਥਾਂ ਦੀ ਅਰਦਾਸ ਸੁਣ ਲਈ ਹੋਵੇ। ਕੁਲਦੀਪ ਦਾ ਪੈਰ ਭਾਰੀ ਹੋ ਗਿਆ, ਰਿਵਾਜ ਅਨੁਸਾਰ ਪਹਿਲਾਂ ਜਣੇਪਾ ਹੋਣ ਕਰਕੇ ਕੁਲਦੀਪ ਦੇ ਪੇਕੇ ਉਸ ਨੂੰ ਆਪਣੇ ਪਿੰਡ ਨਾਲ ਲੈ ਗਏ। ਹੁਣ ਗੁਰਦੇਵ ਦਾ ਜੀਅ ਨਾ ਲੱਗਦਾ ਉਹ ਰਣਜੀਤ ਕੋਰ ਨਾਲ ਬਹੁਤਾ ਸਮਾਂ ਲੰਘਾਉਂਦਾ, ਆਪਣੇ ਭਰਾ ਦੀਆਂ ਯਾਦਾਂ ਸਾਂਝੀਆਂ ਕਰਦਾ, ਕੁੜੀਆਂ ਦੇ ਭਵਿੱਖ ਦੀਆਂ ਸਲਾਹਾਂ ਕਰਦਾ, ਦੋਵਾਂ ਨੂੰ ਪਤਾ ਨਾ ਲੱਗਿਆ ਕਦੋ ਦੱਸ ਸਾਲ ਦੀ ਉਮਰ ਦਾ ਫਰਕ ਹਾਣ ਦੇ ਹਾਣੀ ਦਾ

***(ਬਾਕੀ ਅਗਲੇ ਸਫੇ 'ਤੇ)***

# ਟਰੰਪ ਦੀ ਤੀਜੇ ਮੁਲਕ ’ਚ ਡਿਪੋਰਟ ਕਰਨ ਦੀ ਨੀਤੀ ਅਤੇ ਇਸ ਨਾਲ ਜੁੜੇ ਖ਼ਤਰੇ

***ਡੋਨਲਡ ਟਰੰਪ ਨੇ ਮੁੜ ਸੱਤਾ ਉੱਪਰ ਕਾਬਜ਼ ਹੋ ਕੇ ਪਰਵਾਸੀਆਂ ਵਿਰੁੱਧ ਜੰਗ ਛੇੜੀ ਹੋਈ ਹੈ। ਜਨਵਰੀ ਤੋਂ ਅਕਤੂਬਰ 2025 ਤੱਕ ਅਮਰੀਕਾ ਤੋਂ ਪੰਜ ਲੱਖ ਤੋਂ ਵੱਧ ਪਰਵਾਸੀ ਡਿਪੋਰਟ ਕੀਤੇ ਗਏ ਹਨ ਅਤੇ ਇਹ ਹਮਲਾ ਲਗਾਤਾਰ ਚੱਲ ਰਿਹਾ ਹੈ। ਟਰੰਪ ਦੀ ਇਸ ਡਿਪੋਰਟ ਯੋਜਨਾ ਦਾ ਬਹੁਤ ਹੀ ਚਿੰਤਾਜਨਕ ਪਹਿਲੂ ਉਨ੍ਹਾਂ ਪਰਵਾਸੀਆਂ ਨੂੰ ਡਿਪੋਰਟ ਕਰਕੇ ਤੀਜੇ ਮੁਲਕਾਂ ਦੀਆਂ ਜੇਲ੍ਹਾਂ ਵਿਚ ਰੱਖਣ ਦੇ ਸਮਝੌਤੇ ਹਨ ਜਿਨ੍ਹਾਂ ਨੂੰ ਕਿਸੇ ਕਾਰਨ ਉਨ੍ਹਾਂ ਦੇ ਮੂਲ ਮੁਲਕ ਵਿਚ ਨਹੀਂ ਭੇਜਿਆ ਜਾ ਸਕਦਾ। ਇਸ ਬਾਰੇ ਸੰਖੇਪ ’ਚ ਚਰਚਾ ਕਰਦੀ ‘ਦੀ ਹਿੰਦੂ’ ਅਖ਼ਬਾਰ ਦੀ ਇਸ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਨੇ ਕਈ ਮੁਲਕਾਂ, ਮੁੱਖ ਤੌਰ ’ਤੇ ਅਫ਼ਰੀਕੀ ਅਤੇ ਕੇਂਦਰੀ ਅਮਰੀਕੀ ਮੁਲਕਾਂ, ਨਾਲ ਗੁਪਤ ਸਮਝੌਤੇ ਕੀਤੇ ਹਨ ਤਾਂ ਜੋ ਉਹ ਉਨ੍ਹਾਂ ਗ਼ੈਰ-ਨਾਗਰਿਕ ਡਿਪੋਰਟੀਆਂ ਨੂੰ ਆਪਣੇ ਮੁਲਕਾਂ ਵਿਚ ਰੱਖਣਾ ਸਵੀਕਾਰ ਕਰ ਲੈਣ, ਜਿਨ੍ਹਾਂ ਨੂੰ ਤੀਜੇ ਮੁਲਕ ਦੇ ਨਾਗਰਿਕ (ਟੀਸੀਐੱਨ) ਵੀ ਕਿਹਾ ਜਾਂਦਾ ਹੈ। ਮੈਕਸੀਕੋ, ਐਲ ਸਲਵਾਡੋਰ, ਦੱਖਣੀ ਸੂਡਾਨ, ਐਸਵਾਤੀਨੀ, ਘਾਨਾ, ਇਕਵਾਟੋਰੀਅਲ ਗਿਨੀ, ਅਤੇ ਯੂਗਾਂਡਾ ਉਨ੍ਹਾਂ ਮੁਲਕਾਂ ਦੀ ਵਧ ਰਹੀ ਸੂਚੀ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਲੱਖਾਂ ਡਾਲਰਾਂ ਦੇ ਬਦਲੇ ਅਜਿਹੇ ਡਿਪੋਰਟੀਆਂ ਨੂੰ ਸਵੀਕਾਰ ਕੀਤਾ

**ਨਿਵੇਦਿਤਾ ਐੱਸ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਕਾਰਕੁਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਮੁਲਕਾਂ ਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਤਸਕਰੀ, ਅਤੇ ਭ੍ਰਿਸ਼ਟਾਚਾਰ ਦਾ ਲੰਮਾ ਇਤਿਹਾਸ ਰਿਹਾ ਹੈ।

ਜਿਨ੍ਹਾਂ ਪਰਵਾਸੀਆਂ ਨੂੰ ਟਰੰਪ ਡਿਪੋਰਟ ਕਰ ਰਿਹਾ ਹੈ: “ਪਹਿਲੇ ਦਿਨ ਹੀ, ਮੈਂ ਅਮਰੀਕਾ ਦੇ ਇਤਿਹਾਸ ਵਿਚ ਅਪਰਾਧੀਆਂ ਦੀ ਸਭ ਤੋਂ ਵੱਡੀ ਡਿਪੋਰਟ ਯੋਜਨਾ ਸ਼ੁਰੂ ਕਰਾਂਗਾ,” ਡੋਨਲਡ ਟਰੰਪ ਨੇ ਨਿਊਯਾਰਕ ਵਿਚ ਆਪਣੀ ਰਾਸ਼ਟਰਪਤੀ ਮੁਹਿੰਮ ਦੌਰਾਨ ਕਿਹਾ ਸੀ।

ਅਕਤੂਬਰ 2025 ਤੱਕ, ਜਨਵਰੀ ਤੋਂ ਅਮਰੀਕਾ ਤੋਂ ਪੰਜ ਲੱਖ ਤੋਂ ਵੱਧ ਪਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਇਸ ਵਿਸ਼ਾਲ ਡਿਪੋਰਟ ਯੋਜਨਾ ਵਿਚ ਮਿਸਟਰ ਟਰੰਪ ਨੇ ਤੀਜੇ ਮੁਲਕਾਂ ਵਿਚ ਡਿਪੋਰਟ ਵੀ ਤੇਜ਼ ਕੀਤੀ ਹੈ, ਇੱਕ ਅਜਿਹਾ ਕਦਮ ਜਿਸਦਾ ਪਹਿਲਾਂ ਬਹੁਤ ਘੱਟ ਇਸਤੇਮਾਲ ਕੀਤਾ ਜਾਂਦਾ ਸੀ।

ਹੋਮਲੈਂਡ ਸਕਿਉਰਿਟੀ ਡਿਪਾਰਟਮੈਂਟ (ਡੀਐੱਚਐੱਸ) ਦਾ ਕਹਿਣਾ ਹੈ ਕਿ ਇਸ ਲਈ ਚੁਣੇ ਗਏ ਡਿਪੋਰਟੀਆਂ ਉੱਤੇ ਕਤਲ ਸਮੇਤ ਅਪਰਾਧਾਂ ਦਾ ਦੋਸ਼ ਸਾਬਤ ਹੋਇਆ ਹੈ। ਹਾਲਾਂਕਿ, ਪ੍ਰਸ਼ਾਸਨ ਨੇ ਪਨਾਹ ਚਾਹੁਣ ਵਾਲਿਆਂ ਦੇ ਨਾਲ-ਨਾਲ ਉਨ੍ਹਾਂ ਲੋਕਾਂ ਨੂੰ ਵੀ ਜ਼ਬਰਦਸਤੀ ਬਾਹਰ ਕੱਢਿਆ ਹੈ ਜਿਨ੍ਹਾਂ ਦੇ ਡਿਪੋਰਟੇਸ਼ਨ ਦੇ ਕੇਸ ਵਿਚਾਰ-ਅਧੀਨ ਹਨ ਜਾਂ ਜਿਨ੍ਹਾਂ ਨੂੰ ਡਿਪੋਰਟ ਦੇ ਅੰਤਮ ਆਦੇਸ਼ ਪ੍ਰਾਪਤ ਹੋਏ ਹਨ।

ਤੀਜੇ ਮੁਲਕ ਵਿਚ ਡਿਪੋਰਟੇਸ਼ਨ: ਤੀਜੇ ਮੁਲਕ ਵਿਚ ਡਿਪੋਰਟੇਸ਼ਨ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੇ ਤਹਿਤ ਵਿਵਸਥਾ ਹੈ ਜਿਸਦੇ ਅਧੀਨ ਡੀਐੱਚਐੱਸ ਕਿਸੇ ਵਿਅਕਤੀ ਨੂੰ, ਜੇਕਰ ਮੂਲ ਮੁਲਕ/ਜਿੱਥੇ ਉਹ ਪਹਿਲਾਂ ਰਹਿੰਦੇ ਸਨ, ਉੱਥੇ ਡਿਪੋਰਟ “ਗ਼ੈਰਵਿਹਾਰਕ, ਅਣਉਚਿਤ ਜਾਂ ਅਸੰਭਵ” ਹੈ, ਜਾਂ ਜੇਕਰ ਮੂਲ ਮੁਲਕ ਦੀ ਸਰਕਾਰ ਡਿਪੋਰਟੀ ਨੂੰ ਲੈਣ ਲਈ ਤਿਆਰ ਨਹੀਂ ਹੈ, ਉਸ ਮੁਲਕ ਭੇਜ ਸਕਦਾ ਹੈ ਜਿਸਦਾ ਉਸ ਨਾਲ ਕੋਈ ਸਬੰਧ ਨਹੀਂ ਹੈ।

ਜੁਲਾਈ 2025 ’ਚ, ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਨੇ ਨਵਾਂ ਮੈਮੋਰੈਂਡਮ ਜਾਰੀ ਕੀਤਾ ਜੋ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਲੋਕਾਂ ਨੂੰ ਨੋਟਿਸ ਮਿਲਣ ਤੋਂ 24 ਘੰਟਿਆਂ ਦੇ ਅੰਦਰ ਜਾਂ ‘ਅਸਾਧਾਰਣ ਹਾਲਾਤ’ ਵਿਚ ਸਿਰਫ਼ ਛੇ ਘੰਟਿਆਂ ਦੇ ਅੰਦਰ ‘ਤੀਜੇ ਮੁਲਕਾਂ’ ਵਿਚ ਡਿਪੋਰਟ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਤੋਂ ਇਲਾਵਾ ਜੂਨ ਵਿਚ, ਅਮਰੀਕੀ ਸੁਪਰੀਮ ਕੋਰਟ ਨੇ ਇੱਕ ਹੇਠਲੀ ਅਦਾਲਤ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ ਜੋ ਬਿਨਾਂ ਸਕ੍ਰੀਨਿੰਗ ਦੇ ਅਜਿਹੀਆਂ ਡਿਪੋਰਟੇਸ਼ਨਾਂ ਨੂੰ ਸੀਮਤ ਕਰਦਾ ਸੀ। ਇਸ ਨੇ ਪ੍ਰਸ਼ਾਸਨ ਨੂੰ ਤੀਜੇ ਮੁਲਕਾਂ ਵਿਚ ਡਿਪੋਰਟੇਸ਼ਨ ਨੂੰ ਤੇਜ਼ ਕਰਨ ਦਾ ਮੌਕਾ ਦਿੱਤਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪਹੁੰਚ ਦਾ ਉਦੇਸ਼ ਮਾਈਗ੍ਰੇਸ਼ਨ ਨੂੰ ਨਿਰਉਤਸ਼ਾਹਤ ਕਰਨਾ ਅਤੇ ਸਵੈ-ਇੱਛਾ ਨਾਲ ਡਿਪੋਰਟ ਨੂੰ ਉਤਸ਼ਾਹਤ ਕਰਨਾ ਹੈ।

ਜਿਨ੍ਹਾਂ ਮੁਲਕਾਂ ਨੇ ਇਨ੍ਹਾਂ ਪਰਵਾਸੀਆਂ ਨੂੰ ਸਵੀਕਾਰ ਕੀਤਾ ਹੈ: ਵਰਤਮਾਨ ਵਿਚ, ਲਗਭਗ 12 ਮੁਲਕਾਂ ਦੇ ਟਰੰਪ ਪ੍ਰਸ਼ਾਸਨ ਨਾਲ ਸਮਝੌਤੇ ਹੋ ਚੁੱਕੇ ਹਨ। ਇਨ੍ਹਾਂ ਵਿਚ ਬੇਲੀਜ਼, ਕੋਸਤਾ ਰੀਕਾ, ਇਕਵਾਡੋਰ, ਐੱਲ ਸਲਵਾਡੋਰ, ਇਕਵਾਟੋਰੀਅਲ ਗਿਨੀ, ਐਸਵਾਤੀਨੀ, ਘਾਨਾ, ਗੁਆਟੇਮਾਲਾ, ਹੌਂਡੂਰਾਸ, ਕੋਸੋਵੋ, ਲਾਈਬੇਰੀਆ, ਲੀਬੀਆ, ਮੈਕਸੀਕੋ, ਪਨਾਮਾ, ਪੈਰਾਗੁਏ, ਪੋਲੈਂਡ, ਰਵਾਂਡਾ, ਦੱਖਣੀ ਸੂਡਾਨ, ਯੂਗਾਂਡਾ ਅਤੇ ਉਜ਼ਬੇਕਿਸਤਾਨ ਸ਼ਾਮਲ ਹਨ। ਟਰੰਪ ਦੇ ਕਾਰਜਕਾਲ ਦੌਰਾਨ ਅਜਿਹੇ ਹੋਰ ਸਮਝੌਤਿਆਂ ’ਤੇ ਦਸਤਖ਼ਤ ਹੋਣ ਦੀ ਉਮੀਦ ਹੈ।

ਟੀਸੀਐੱਨ ਨੂੰ ਸਵੀਕਾਰ ਕਰਨ ਲਈ ਕਿਸੇ ਮੁਲਕ ਲਈ ਰਸਮੀ ਜਨਤਕ ਸਮਝੌਤੇ ’ਤੇ ਦਸਤਖ਼ਤ ਕਰਨ ਦੀ ਲੋੜ ਨਹੀਂ ਹੈ। ਇਸ ਲਈ, ਇਨ੍ਹਾਂ ਸੌਦਿਆਂ ਦੀਆਂ ਸ਼ਰਤਾਂ ਗੋਲਮੋਲ ਹਨ ਅਤੇ ਕੋਈ ਡੇਟਾ ਵੀ ਹਾਸਲ ਨਹੀਂ ਹੈ ਕਿ ਕਿੰਨੇ ਪਰਵਾਸੀ ਅਜਿਹੀਆਂ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਰੱਖੇ ਜਾਣ ਦੇ ਹਾਲਾਤ ਕੀ ਹਨ।

ਇਨ੍ਹਾਂ ਮੁਲਕਾਂ ਨੇ ਵੱਖ-ਵੱਖ ਕਿਸਮ ਦੀਆਂ ਵਿਵਸਥਾਵਾਂ ’ਤੇ ਸਹਿਮਤੀ ਪ੍ਰਗਟਾਈ ਹੈ ਜਿਸ ਵਿਚ ਡਿਪੋਰਟੀਆਂ ਨੂੰ ਕੈਦ ਕਰਨਾ, ਮੂਲ ਮੁਲਕ ਵਿਚ ਵਾਪਸ ਭੇਜੇ ਜਾਣ ਤੋਂ ਪਹਿਲਾਂ ਅਸਥਾਈ ਰੂਪ ਵਿਚ ਰੱਖਣਾ, ਹਿਰਾਸਤ ਅਤੇ ਤੀਜੇ ਮੁਲਕ ਵਿਚ ਰਹਿਣ ਦੀਆਂ ਵਿਵਸਥਾਵਾਂ ਸ਼ਾਮਲ ਹਨ। ਉਨ੍ਹਾਂ ਨੂੰ ‘ਕੂਟਨੀਤਕ ਭਰੋਸਾ’ ਵੀ ਦੇਣਾ ਚਾਹੀਦਾ ਹੈ ਕਿ ਡਿਪੋਰਟੀਆਂ ਨੂੰ ਤਸੀਹਿਆਂ ਜਾਂ ਜ਼ੁਲਮਾਂ ਦਾ ਸਾਹਮਣਾ ਨਹੀਂ ਕਰਨਾ ਪਏਗਾ।

ਮੈਕਸੀਕੋ ਨੇ ਸਭ ਤੋਂ ਵੱਧ ਗ਼ੈਰ-ਨਿਵਾਸੀ ਡਿਪੋਰਟੀਆਂ ਨੂੰ ਸਵੀਕਾਰ ਕੀਤਾ ਹੈ। ਇਸ ਮੁਲਕ ਨੇ ਪਹਿਲਾਂ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਟੀਸੀਐੱਨ ਨੂੰ ਸਵੀਕਾਰ ਕੀਤਾ ਸੀ। ਰਿਪੋਰਟਾਂ ਅਨੁਸਾਰ, ਜਨਵਰੀ 2025 ਤੋਂ ਨਵੰਬਰ 2025 ਤੱਕ, 10,928 ਗ਼ੈਰ-ਮੈਕਸੀਕੀਆਂ ਨੂੰ ਇਸ ਮੁਲਕ ਵਿਚ ਭੇਜਿਆ ਗਿਆ। ਇਹ ਡਿਪੋਰਟੀ ਮੁੱਖ ਤੌਰ ’ਤੇ ਕਿਊਬਾ, ਐੱਲ ਸਲਵਾਡੋਰ, ਗੁਆਟੇਮਾਲਾ, ਹੈਤੀ, ਹੌਂਡੂਰਾਸ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਤੋਂ ਹਨ।

ਇਨ੍ਹਾਂ ਮੁਲਕਾਂ ਨੇ ਇਹ ਸਮਝੌਤੇ ਕਿਉਂ ਕੀਤੇ? ਕਿਹਾ ਜਾਂਦਾ ਹੈ ਕਿ ਮੁਆਵਜ਼ਾ ਅਤੇ ਰਾਜਨੀਤਕ ਦਬਾਅ ਇਨ੍ਹਾਂ ਮੁਲਕਾਂ ਦੇ ਡਿਪੋਰਟੀਆਂ ਨੂੰ ਸਵੀਕਾਰ ਕਰਨ ਦੇ ਮੁੱਖ ਕਾਰਨ ਹਨ। ਸਮਝੌਤੇ ਸਵੀਕਾਰ ਕਰਨ ਵਾਲੇ ਜ਼ਿਆਦਾਤਰ ਮੁਲਕ ਅਮਰੀਕੀ ਸਹਾਇਤਾ ’ਤੇ ਬਹੁਤ ਜ਼ਿਆਦਾ ਨਿਰਭਰ ਹਨ, ਅਤੇ ਟਰੰਪ ਪ੍ਰਸ਼ਾਸਨ ਦੁਆਰਾ ਪ੍ਰਮੁੱਖ ਫੰਡਾਂ ਵਿਚ ਕਟੌਤੀ ਕਰਨ ਤੋਂ ਬਾਅਦ




ਡਿਪੋਰਟੀਆਂ ਨੂੰ ਸਵੀਕਾਰ ਕਰਨਾ ਮਾਨਵਤਾ ਦੇ ਆਧਾਰ ’ਤੇ ਫੰਡ ਹਾਸਲ ਕਰਨ ਦਾ ਇੱਕ ਤਰੀਕਾ ਬਣ ਗਿਆ ਹੈ। ਇਹ ਇਨ੍ਹਾਂ ਵਿਚੋਂ ਕੁਝ ਮੁਲਕਾਂ ਲਈ ਅਮਰੀਕੀ ਪਾਬੰਦੀਆਂ ਤੋਂ ਰਾਹਤ ਪ੍ਰਾਪਤ ਕਰਨ ਅਤੇ ਟੈਰਿਫਾਂ ਤੋਂ ਬਚਣ ਦਾ ਇੱਕ ਸਾਧਨ ਵੀ ਬਣ ਗਿਆ ਹੈ।

ਮਿਸਾਲ ਲਈ, ਬੇਲੀਜ਼ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਅਮਰੀਕਾ ਹੈ, ਜਿਸ ਨਾਲ ਉਸਦਾ ਵੱਡਾ ਵਪਾਰ ਘਾਟਾ ਹੈ। ਸਰਕਾਰੀ ਕੁਸ਼ਲਤਾ ਵਿਭਾਗ (DOGE) ਦੁਆਰਾ ਇੱਕ ਪ੍ਰਮੁੱਖ ਅਮਰੀਕੀ ਵਿਦੇਸ਼ੀ ਸਹਾਇਤਾ ਏਜੰਸੀ, ਮਿਲੇਨੀਅਮ ਚੈਲੇਂਜ ਕਾਰਪੋਰੇਸ਼ਨ (ਐੱਮਸੀਸੀ) ਨੂੰ ਬੰਦ ਕਰਨ ਦੇ ਫ਼ੈਸਲੇ ਕਾਰਨ ਇਹ ਮੁਲਕ 12.5 ਕਰੋੜ ਡਾਲਰ ਦੀ ਵਿਕਾਸ ਗ੍ਰਾਂਟ ਤੋਂ ਵਾਂਝਾ ਹੋ ਗਿਆ। ਮਿਸਟਰ ਟਰੰਪ ਨੇ ਬੇਲੀਜ਼ ਨੂੰ ਪ੍ਰਮੁੱਖ ਨਸ਼ੀਲੇ ਪਦਾਰਥਾਂ ਦਾ ਉਤਪਾਦਕ ਅਤੇ ਤਸਕਰੀ ਦਾ ਲਾਂਘਾ ਮੁਲਕ ਵੀ ਕਿਹਾ ਹੈ। ਇਹ ਅਨੁਮਾਨਿਤ ਕਾਰਨ ਮੰਨੇ ਜਾ ਰਹੇ ਹਨ ਕਿ ਇਸ ਮੁਲਕ ਨੇ ‘ਸੇਫ ਤੀਜਾ ਮੁਲਕ ਸਮਝੌਤਾ’ ਸਵੀਕਾਰ ਕਿਉਂ ਕੀਤਾ।

ਇਸੇ ਤਰ੍ਹਾਂ, ਅਮਰੀਕਾ ਨੇ ਟੀਸੀਐੱਨ ਸਵੀਕਾਰ ਕਰਨ ਦੇ ਬਦਲੇ ਇਕਵਾਟੋਰੀਅਲ ਗਿਨੀ ਨੂੰ 75 ਲੱਖ ਡਾਲਰ ਭੇਜੇ। ਸੀਨੀਅਰ ਡੈਮੋਕ੍ਰੈਟਿਕ ਸੈਨੇਟਰ ਜੀਨ ਸ਼ਾਹੀਨ ਨੇ ਅਮਰੀਕੀ ਬਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਚਿੱਠੀ ਲਿਖ ਕੇ ਕਿਹਾ ਕਿ ਸਰਕਾਰੀ ਅਧਿਕਾਰੀਆਂ ਵਿਚ ਭ੍ਰਿਸ਼ਟਾਚਾਰ ਅਤੇ ਮਨੁੱਖੀ ਤਸਕਰੀ ਵਿਚ ਮਿਲੀਭੁਗਤ ਦੇ ਰਿਕਾਰਡ ਨੂੰ ਦੇਖਦੇ ਹੋਏ ਇਹ ਭੁਗਤਾਨ ‘ਅਤਿਅੰਤ ਅਸਾਧਾਰਨ’ ਸੀ।

ਘਾਨਾ ਨੇ ਘੱਟ ਤੋਂ ਘੱਟ 60 ਟੀਸੀਐੱਨ ਸਵੀਕਾਰ ਕੀਤੇ ਹਨ, ਅਤੇ ਟਰੰਪ ਪ੍ਰਸ਼ਾਸਨ ਨੇ ਇਸ ਦੇ ਬਦਲੇ ਉਸ ਉੱਪਰ ਲਗਾਈਆਂ ਵੀਜ਼ਾ ਪਾਬੰਦੀਆਂ ਹਟਾ ਲਈਆਂ ਹਨ। ਰਿਪੋਰਟਾਂ ਇਹ ਹਨ ਕਿ ਯੂਰਪ ਦੇ ਚੁਣਵੇਂ ਮੁਲਕਾਂ ਵਿਚੋਂ ਇੱਕ, ਕੋਸੋਵੋ ਨੇ ਟੀਸੀਐੱਨ ਨੂੰ ਆਪਣੇ ਮੁਲਕ ਵਿਚ ਅਸਥਾਈ ਤੌਰ ’ਤੇ ਰੱਖਣ ਦਾ ਸਮਝੌਤਾ ਇਸ ਲਈ ਕਰਨਾ ਮੰਨ ਲਿਆ ਤਾਂ ਜੋ ਅਮਰੀਕਾ ਹੋਰ ਰਾਸ਼ਟਰਾਂ ਤੋਂ ਇਸਦੀ ਪ੍ਰਭੂਸੱਤਾ ਨੂੰ ਮਾਨਤਾ ਦੇਣ ਲਈ ਹਮਾਇਤ ਜੁਟਾ ਸਕੇ।

ਕਿਹਾ ਜਾਂਦਾ ਹੈ ਕਿ ਸ਼੍ਰੀ ਟਰੰਪ ਨੇ ਟੀਸੀਐੱਨ ਨੂੰ ਸਵੀਕਾਰ ਕਰਨ ਲਈ ਲਗਭਗ 58 ਮੁਲਕਾਂ ਨਾਲ ਸੰਪਰਕ ਕੀਤਾ ਹੈ। ਬੁਰਕੀਨਾ ਫਾਸੋ ਅਤੇ ਨਾਈਜੀਰੀਆ ਨੇ ਜਨਤਕ ਤੌਰ ’ਤੇ ਇਹ ਸੌਦਾ ਰੱਦ ਕਰ ਦਿੱਤਾ ਸੀ। “ਬੁਰਕੀਨਾ ਫਾਸੋ ਡਿਪੋਰਟ ਦੀ ਧਰਤੀ ਨਹੀਂ ਹੈ,” ਉੱਥੋਂ ਦੇ ਬਦੇਸ਼ ਮੰਤਰੀ ਕਰਾਮੋਕੋ ਜੀਨ-ਮੈਰੀ ਟਰਾਓਰੇ ਨੇ ਕਿਹਾ। ਉਸ ਨੇ ਇਸ ਗੁਜ਼ਾਰਿਸ਼ ਨੂੰ ਅਸ਼ਲੀਲ ਅਤੇ ਅਣਉਚਿਤ ਕਿਹਾ। ਨਾਈਜੀਰੀਆ ਨੇ ਵੀ ਅੰਦਰੂਨੀ ਸਮੱਸਿਆਵਾਂ ਅਤੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਇਹ ਸੌਦਾ ਮਨਜ਼ੂਰ ਨਹੀਂ ਕੀਤਾ।

ਅਧਿਕਾਰ ਕਾਰਕੁਨਾਂ ਦੁਆਰਾ ਉਠਾਈਆਂ ਸਮੱਸਿਆਵਾਂ: ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਰਾਂ ਨੇ ਡਿਪੋਰਟੀਆਂ ਨੂੰ ਤੁਰੰਤ ਤੀਜੇ ਮੁਲਕਾਂ ਵਿਚ ਭੇਜਣ ਵਿਰੁੱਧ ਚਿਤਾਵਨੀ ਦਿੱਤੀ ਹੈ। ਉਨ੍ਹਾਂ ਮੁਤਾਬਿਕ, ਡਿਪੋਰਟੀਆਂ ਨੂੰ 24 ਘੰਟਿਆਂ ਦੇ ਅੰਦਰ ਕੱਢਣਾ ਉਨ੍ਹਾਂ ਨੂੰ ਇਮੀਗ੍ਰੇਸ਼ਨ ਜੱਜ ਦੇ ਸਾਹਮਣੇ ਪੇਸ਼ ਹੋਣ ਜਾਂ ਜ਼ੁਲਮਾਂ ਦਾ ਡਰ ਰਸਮੀ ਤੌਰ ’ਤੇ ਪ੍ਰਗਟ ਕਰਨ ਲਈ ਕਾਫ਼ੀ ਸਮਾਂ ਨਹੀਂ ਦਿੰਦਾ। ਇਸ ਲਈ, ਢੁਕਵੀਂ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਜਾਂਦੀ।

ਕਈ ਮਾਮਲਿਆਂ ਵਿਚ, ਡਿਪੋਰਟ ਕੀਤੇ ਗਏ ਲੋਕਾਂ ਨੂੰ ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਅਲੱਗ ਕਰ ਦਿੱਤਾ ਗਿਆ ਹੈ ਜੋ ਅਮਰੀਕਾ ਵਿਚ ਰਹਿੰਦੇ ਹਨ। ਗਰਭਵਤੀ ਔਰਤਾਂ ਅਤੇ ਮੈਡੀਕਲ ਸਮੱਸਿਆਵਾਂ ਤੇ ਮਨੋਵਿਗਿਆਨਕ ਬਿਮਾਰੀਆਂ ਵਾਲੇ ਲੋਕਾਂ ਨੂੰ ਵੀ ਅੰਨ੍ਹੇਵਾਹ ਡਿਪੋਰਟ ਕੀਤਾ ਗਿਆ ਹੈ। ਤੀਜੇ ਮੁਲਕ ਨਾਲ ਸਾਂਝੀ ਭਾਸ਼ਾ ਅਤੇ ਪਰਿਵਾਰਕ ਸਬੰਧ ਨਾ ਹੋਣ ਨੇ ਉਨ੍ਹਾਂ ਨੂੰ ਬਹੁਤ ਨਾਜ਼ੁਕ ਸਥਿਤੀ ਵਿਚ ਸੁੱਟ ਦਿੱਤਾ ਹੈ। ਉਨ੍ਹਾਂ ਦੀ ਕਾਨੂੰਨੀ ਸੁਰੱਖਿਆ ਲੈਣ ਜਾਂ ਸਹਾਇਤਾ ਤੱਕ ਵੀ ਪਹੁੰਚ ਨਹੀਂ ਹੈ। ਕੁਝ ਮਾਮਲਿਆਂ ਵਿਚ, ਅਮਰੀਕਾ ਵਿਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਲੋਕ ਹੁਣ ਬਦੇਸ਼ੀ ਜੇਲ੍ਹਾਂ ਵਿਚ ਅਨਿਸ਼ਚਿਤ ਸਮੇਂ ਲਈ ਨਜ਼ਰਬੰਦ ਹਨ। ਦੱਖਣੀ ਸੂਡਾਨ ਅਤੇ ਲੀਬੀਆ ਵਰਗੇ ਯੁੱਧ ਖੇਤਰਾਂ ਵਿਚ ਪਰਵਾਸੀਆਂ ਨੂੰ ਭੇਜਣਾ ਵੀ ਉਨ੍ਹਾਂ ਦੀ ਜਾਨ ਲਈ ਵੱਡਾ ਖ਼ਤਰਾ ਪੈਦਾ ਕਰਦਾ ਹੈ।

ਜ਼ਬਰਦਸਤੀ ਗਾਇਬ ਕਰ ਦੇਣਾ ਅਤੇ ਤਸਕਰੀ ਇਨ੍ਹਾਂ ਡਿਪੋਰਟੀਆਂ ਲਈ ਹੋਰ ਪ੍ਰਮੁੱਖ ਖਤਰੇ ਹਨ ਜਿਨ੍ਹਾਂ ਨੂੰ ਤੀਜੇ ਮੁਲਕ ਵਿਚ ਕੋਈ ਅਧਿਕਾਰ ਨਹੀਂ ਹਨ। ਘਾਨਾ ਸਰਕਾਰ ਨੇ ਅਮਰੀਕਾ ਤੋਂ ਆਉਣ ਵਾਲੀ ਪਹਿਲੀ ਉਡਾਣ ਦੇ 45 ਡਿਪੋਰਟੀਆਂ ਬਾਰੇ ਖ਼ੁਲਾਸਾ ਨਹੀਂ ਕੀਤਾ ਹੈ ਕਿ ਉਨ੍ਹਾਂ ਨੂੰ ਕਿੱਥੇ ਰੱਖਿਆ ਗਿਆ ਹੈ।

ਕਈ ਟੀਸੀਐੱਨ ਬਾਰੇ ਰਿਪੋਰਟਾਂ ਹਨ ਕਿ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਤੌਰ ’ਤੇ ਹਿਰਾਸਤ ਵਿਚ ਰੱਖਿਆ ਗਿਆ ਹੈ। ਐੱਲ ਸਲਵਾਡੋਰ ਵਿਚ, ਜ਼ਿਆਦਾਤਰ ਡਿਪੋਰਟੀਆਂ ਨੂੰ ਬਦਨਾਮ ਧੜਵੈਲ ਜੇਲ੍ਹ, ਸੈਂਟਰੋ ਡੀ ਕੌਨਫਿਨਾਮੀਏਂਟੋ ਡੈਲ ਟੇਰੋਰਿਜ਼ਮੋ (CECOT) ਵਿਚ ਰੱਖਿਆ ਗਿਆ ਹੈ।

ਦੂਜੇ ਮੁਲਕਾਂ ਦੇ ਡਿਪੋਰਟੀਆਂ ਨੂੰ ਸਵੀਕਾਰ ਕਰਨਾ ਬਹੁਤ ਸਾਰੇ ਮੁਲਕਾਂ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਹੈ। ਅਧਿਕਾਰ ਸਮੂਹਾਂ ਨੇ ਐੱਸਵਾਤੀਨੀ, ਘਾਨਾ ਅਤੇ ਪਨਾਮਾ ਦੀਆਂ ਸਰਕਾਰਾਂ ਵਿਰੁੱਧ ਮੁਕੱਦਮੇ ਦਾਇਰ ਕੀਤੇ ਹਨ, ਇਹ ਕਹਿੰਦੇ ਹੋਏ ਕਿ ਇਹ ਸਮਝੌਤੇ ਗ਼ੈਰ-ਸੰਵਿਧਾਨਕ ਹਨ ਅਤੇ ਸੰਸਦ ਤੋਂ ਪ੍ਰਵਾਨਗੀ ਨਹੀਂ ਲਈ ਗਈ।

ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਭਾਵੇਂ ਟੀਸੀਐੱਨ ਨੇ ਅਮਰੀਕਾ ਜਾਂ ਤੀਜੇ ਮੁਲਕ ਵਿਚ ਕੋਈ ਜੁਰਮ ਨਹੀਂ ਕੀਤਾ ਹੈ ਫਿਰ ਵੀ ਉਨ੍ਹਾਂ ਨਾਲ ਮੁਜਰਮਾਂ ਵਾਂਗ ਬਦਸਲੂਕੀ ਕੀਤੀ ਜਾਂਦੀ ਹੈ। ਨੇਪਾਲ ਅਤੇ ਅਫ਼ਗਾਨਿਸਤਾਨ ਸਮੇਤ ਕੁੱਲ 300 ਪਰਵਾਸੀਆਂ ਨੂੰ ਪਨਾਮਾ ਭੇਜਿਆ ਗਿਆ ਸੀ, ਅਤੇ ਉਨ੍ਹਾਂ ਨੂੰ ਇੱਕ ਹੋਟਲ ਵਿਚ ਬੰਦ ਕਰਨ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਸਾਹਮਣੇ ਆਈਆਂ ਸਨ। ਇਸ ਸਮੇਂ, ਉਨ੍ਹਾਂ ਵਿਚੋਂ 60% ਨੂੰ ਉਨ੍ਹਾਂ ਦੇ ਮੂਲ ਮੁਲਕ ਵਾਪਸ ਘੱਲ ਦਿੱਤਾ ਗਿਆ ਹੈ। ਬਾਕੀ, ਜਿਨ੍ਹਾਂ ਨੇ ਆਪਣੇ ਮੂਲ ਮੁਲਕ ਵਿਚ ਜ਼ੁਲਮ ਕੀਤੇ ਜਾਣ ਦਾ ਡਰ ਪ੍ਰਗਟਾਇਆ, ਉਨ੍ਹਾਂ ਨੂੰ ਅਜੇ ਉੱਥੇ ਹੀ ਰੱਖਿਆ ਗਿਆ ਹੈ। ਹਾਲਾਂਕਿ, ਮੁਲਕ ਵਿਚ ਸ਼ਰਨ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਅਰਜ਼ੀਆਂ ਨੂੰ ਸਵੀਕਾਰ ਕਰਨ ਦੀ ਦਰ 2% ਤੋਂ ਵੀ ਘੱਟ ਹੈ।

ਅੰਤਰਰਾਸ਼ਟਰੀ ਕਾਨੂੰਨ: 1951 ਦੇ ਸ਼ਰਨਾਰਥੀ ਸਮਝੌਤੇ ਅਤੇ ਸੰਯੁਕਤ ਰਾਸ਼ਟਰ ਦੇ ਜ਼ੁਲਮਾਂ ਵਿਰੋਧੀ ਸਮਝੌਤੇ ਦੇ ਅਨੁਸਾਰ, ਅਮਰੀਕਾ ਕਿਸੇ ਵਿਅਕਤੀ ਨੂੰ ਉਸ ਮੁਲਕ ਵਿਚ ਡਿਪੋਰਟ ਨਹੀਂ ਕਰ ਸਕਦਾ ਜਿੱਥੇ ਉਨ੍ਹਾਂ ਨੂੰ ਹਿੰਸਾ ਜਾਂ ਸਤਾਏ ਜਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੋਵੇ।

ਇਹ ਸਮਝੌਤੇ ਅਮਰੀਕਾ ਨੂੰ ਲੋਕਾਂ ਨੂੰ ਕਿਸੇ ਅਜਿਹੇ ਮੁਲਕ ਭੇਜਣ ਤੋਂ ਵੀ ਰੋਕਦੇ ਹਨ ਜੋ ਫਿਰ ਉਨ੍ਹਾਂ ਨੂੰ ਉਸ ਮੁਲਕ ਭੇਜ ਦੇਵੇਗਾ ਜਿੱਥੇ ਵਿਅਕਤੀ ਉੱਪਰ ਜ਼ੁਲਮ ਕੀਤੇ ਜਾ ਸਕਦੇ ਹਨ ਜਾਂ ਉਸ ਨੂੰ ਤਸੀਹੇ ਦਿੱਤੇ ਜਾ ਸਕਦੇ ਹਨ। ਇਸ ਨੂੰ ‘ਚੇਨ ਰਿਫਾਊਲਮੈਂਟ’ ਕਿਹਾ ਜਾਂਦਾ ਹੈ। ਫੈਡਰਲ ਜੱਜਾਂ ਨੇ ਟਰੰਪ ਪ੍ਰਸ਼ਾਸਨ ਉੱਪਰ ਤੀਜੇ ਮੁਲਕ ਨੂੰ ਡਿਪੋਰਟ ਕਰਨ ਦੀ ਵਰਤੋਂ ਚੇਨ ਰਿਫਾਊਲਮੈਂਟ ਦੇ ਤੌਰ ’ਤੇ ਕਰਨ ਦਾ ਇਲਜ਼ਾਮ ਲਗਾਇਆ ਹੈ।

ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ, ਢੁਕਵੀਂ ਪ੍ਰਕਿਰਿਆ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਤੀਜੇ ਮੁਲਕ ਵਿਚ ਡਿਪੋਰਟ ਕੀਤੇ ਜਾਣ ਦੀ ਸੂਰਤ ’ਚ ਡਿਪੋਰਟੀਆਂ ਦੀ ਕਾਨੂੰਨੀ ਸਹਾਇਤਾ ਤੱਕ ਪਹੁੰਚ ਲਾਜ਼ਮੀ ਹੋਣੀ ਚਾਹੀਦੀ ਹੈ, ਜੋ ਕਿ ਜ਼ਿਆਦਾਤਰ ਮਾਮਲਿਆਂ ਵਿਚ ਗੈਰ-ਮੌਜੂਦ ਹੈ।

---

***(ਪਿਛਲੇ ਸਫੇ ਦਾ ਬਾਕੀ)***

ਰੂਪ ਬਣ ਕੇ ਪਿਆਰ ਦੀ ਗਲਵੱਕੜੀ ਵਿੱਚ ਬਦਲ ਗਿਆ। ਗੁਰਦੇਵ ਸੀਰਤ ਤੇ ਸਹਿਜ ਨੂੰ ਬਹੁਤ ਪਿਆਰ ਕਰਦਾ ਸੀ। ਫਿਰ ਇੱਕ ਦਿਨ ਜਿਵੇਂ ਹਰਦੇਵ ਨਿੱਕੇ ਪੈਰੀਂ ਵਾਪਸ ਆ ਗਿਆ ਹੋਵੇ। ਕੁਲਦੀਪ ਦਾ ਪਿਤਾ ਤੜਕੇ ਨੂੰ ਖੁਸ਼ੀਆਂ ਦਾ ਝੋਲਾ ਭਰ ਲਿਆਇਆ, ਕੁਲਦੀਪ ਨੇ ਪੁੱਤਰ ਨੂੰ ਜਨਮ ਦਿੱਤਾ ਸੀ, ਪਰਮਾਤਮਾ ਨੇ ਜਿਵੇਂ ਅੱਲੇ ਜਖ਼ਮਾਂ ‘ਤੇ ਮਲਮ ਲਾ ਦਿੱਤੀ ਹੋਵੇ। ਸਾਰਾ ਪਰਿਵਾਰ ਵਾਰੀ ਵਾਰੀ ਜਾ ਕੇ ਮੁੰਡਾ ਦੇਖ ਕੇ ਆਇਆ। ਕੁਲਦੀਪ ਬਹੁਤ ਖੁਸ਼ ਸੀ। ਮੁੰਡੇ ਦਾ ਨਾਮ ਗੁਰਦਿੱਤ ਸਿੰਘ ਰੱਖਿਆ। ਕਈਆਂ ਦਿਨਾਂ ਤੋ ਰਣਜੀਤ ਕੋਰ ਦੀ ਸਿਹਤ ਠੀਕ ਨਹੀਂ ਸੀ, ਪਿੰਡੋਂ ਦਾਈ ਨੂੰ ਸੱਦਿਆ, ਦਾਈ ਦੇ ਨਿਰੀਖਣ ਨੇ ਵਿਹੜੇ ਵਿਚ ਜਿਵੇਂ ਖੁਸ਼ੀਆਂ ਦੀ ਪੰਡ ਹੀ ਖਲਾਰ ਦਿੱਤੀ ਹੋਵੇ। ਸਰਦਾਰਨੀਏ! ਤੂੰ ਦਾਦੀ ਬਨਣ ਵਾਲੀ ਆ, ਦਾਈ ਨੇ ਜ਼ੋਰ ਨਾਲ ਦੱਸਿਆ। ਗੁਰਦੇਵ ਨੂੰ ਜਦੋਂ ਪਤਾ ਲੱਗਿਆ ਤਾ ਉਹ ਖੁਸ਼ੀ ਵਿਚ ਰੋਣ ਹੀ ਲੱਗ ਗਿਆ। ਮਾਂ ਰਣਜੀਤ ਦੇ ਵੀ ਮੁੰਡਾ ਹੀ ਹੋਵੇ, ਗੁਰਦੇਵ ਨੇ ਰੋਂਦਿਆ ਮਾਂ ਦੀ ਬੁੱਕ.ਲ ਵਿੱਚ ਸਿਰ ਰੱਖਦਿਆਂ ਕਿਹਾ, ਮਾਂ ਨੇ ਦਿਲਾਸਾ ਦਿੱਤਾ! ਕੁਲਦੀਪ ਨੂੰ ਚਾਰ ਮਹੀਨਿਆਂ ਬਾਅਦ ਲੈ ਆਏ। ਸੀਰਤ ਤੇ ਸਹਿਜ ਨੂੰ ਜਿਵੇ ਵੀਰ ਦੇ ਰੂਪ ਵਿੱਚ ਖਿਡਾਉਣਾ ਮਿਲ ਗਿਆ ਹੋਵੇ।

ਹੱਸਦੇ ਖੇਡਦਿਆਂ ਸਮਾਂ ਲੰਘਿਆ ਤੇ ਰਣਜੀਤ ਕੋਰ ਦੇ ਬੱਚੇ ਦਾ ਵੀ ਸਮਾਂ ਨੇੜੇ ਆ ਗਿਆ। ਪੁੱਤਰ ਨੂੰ ਜਨਮ ਦਿਤਾ, ਪਰ ਆਪ ਮੌਤ ਦੇ ਗਲ ਲੱਗ ਗਈ। ਪੁੱਤ ਦੀ ਖੁਸ਼ੀ ਵੀ ਦੇਖਣੀ ਨਸੀਬ ਨਾ ਹੋਈ। ਖੁਸ਼ੀਆਂ ਦੇ ਵਾਜਿਆਂ ਨਾਲ ਗ਼ਮੀਆ ਦੇ ਵੈਣ ਪੈਣ ਲੱਗ ਪਏ। ਮਾਤਾ ਪਿਤਾ ਨੇ ਰਣਜੀਤ ਕੋਰ ਦਾ ਪੁੱਤਰ ਗੁਰਵੀਰ ਕੁਲਦੀਪ ਦੀ ਬੁੱਕਲ ਵਿਚ ਪਾ ਦਿੱਤਾ। ਸੀਰਤ ਤੇ ਸਹਿਜ ਅੱਜ ਫਿਰ ਦੁਬਾਰਾ ਯਤੀਮ ਹੋ ਗਈਆਂ ਸਨ। ਕੁਦਰਤ ਦੀ ਖੇਡ ਕੋਈ ਨਹੀਂ ਸਮਝ ਸਕਦਾ, ਕਿੰਨੇ ਚੰਗੇ ਪਰਿਵਾਰ ਤੇ ਕਿੰਨਾ ਮਾੜਾ ਸਮਾਂ ਆ ਗਿਆ ਸੀ। ਰਣਜੀਤ ਕੋਰ ਦੇ ਕਿਰਿਆ-ਕਰਮ ਤੋਂ ਬਾਅਦ ਪਰਿਵਾਰ ਫਿਰ ਰੋਂਦਾਂ ਕਰਲੋਂਦਾ ਕੰਮੀ ਲੱਗ ਗਿਆ। ਕੁਲਦੀਪ ਨੇ ਦੋਵੇ ਬੱਚਿਆਂ ਨੂੰ ਪਾਲਣਾ ਸ਼ੁਰੂ ਕੀਤਾ। ਦਿਨ ਚੜਦਾ ਤੇ ਛਿੱਪ ਜਾਂਦਾ।

ਵਕਤ ਬੀਤਿਆ ਸੀਰਤ ਮੁਟਿਆਰ ਹੋ ਗਈ। ਉਸ ਲਈ ਸਿੰਮੀ ਨੇ ਆਪਣੇ ਦਿਉਰ ਦੇ ਮੁੰਡੇ ਦਾ ਰਿਸ਼ਤਾ ਲਿਆਂਦਾ, ਸਾਦੇ ਢੰਗ ਨਾਲ ਵਿਆਹ ਹੋ ਗਿਆ। ਸਾਰਿਆਂ ਨੇ ਹਰਦੇਵ ਤੇ ਰਣਜੀਤ ਕੋਰ ਨੂੰ ਯਾਦ ਕੀਤਾ। ਗੁਰਦਿੱਤ ਤੇ ਗੁਰਵੀਰ ਵੀ ਪੜ੍ਹਾਈ ਦੇ ਨਾਲ ਗੁਰਦੇਵ ਦਾ ਕੰਮ ਵਿੱਚ ਹੱਥ ਵੰਡਾਉਣ ਲੱਗੇ, ਹੁਣ ਸਹਿਜ ਲਈ ਵੀ ਕਨੈਡਾ ਤੋ ਰਿਸ਼ਤਾ ਲੱਭ ਲਿਆ। ਦੋਵੇ ਭੈਣਾਂ ਹੀ ਕਨੈਡਾ ਸੈਟ ਹੋ ਗਈਆਂ। ਕੁਲਦੀਪ ਨੇ ਬੜੀ ਸਿਆਣਪ ਨਾਲ ਘਰ ਨੂੰ ਸਾਂਭਿਆ ਹੋਇਆ ਸੀ। ਉਸ ਨੇ ਬੱਚਿਆਂ ਵਿਚ ਕਦੇ ਫਰਕ ਨਹੀਂ ਸਮਝਿਆ ਸੀ। ਮਾਤਾ-ਪਿਤਾ ਨੂੰ ਬੁਢੇਪੇ ਵਿਚ ਨੂੰਹ-ਪੁੱਤ ਦੀ ਮੌਤ ਦਾ ਵੱਡਾ ਦੁੱਖ ਲੱਗ ਗਿਆ ਸੀ, ਪਰ ਉਹ ਪੋਤਿਆਂ ਦੀ ਜੋੜੀ ਨੂੰ ਹੱਸਦਾ ਦੇਖ ਕੇ ਦੁੱਖ ਨੂੰ ਅੰਦਰੋਂ ਹੀ ਲੁਕੋ ਜਾਂਦੇ, ਗੁਰਦੇਵ ਨੇ ਆਪਣੀ ਜ਼ੁੰਮੇਵਾਰੀ ਨਾਲ ਦੋਵਾਂ ਧੀਆਂ ਨੂੰ ਆਪਣੇ ਆਪਣੇ ਘਰ ਤੋਰਿਆ ਸੀ। ਜਹਾਨੋਂ ਗਏ ਕਦੇ ਮੁੜੇ ਤਾਂ ਨਹੀਂ, ਨਾ ਕਦੇ ਮਰਿਆ ਨਾਲ ਮਰ ਹੋਇਆ ਹੈ, ਪਰ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਦਿਲ ਵਿਚ ਰਹਿੰਦੀਆਂ ਹਨ। ਗੁਰਦੇਵ ਦਾ ਖੇਤੀਬਾੜੀ ਦਾ ਸਾਰਾ ਕੰਮ ਦੋਵਾਂ ਪੁੱਤਰਾਂ ਨੇ ਸਾਂਭਿਆ ਹੋਇਆ ਸੀ। ਸਹਿਜ ਨੇ ਗੁਰਦੇਵ ਤੇ ਕੁਲਦੀਪ ਨੂੰ ਵੀ ਕਨੈਡਾ ਦਿਖਾ ਦਿੱਤਾ ਸੀ ਗੁਰਦੇਵ ਬੁੱਢੇ ਮਾਪਿਆਂ ਦੀ ਸੇਵਾ ਕਰਦਾ ਤੇ ਪੁੱਤਰ ਕੰਮ ਕਾਜ ਕਰਦੇ, ਉਹ ਸਭ ਕੁੱਝ ਦੇਖ ਕੇ ਹੌਕਾ ਲੈਂਦਾ ਤੇ ਪਰਮਾਤਮਾ ਦਾ ਸ਼ੁਕਰ ਕਰਦਾ, ਜਿਸ ਨੇ ਡੁੱਬਦੇ ਪਰਿਵਾਰ ਨੂੰ ਸਹਾਰਾ ਦੇ ਕੇ ਦੁਬਾਰਾ ਜ਼ਿੰਦਗੀ ਜਿਊਣ ਦਾ ਬਲ ਬਖਸ਼ਿਆ! ਰੱਬ ਰਾਖਾ !

# ਨਰੇਗਾ ਤੋਂ ਮਨਰੇਗਾ ਅਤੇ ਹੁਣ ਜੀ ਰਾਮ ਜੀ (VB-G RAM G)

## ਆਸਾਨ ਪਰ ਖ਼ਤਰਨਾਕ ਹੈ ਧਰਮ ਦੀ ਰਾਜਨੀਤੀ

ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਡਾ. ਮਨਮੋਹਨ ਸਿੰਘ ਦੀ ਸਰਕਾਰ ਦੀ ਇੱਕ ਵੱਡੀ ਪ੍ਰਾਪਤੀ ਵਜੋਂ ਲਿਆਂਦੀ ਗਈ ਵਿਕਾਸ ਦੀ ਸਕੀਮ ਮਨਰੇਗਾ ਦਾ ਭੋਗ ਪਾ ਦਿੱਤਾ ਗਿਆ ਹੈ। ਇਸ ਯੋਜਨਾ ਦਾ ਮੁੱਖ ਮਕਸਦ ਭਾਰਤ ਦੇ ਪਿੰਡਾਂ ਦਾ ਵਿਕਾਸ ਕਰਨਾ, ਸਥਾਨਕ ਲੋਕਾਂ ਨੂੰ ਘੱਟੋ-ਘੱਟ ਰੁਜ਼ਗਾਰ ਦੀ ਗਰੰਟੀ ਮੁਹਈਆ ਕਰਵਾਉਣਾ ਸੀ। ਗਰੀਬ ਅਤੇ ਪਛੜੇ ਹੋਏ ਇਲਾਕਿਆਂ ਤੋਂ ਪਲਾਇਨ ਨੂੰ ਰੋਕਣਾ ਵੀ ਇੱਕ ਉਦੇਸ਼ ਸੀ। ਆਰਥਕ ਮਾਹਿਰ ਇਸ ਨੂੰ ਸਰਕਾਰ ਦਾ ਬੁਲਡੋਜ਼ਰ ਇਫ਼ੈਕਟ ਕਹਿ ਰਹੇ ਹਨ। ਇਹ ਸਿਰਫ ਨਾਂ ਬਦਲਣ ਦੀ ਪ੍ਰਕਿਰਿਆ ਨਹੀਂ, ਸਗੋਂ ਇਸ ਨੇ ਸਮੁੱਚੇ ਰੂਪ ਵਿਚ ਇਸ ਕਾਨੂੰਨ ਦੀ

**ਹਰਜੀਤ ਸਿੰਘ ਗਿੱਲ**
**ਫੋਨ: +1 647 542 0007**
**+91 98889 45127(ਭਾਰਤ)**

ਆਤਮਾ ਨੂੰ ਮਾਰ ਦਿੱਤਾ ਹੈ। ਮੁੱਖ ਗੱਲ ਇਸ ਦੇ ਕੰਟੈਂਟ ਦੀ ਹੈ। ਨਰੇਗਾ ਬਿੱਲ ਲਿਆਉਣ ਤੋਂ ਪਹਿਲਾਂ ਪੂਰੇ ਭਾਰਤ ਵਿਚ ਸਹਿਮਤੀ ਬਣਾਈ ਗਈ ਸੀ। ਪਰ ਜਦੋਂ ਇਹ ਨਵਾਂ ਕਾਨੂੰਨ ਦਸੰਬਰ 2025 ਵਿਚ ਮਨਰੇਗਾ ਦੀ ਥਾਂ ਲੈਣ ਲਈ ਪੇਸ਼ ਕੀਤਾ ਗਿਆ ਤਾਂ ਅਜਿਹਾ ਕੁਝ ਵੀ ਨਹੀਂ ਸੀ। ਬਿੱਲ ਦੇ ਅੰਦਰ ਇੱਕ ਉਪਬੰਧ ਸੈਕਸ਼ਨ 37 ਰਾਹੀਂ ਮਨਰੇਗਾ ਕਾਨੂੰਨ ਦੇ ਨੋਟੀਫਿਕੇਸ਼ਨ, ਨਿਯਮ, ਆਦੇਸ਼ ਅਤੇ ਦਿਸ਼ਾ-ਨਿਰਦੇਸ਼ ਇਕੱਠੇ ਹੀ ਰੱਦ ਕਰ ਦਿੱਤੇ ਗਏ ਹਨ। ਇਹ ਹੀ ਬਲਡੋਜ਼ ਧਾਰਾ ਹੈ ਜਿਸ ਰਾਹੀਂ ਸਭ ਤਹਿਸ-ਨਹਿਸ ਕਰਕੇ ਵਿਗਾੜ ਦਿੱਤਾ ਗਿਆ ਹੈ। ਸੈਕਸ਼ਨ 5 ਰਾਹੀਂ ਹੁਣ ਕੇਂਦਰ ਸਰਕਾਰ ਤੈਅ ਕਰੇਗੀ ਕਿ ਨਵੀਂ ਯੋਜਨਾ ਕਦ ਅਤੇ ਕਿੱਥੇ ਲਾਗੂ ਕਰਨੀ ਹੈ। ਇਹ ਧੱਕੇਸ਼ਾਹੀ ਭਰੀ ਮਨਮਾਨੀ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਮਨਰੇਗਾ ਵਰਕਰ ਅਧਾਰਿਤ ਸਕੀਮ ਸੀ, ਜਦੋਂ ਕਿ ਹੁਣ ਵਿਕਾਸ ਇਸ ਦਾ ਅਧਾਰ ਹੋਵੇਗਾ। ਸੈਕਸ਼ਨ 22 ਜੋ ਕਿ ਵਿੱਤੀ ਧਾਰਾ (ਫਾਇਨੈਂਸ ਕਲਾਜ਼) ਹੈ, ਵਿਚ ਕਿਸ ਪ੍ਰਾਂਤ ਨੂੰ ਕੀ, ਕਿੰਨਾ ਅਤੇ ਕਦ ਦੇਣਾ ਹੈ। ਇਸ ਦੀ ਹੁਣ ਸਾਰੀ ਤਾਕਤ ਕੇਂਦਰ ਕੋਲ ਰਹੇਗੀ। ਗਰੀਬ ਕਾਮੇ ਵਰਕਰ ਅਤੇ ਸੂਬਾ ਸਰਕਾਰ ਦੀ ਤਾਕਤ ਖੁੱਸ ਗਈ ਹੈ। ਮਨਰੇਗਾ ਵਿਚ 90 ਫੀਸਦੀ ਕੇਂਦਰ ਦਾ ਹਿੱਸਾ ਸੀ, ਸਟੇਟ ਸਿਰਫ 10% ਹੀ ਪਾਉਂਦਾ ਸੀ ਜੋ ਹੁਣ 60/40 ਕਰ ਦਿੱਤਾ ਗਿਆ ਹੈ। ਮਨਰੇਗਾ ਵਿਚ ਘੱਟੋ-ਘੱਟ 100 ਦਿਨ ਕੰਮ ਦੇਣ ਦੀ ਗਰੰਟੀ ਸੀ ਅਤੇ ਹੁਣ ਪ੍ਰਚਾਰਿਆ ਜਾ ਰਿਹਾ ਹੈ ਕਿ 125 ਦਿਨ ਕੰਮ ਮਿਲੇਗਾ। ਪਰ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਸੀਂ ਇਸ ਗੱਲ ਦੀ ਗਰੰਟੀ ਨਹੀਂ ਦੇ ਰਹੇ ਕਿ ਕੰਮ ਦੇ ਦਿਨਾਂ ਦੀ ਗਰੰਟੀ ਲਾਗੂ ਹੋਵੇਗੀ, ਇਹ ਕਿਹੋ ਜਿਹੀ ਅਜੀਬ ਗਰੰਟੀ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਇਸ ਯੋਜਨਾ ਵਿਚ ਵੱਡੇ ਸੁਧਾਰ ਕਰਨ ਦੀ ਲੋੜ ਹੈ। ਸ਼ੁਰੂਆਤੀ ਦੌਰ ਦੇ ਕੁਝ ਸਾਲ ਇਹ ਯੋਜਨਾ ਸਫਲਤਾ ਪੂਰਵਕ ਚੱਲਦੀ ਰਹੀ ਅਤੇ ਚੰਗੇ ਨਤੀਜੇ ਸਾਹਮਣੇ ਆਏ। ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਭੁਗਤਾਨ ਮਸਟਰ ਰੋਲ ਦੀ ਹਾਜ਼ਰੀ ਰਾਹੀਂ ਕੀਤਾ ਜਾਂਦਾ ਰਿਹਾ। ਪਰ ਬਾਅਦ ਵਿਚ ਜਦੋਂ ਜੌਬ ਕਾਰਡ ਦਾ ਚਲਣ ਆਰੰਭ ਹੋਇਆ ਤਾ ਗੜਬੜੀਆਂ ਸ਼ੁਰੂ ਹੋਈਆਂ। ਭੁਗਤਾਨ ਪ੍ਰਣਾਲੀ ਵਿਚ ਸੋਧ ਕਰਨ ਦੀ ਲੋੜ ਸੀ ਕਿ ਪਾਰਦਰਸ਼ਤਾ ਵਧੇ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲੱਗੇ। ਇਹ ਵੀ ਸੱਚ ਹੈ ਕਿ ਸਿਰਫ 2% ਪਰਿਵਾਰਾਂ ਨੂੰ ਹੀ 100 ਦਿਨ ਦਾ ਗਰੰਟੀ ਵਾਲਾ ਕੰਮ ਮਿਲਦਾ ਹੈ। ਤਾਮਿਲਨਾਡੂ ਵਿਚ 54 ਦਿਨ, ਅਰੁਣਾਚਲ ਪ੍ਰਦੇਸ਼ ਵਿਚ 67.9 ਦਿਨ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਉੜੀਸਾ ਵਿਚ 51 ਦਿਨ, ਤੇਲੰਗਾਨਾ ਵਿਚ 46, ਰਾਜਸਥਾਨ ਵਿਚ 35.41, ਬਿਹਾਰ ਵਿਚ 36.18, ਹਰਿਆਣਾ ਵਿਚ 34.11, ਪੰਜਾਬ ਵਿਚ ਸਿਰਫ 26 ਦਿਨ ਅਤੇ ਵੱਧ ਗਰੀਬ ਸਟੇਟਾਂ ਮੱਧ ਪ੍ਰਦੇਸ਼, ਬਿਹਾਰ ਅਤੇ ਉੱਤਰ ਪ੍ਰਦੇਸ਼ ਵਿਚ ਵੀ ਪ੍ਰਾਂਤਕ ਸਰਕਾਰਾਂ ਦਾ ਪ੍ਰਦਰਸ਼ਨ ਅਤੇ ਕਾਰਗੁਜ਼ਾਰੀ ਠੀਕ ਨਹੀਂ ਰਹੀ।

ਇਸ ਦੇ ਵਿਰੋਧ ਅਤੇ ਹੱਕ ਵਿਚ ਕਈ ਤਰ੍ਹਾਂ ਦੀ ਬਿਆਨਬਾਜ਼ੀ ਹੋ ਰਹੀ ਹੈ। ਜੇਕਰ ਰਾਜਨੀਤਕ ਲੋਕਾਂ ਦੀਆਂ ਟਿੱਪਣੀਆਂ 'ਤੇ ਵਿਚਾਰ ਕਰੀਏ ਤਾਂ ਇਸ ਦੇ ਪੱਖ ਅਤੇ ਵਿਰੋਧ ਕਰਨ ਵਾਲਿਆਂ ਦੀ ਲੰਮੀ ਸੂਚੀ ਹੈ।



ਸਰਕਾਰ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਹਾਤਮਾ ਗਾਂਧੀ ਨੂੰ ਨਫਰਤ ਕਰਦੇ ਹਨ ਇਸ ਲਈ ਨਾਂ ਬਦਲਿਆ ਗਿਆ ਹੈ। ਕਾਂਗਰਸ ਦੇ ਹੀ ਹੋਰ ਵੱਡੇ ਕੱਦ ਦੇ ਨੇਤਾ ਪੀ ਚਿਦੰਬਰਮ ਅਨੁਸਾਰ 'ਇਹ ਇੱਕ ਵਾਰ ਫ਼ਿਰ ਮਹਾਤਮਾ ਗਾਂਧੀ ਦੀ ਹੱਤਿਆ ਹੈ।' ਤ੍ਰਿਣਮੂਲ ਕਾਂਗਰਸ ਦੀ ਤੇਜ਼-ਤਰਾਰ ਨੇਤਾ ਮਹੂਆ ਮੋਇਤਰਾ ਨੇ ਕਿਹਾ ਹੈ ਕਿ ਗਾਂਧੀ ਨੂੰ ਮਹਾਤਮਾ ਦਾ ਖਿਤਾਬ ਰਾਵਿੰਦਰ ਨਾਥ ਟੈਗੋਰ ਨੇ ਦਿੱਤਾ ਸੀ, ਇੱਕ ਤਰ੍ਹਾਂ ਨਾਲ ਇਹ ਟੈਗੋਰ ਦਾ ਵੀ ਅਪਮਾਨ ਹੈ। ਸੋਨੀਆ ਗਾਂਧੀ ਨੇ ਕਿਹਾ ਕਿ ਇਸ ਨਾਲ ਕਰੋੜਾਂ ਲੋਕਾਂ ਨੂੰ ਲਾਭ ਹੋਇਆ ਅਤੇ ਪੰਚਾਇਤਾਂ ਨੂੰ ਤਾਕਤ ਮਿਲੀ ਸੀ। ਡੀ.ਐਮ.ਕੇ. ਦੀ ਲੀਡਰ ਕਨੀਮੋਜ਼ੀ ਨੇ ਕਿਹਾ ਹੈ ਕਿ ਯੋਜਨਾ ਦੇ ਨਾਂ ਵਿਚ ਹਿੰਦੀ ਸ਼ਬਦ ਠੋਸਣਾ ਦੇਸ਼ ਦੀ ਫੈਡਰਲਿਜ਼ਮ ਦੀ ਨੀਤੀ ਦੇ ਖ਼ਿਲਾਫ ਹੈ।

ਕਾਂਗਰਸ ਇੱਕ ਆਜ਼ਾਦੀ ਅੰਦੋਲਨ ਤੋਂ ਨਿਕਲੀ ਪਾਰਟੀ ਸੀ। ਸ਼ੁਰੂਆਤੀ ਨਹਿਰੂ ਦੌਰ ਵਿਚ ਭਾਖੜਾ ਡੈਮ ਅਤੇ ਪਬਲਿਕ ਸੈਕਟਰ ਵਿਚ ਭਾਰੀ ਨਿਵੇਸ਼ ਨਾਲ ਬੋਕਾਰੋ ਸਟੀਲ ਸਿਟੀ, ਭਲਾਈ ਉਦਯੋਗ, ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਵਰਗੇ ਵਿਕਾਸ ਦੇ ਪ੍ਰਾਜੈਕਟ ਆਰੰਭ ਹੋਏ। ਤਰੱਕੀ ਦੇ ਇਸ ਨਹਿਰੂ ਯੁੱਗ ਵਿਚ ਯੋਜਨਾ ਕਮਿਸ਼ਨ, ਚੋਣ ਕਮਿਸ਼ਨ, ਆਈ.ਆਈ.ਟੀ., ਏਮਜ਼ ਵਰਗੀਆਂ ਸੰਸਥਾਵਾਂ ਬਣੀਆਂ ਸਨ। ਆਜ਼ਾਦੀ ਤੋਂ ਬਾਅਦ ਰਾਜਸੱਤਾ, ਪਾਰਟੀ ਅਤੇ ਰਾਜ ਸੰਸਥਾਵਾਂ ਦੇ ਦਰਮਿਆਨ ਸਪਸ਼ਟ ਹੱਦਾਂ ਨਹੀਂ ਬਣ ਸਕੀਆਂ। ਭਾਰਤ ਦੇ ਲੋਕਤੰਤਰ ਤੇ ਕਾਂਗਰਸ ਦੇ ਲੰਬੇ ਸ਼ਾਸ਼ਨ ਕਾਲ ਵਿਚ ਸੰਵਿਧਾਨਕ ਸੰਸਥਾਵਾਂ ਰਾਜ ਦੀ ਨਹੀਂ, ਅਕਸਰ ਪਰਿਵਾਰ-ਕੇਂਦਰਿਤ ਰਾਜਨੀਤੀ ਦੀ ਸੇਵਾ ਕਰਨ ਲੱਗ ਪਈਆਂ ਸਨ। ਸੱਤਾ ਦਾ ਕੇਂਦਰ ਨਹਿਰੂ-ਗਾਂਧੀ ਪਰਿਵਾਰ ਬਣਿਆ ਰਿਹਾ। ਨਹਿਰੂ ਤੋਂ ਬਾਅਦ ਇੰਦਰਾ ਗਾਂਧੀ, ਰਾਜੀਵ ਗਾਂਧੀ, ਸੋਨੀਆ ਗਾਂਧੀ ਅਤੇ ਹੁਣ ਅਗਲੀ ਪੀੜ੍ਹੀ ਦੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਸਿਆਸਤ ਦਾ ਕੇਂਦਰੀ ਧੁਰਾ ਰਹੇ। ਕਾਂਗਰਸ ਪਾਰਟੀ ਅੰਦਰ ਅੰਦਰੂਨੀ ਲੋਕਤੰਤਰ ਕਮਜ਼ੋਰ ਹੋਇਆ। ਖ਼ਾਸ ਕਰਕੇ ਇੰਦਰਾ ਗਾਂਧੀ ਦੇ ਦੌਰ ਵਿਚ ਗਵਰਨਰ ਕੇਂਦਰੀ ਸਿਆਸਤ ਦੇ ਏਜੰਟ ਬਣ ਗਏ, ਰਾਸ਼ਟਰਪਤੀ ਦੀ ਹੈਸੀਅਤ ਰਬੜ ਸਟੈਂਪ ਤੋਂ ਵਧੀਕ ਨਾ ਰਹੀ ਅਤੇ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਵੀ ਵੱਡਾ ਧੱਬਾ ਲੱਗਾ। ਐਮਰਜੈਂਸੀ ਦਾ ਲਾਉਣਾ ਭਾਰਤੀ ਲੋਕਤੰਤਰ ਦਾ ਇੱਕ ਟਰਨਿੰਗ ਪੁਆਇੰਟ ਬਣ ਗਿਆ ਜਦੋਂ ਆਮ ਲੋਕਾਂ ਦੇ ਮੂਲ ਅਧਿਕਾਰ ਰੱਦ ਕਰ ਦਿੱਤੇ ਗਏ। ਮੀਡੀਆ 'ਤੇ ਸਖ਼ਤ ਸੈਂਸਰ ਲਾਇਆ ਗਿਆ ਅਤੇ ਬਿਊਰੋਕ੍ਰੇਸੀ ਦੀ ਪੂਰੀ ਸਿਆਸੀ ਦੁਰਵਰਤੋਂ ਕੀਤੀ ਗਈ। ਸੰਸਥਾਵਾਂ ਨੂੰ ਪਰਿਵਾਰਕ ਸੱਤਾ ਬਚਾਉਣ ਦਾ ਹਥਿਆਰ ਬਣਾਇਆ ਗਿਆ। ਸਾਰੀਆਂ ਤਾਕਤਾਂ ਬਿਨਾਂ ਕਿਸੇ ਸੰਵਿਧਾਨਕ ਅਹੁਦੇ ਤੋਂ ਸੰਜੈ ਗਾਂਧੀ ਦੇ ਹੱਥ ਆ ਗਈਆਂ। ਯੋਗਤਾ ਦੀ ਥਾਂ ਵਫ਼ਾਦਾਰੀ ਨੂੰ ਤਰਜੀਹ ਦਿੱਤੀ ਗਈ। ਨਿਯੁਕਤੀਆਂ ਨਿੱਜੀ ਨੇੜਤਾ ਦੇ ਅਧਾਰ 'ਤੇ ਹੋਣ ਲੱਗੀਆਂ। ਐਮਰਜੈਂਸੀ ਸਿਰਫ਼ ਭਾਰਤੀ ਲੋਕਤੰਤਰ ਲਈ ਹੀ ਨਹੀਂ, ਕਾਂਗਰਸ ਪਾਰਟੀ ਲਈ ਵੀ ਸਭ ਤੋਂ ਵੱਡਾ ਰਾਜਨੀਤਕ ਨੁਕਸਾਨ ਸਾਬਤ ਹੋਈ। ਪਹਿਲੀ ਵਾਰ ਕਾਂਗਰਸ ਕੇਂਦਰ ਦੀ ਸੱਤਾ ਤੋਂ ਬਾਹਰ ਹੋਈ। ਇੰਦਰਾ ਗਾਂਧੀ ਅਤੇ ਸੰਜੇ ਗਾਂਧੀ ਦੋਵੇਂ ਚੋਣ ਹਾਰ ਗਏ। ਕਾਂਗਰਸ ਦੀ ਨੈਤਿਕ ਉੱਚਾਈ ਡਿੱਗੀ ਅਤੇ ਗਰੀਬ, ਕਿਸਾਨ, ਮਜ਼ਦੂਰ ਵਰਗ ਦਾ ਭਰੋਸਾ ਹਿਲਿਆ। ਇੰਦਰਾ ਗਾਂਧੀ ਦੀ ਦੁਰਗਾ ਵਾਲੀ ਛਵੀ ਇੱਕ ਤਾਨਾਸ਼ਾਹ ਦਾ ਰੂਪ ਧਾਰ ਗਈ। ਐਮਰਜੈਂਸੀ ਕਾਂਗਰਸ ਲਈ ਸਿਰਫ਼ ਇੱਕ ਗਲਤੀ ਨਾ ਹੋ ਕੇ ਉਸਦੀ ਸਿਆਸੀ ਆਤਮਾ 'ਤੇ ਲੱਗਿਆ ਸਥਾਈ ਦਾਗ਼ ਸੀ।

ਜੈ ਪ੍ਰਕਾਸ਼ ਨਰਾਇਣ ਦੇ ਸੰਪੂਰਨ ਅਜ਼ਾਦੀ ਅੰਦੋਲਨ ਨੇ ਕਾਂਗਰਸ ਨੂੰ ਸੱਤਾ ਤੋਂ ਵਿਰਵਾ ਕੀਤਾ। ਲੋਕਾਂ ਨੂੰ ਡਰ ਤੋਂ ਮੁਕਤ ਕੀਤਾ, ਵਿਰੋਧ ਨੂੰ ਇਕੱਠਾ ਕੀਤਾ ਅਤੇ ਲੋਕਤੰਤਰ ਨੂੰ ਨਵਾਂ ਜੀਵਨ ਦਿੱਤਾ। ਲਾਲੂ, ਨਿਤੀਸ਼, ਮੁਲਾਇਮ ਅਤੇ ਜਾਰਜ ਫ਼ਰਨਾਂਡਿਸ ਵਰਗੇ ਨੇਤਾ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਤੋਂ ਉਭਰੇ। ਖੇਤਰੀ ਪਾਰਟੀਆਂ ਦਾ ਉਭਾਰ ਹੋਇਆ ਅਤੇ ਦੇਸ਼ ਦੇ ਫ਼ੈਡਰਲ ਢਾਂਚੇ ਨੂੰ ਮਜ਼ਬੂਤੀ ਮਿਲੀ। ਸ਼ੁਰੂਆਤੀ ਦੌਰ ਵਿਚ ਭਾਵੇਂ ਕਾਂਗਰਸ 1977 ਤੋਂ 1980 ਤਕ ਤਿੰਨ ਸਾਲਾਂ ਲਈ ਸੱਤਾ ਤੋਂ ਬਾਹਰ ਹੋਈ, ਪਰ ਅੰਦਰੂਨੀ ਫੁੱਟ, ਜਲਦ ਹੀ ਆਦਰਸ਼ਾਂ ਦੇ ਟਕਰਾਅ, ਨੇਤਾਵਾਂ ਵਿਚ ਕੁਰਸੀ ਪ੍ਰਾਪਤ ਕਰਨ ਦੀ ਲਲਕ ਅਤੇ ਸਥਿਰਤਾ ਦੀ ਘਾਟ ਕਾਰਨ ਜਨਤਾ ਪਾਰਟੀ ਦੀ ਅੰਦਰੂਨੀ ਫੁੱਟ ਵਧ ਗਈ। ਇਸ ਕਰਕੇ ਇੰਦਰਾ ਗਾਂਧੀ ਦੀ ਇੱਕ ਵਾਰ ਫਿਰ ਰਣਨੀਤਕ ਵਾਪਸੀ ਤਾਂ ਹੋਈ ਪਰ ਸੱਤਾ ਦਾ ਗਰੂਰ ਨਾ ਟੁੱਟਾ ਅਤੇ ਉਸ ਵੱਲੋਂ ਕਈ ਇਤਿਹਾਸਕ ਗਲਤੀਆਂ ਹੋਈਆਂ। ਫਲਸਰੂਪ ਇੰਦਰਾ ਗਾਂਧੀ ਅਤੇ ਬਾਅਦ ਵਿਚ ਰਾਜੀਵ ਗਾਂਧੀ ਦੀਆਂ ਹੱਤਿਆਵਾਂ ਹੋਈਆਂ। ਨਰਸਿਮ੍ਹਾ ਰਾਓ ਤੋਂ ਬਾਅਦ ਕਾਂਗਰਸ ਲਗਾਤਾਰ ਹਾਰਾਂ ਦਾ ਸਾਹਮਣਾ ਕਰਦੀ ਰਹੀ। 1998 ਵਿਚ ਸੋਨੀਆ ਗਾਂਧੀ ਕਾਂਗਰਸ ਪ੍ਰਧਾਨ ਬਣੀ। ਉਸ ਨੇ ਬਿਖਰੀ ਕਾਂਗਰਸ ਨੂੰ ਇਕੱਠਾ ਕਰਕੇ ਅਨੁਸ਼ਾਸਨ ਅਤੇ ਕੇਂਦਰੀਕਰਨ ਕਰਕੇ ਪਾਰਟੀ ਨੂੰ ਟੁੱਟਣ ਤੋਂ ਬਚਾਇਆ। ਸੋਨੀਆ ਗਾਂਧੀ ਦੀ ਸਭ ਤੋਂ ਵੱਡੀ ਰਣਨੀਤਕ ਸਫ਼ਲਤਾ ਡੀ.ਐਮ.ਕੇ., ਐਨ.ਸੀ.ਪੀ., ਆਰ.ਜੇ.ਡੀ. ਅਤੇ ਖੱਬੇ-ਪੱਖੀ ਪਾਰਟੀਆਂ ਨਾਲ ਸਾਂਝ ਪਾ ਕੇ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ ਯੂ.ਪੀ.ਏ. ਬਣਾਉਣਾ ਸੀ। 2004 ਦੀ ਜਿੱਤ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ ਦੀ ਜਿੱਤ ਸੀ, ਜਿਸ ਨੇ ਭਾਰਤੀ ਜਨਤਾ ਪਾਰਟੀ ਦੇ ਇੰਡੀਆ ਸ਼ਾਈਨਿੰਗ ਦੇ ਝੂਠੇ ਨੈਰੇਟਿਵ ਨੂੰ ਤੋੜਿਆ। ਇਸ ਜਿੱਤ ਨੇ ਆਮ ਆਦਮੀ ਦੀ ਰਾਜਨੀਤੀ ਗਰੀਬੀ, ਪਿੰਡ ਅਤੇ ਰੋਜ਼ਗਾਰ ਦੇ ਮੁੱਦੇ ਕੇਂਦਰ 'ਚ ਲਿਆਂਦੇ।

ਇਸ ਜਿੱਤ ਤੋਂ ਬਾਅਦ ਸੋਨੀਆ ਗਾਂਧੀ ਦਾ ਪ੍ਰਧਾਨ ਮੰਤਰੀ ਬਣਨ ਦਾ ਹੱਕ ਸੀ ਪਰ ਚੋਣਾਂ ਹਾਰੀ ਸੱਜੀ ਧਿਰ ਭਾਰਤੀ ਜਨਤਾ ਪਾਰਟੀ ਦੇ ਭਾਰੀ ਦਬਾਅ ਕਾਰਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਬਣਨ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰਸਿੱਧ ਅਰਥ ਸ਼ਾਸ਼ਤਰੀ ਡਾਕਟਰ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ। ਇਸ ਫ਼ੈਸਲੇ ਨੇ ਕਾਂਗਰਸ ਨੂੰ ਮੁੜ ਨੈਤਿਕ ਉੱਚਾਈ ਦਿੱਤੀ ਅਤੇ ਗਠਜੋੜ ਸਥਿਰ ਹੋਇਆ। ਸੋਨੀਆ ਗਾਂਧੀ ਨੇ ਸਰਕਾਰ ਨੂੰ ਵੈਲਫੇਅਰ ਅਤੇ ਰਾਈਟਸ ਮਾਡਲ ਵੱਲ ਮੋੜਿਆ। 2004 ਤੋਂ 2014 ਤੀਕ ਦੋ ਟਰਮਾਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਯੂ.ਪੀ.ਏ. ਸਰਕਾਰ ਸਫਲਤਾਪੂਰਵਕ ਚੱਲੀ। ਇਸ ਦੌਰਾਨ 2005 ਵਿਚ ਰਾਈਟ ਆਫ਼ ਇਨਫਾਰਮੇਸ਼ਨ ਅਤੇ ਮਨਰੇਗਾ ਵਰਗੇ ਗਰੀਬ ਅਤੇ ਲੋਕ ਪੱਖੀ ਕਾਨੂੰਨ ਬਣੇ। 2009 ਵਿਚ ਸਿਖਿਆ ਦਾ ਅਧਿਕਾਰ ਰਾਈਟ ਆਫ਼ ਐਜੂਕੇਸ਼ਨ ਬਣਿਆ। 2013 ਵਿਚ ਭੋਜਨ ਸੁਰੱਖਿਆ ਫੂਡ ਸਕਿਓਰਟੀ ਅਤੇ ਰਾਸ਼ਟਰੀ ਸਲਾਹਕਾਰ ਕੌਂਸਲ ਨੈਸ਼ਨਲ ਐਡਵਾਈਜ਼ਰੀ ਕੌਂਸਲ ਦੀ ਸਥਾਪਨਾ ਹੋਈ। ਡਾ. ਮਨਮੋਹਨ ਸਿੰਘ ਵੇਲੇ ਬਣੀਆਂ ਸੰਸਥਾਵਾਂ ਨੇ ਲੋਕਤੰਤਰ ਮਜ਼ਬੂਤ ਕੀਤਾ।

ਸੰਘ ਪਰਿਵਾਰ ਅਤੇ ਰਾਈਟ-ਵਿੰਗ ਨੇ 2012 ਨੂੰ ਦਿੱਲੀ ਵਿਚ ਹੋਏ ਨਿਰਭੈਯ ਗੈਂਗਰੇਪ ਅਤੇ ਅੰਨਾ ਹਜ਼ਾਰੇ ਅੰਦੋਲਨ ਤੋਂ ਬਣੀ ਜਨਤਕ ਨਾਰਾਜ਼ਗੀ ਦੀ ਲਹਿਰ 'ਤੇ ਸਵਾਰ ਹੋ ਕੇ ਸੱਤਾ ਦੀ ਖੇਡ ਖੇਡੀ। ਸ਼ਹਿਰੀ ਮੱਧ ਵਰਗ ਵਿਚ ਗਹਿਰੀ ਨਿਰਾਸ਼ਾ ਅਤੇ ਇਸ ਗੁੱਸੇ ਨੂੰ ਸੰਸਦ, ਪਾਰਟੀਆਂ, ਸੰਵਿਧਾਨਕ ਪ੍ਰਕਿਰਿਆ 'ਤੇ ਗੈਰ-ਭਰੋਸਗੀ ਨੂੰ ਰਾਈਟ-ਵਿੰਗ ਨੇ ਮਜ਼ਬੂਤ ਨੇਤਾ, ਮਜ਼ਬੂਤ ਰਾਜ ਦੇ ਨਾਅਰੇ ਵਿਚ ਬਦਲ ਦਿੱਤਾ। ਸੁਰੱਖਿਆ, ਨਿਆਂ, ਪੁਲਿਸ ਸੁਧਾਰ 'ਤੇ ਸਵਾਲ ਚੁੱਕੇ ਗਏ। ਕਾਂਗਰਸ ਦੀ ਨੈਤਿਕਤਾ ਵਾਲੀ ਛਵੀ ਟੁੱਟ ਗਈ, ਰਾਈਟ-ਵਿੰਗ ਨੇ ਉਸ ਖਾਲੀ ਥਾਂ ਨੂੰ ਭਰਿਆ। ਯੂ.ਪੀ.ਏ. ਸਰਕਾਰ ਦੀ ਕਮਜ਼ੋਰ ਅਤੇ ਰਿਐਕਟਿਵ ਛਵੀ ਇਸ ਨਾਰਾਜ਼ਗੀ ਦਾ ਸਾਹਮਣਾ ਨਾ ਕਰ ਸਕੀ ਅਤੇ ਹਾਰ ਗਈ। ਵੱਡੀ ਬਹੁਗਿਣਤੀ ਨਾਲ ਤਾਕਤ ਵਿਚ ਆਈ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣਾ ਚਿਰ ਦਾ ਸੈਕੂਲਰ ਧਰਮ ਨਿਰਪੱਖ ਲੋਕਤੰਤਰ ਹੇਠ ਦੱਬਿਆ ਸਿਧਾਂਤਕ ਪੈਂਤੜਾ ਹਿੰਦੂਤਵ ਲਾਗੂ ਕਰਨਾ ਅਰੰਭਿਆ। ਭਾਰਤ ਦੀ ਵਸੋਂ ਦੇ 80 ਫੀਸਦੀ ਹਿੰਦੂ ਵਰਗ ਦੇ ਵੋਟ ਬੈਂਕ 'ਤੇ ਆਪਣੀਆਂ ਐਡੀਆਲੋਜੀਕਲ ਕੱਟੜਪੰਥੀ ਨੀਤੀਆਂ ਰਾਹੀਂ ਪਕੜ ਮਜ਼ਬੂਤ ਕਰਕੇ ਤੀਸਰੀ ਵਾਰ ਦੇ ਲੰਮੇ ਸਮੇਂ ਲਈ ਸੱਤਾ ਪ੍ਰਾਪਤ ਕਰ ਲਈ। ਇਸ ਦੌਰਾਨ ਸੰਵਿਧਾਨਕ ਸੰਸਥਾਵਾਂ ਦੀ ਖੁਦਮੁਖਤਿਆਰੀ ਖਤਮ ਹੋਈ ਅਤੇ ਕਾਰਜਕਾਰੀ ਦਬਦਬਾ ਵਧਿਆ। ਪਲਾਨਿੰਗ ਕਮਿਸ਼ਨ ਨੂੰ ਨੀਤੀ ਅਯੋਗ ਦਾ ਨਾਂ ਦੇ ਕੇ ਅਧਿਕਾਰ ਘਟਾਏ ਗਏ। ਰਿਜ਼ਰਵ ਬੈਂਕ, ਇਲੈਕਸ਼ਨ ਕਮਿਸ਼ਨ, ਕੈਗ, ਆਰ.ਟੀ.ਆਈ. ਜੀ.ਐਸ.ਟੀ. ਕੌਂਸਲ ਨਾਲ ਕੇਂਦਰੀਕਰਨ ਕਰਨ ਨਾਲ ਦੇਸ਼ ਦਾ ਫੈਡਰਲ ਢਾਂਚਾ ਕਮਜ਼ੋਰ ਹੋਇਆ। ਮੀਡੀਆ ਦੀ ਆਲੋਚਨਾਤਮਕ ਪੱਤਰਕਾਰੀ ਖ਼ਤਮ ਹੋਈ ਅਤੇ ਨਵੀਂ ਟਰਮ ਗੋਦੀ ਮੀਡੀਆ ਸਾਹਮਣੇ ਆਈ। ਕਾਰਪੋਰੇਟ ਦਾ ਦਖ਼ਲ ਵਧਿਆ, EVM ਮਸ਼ੀਨਾਂ ਬਾਰੇ ਸੁਆਲ ਉਠੇ, ਇਲੈਕਸ਼ਨ ਕਮਿਸ਼ਨ ਦਾ ਪੱਖਪਾਤੀ ਰਵਈਆ ਨਜ਼ਰ ਆਇਆ। ਵਿਰੋਧੀ ਸਿਆਸਤਦਾਨਾਂ ਨੂੰ ਦਬਾਉਣ ਲਈ ਸੀ.ਬੀ.ਆਈ., ਈ.ਡੀ. ਅਤੇ ਰਾਸ਼ਟਰੀ ਜਾਂਚ ਏਜੰਸੀ ਦੀ ਦੁਰਵਰਤੋਂ ਦੇ ਦੋਸ਼ ਲੱਗੇ। ਭ੍ਰਿਸ਼ਟ ਨੇਤਾ ਡਰ ਦੇ ਮਾਰੇ ਬੀ.ਜੇ.ਪੀ. ਵਿਚ ਸ਼ਾਮਲ ਹੋਣ ਲੱਗੇ।

ਧਰਮ ਦੀ ਰਾਜਨੀਤੀ ਕਰਨੀ ਭਾਵੇਂ ਇੱਕ ਖ਼ਤਰਨਾਕ ਖੇਡ ਹੁੰਦੀ ਹੈ ਪਰ ਇਸ ਦੇ ਫੌਰੀ ਲਾਭ ਥੋੜੇ ਸਮੇਂ ਲਈ ਰਾਜਨੀਤਕ ਪਾਰਟੀਆਂ ਲਈ ਵਰਦਾਨ ਬਣ ਜਾਂਦੇ ਹਨ। ਇੱਕ ਸਥਾਨਕ ਪੱਧਰ ਦੀ ਘਟਨਾ ਦਾ ਜ਼ਿਕਰ ਕਰਦੇ ਹਾਂ। ਅਸੀਂ ਆਪਣੇ ਪਿੰਡ ਜਗਦੇਵ ਕਲਾਂ ਵਿਚ ਸੂਫ਼ੀ ਸ਼ਾਇਰ ਹਾਸ਼ਮ ਸ਼ਾਹ ਦੀ ਯਾਦ ਵਿਚ ਇੱਕ ਟਰੱਸਟ ਚਲਾਉਂਦੇ ਹਾਂ। ਜਿਸ ਰਾਹੀਂ ਪਿੰਡ ਦੇ ਵਿਕਾਸ ਦੇ ਯਤਨ ਹਮੇਸ਼ਾਂ ਕਰਦੇ ਰਹਿੰਦੇ ਹਾਂ, ਜੋ ਇਸ ਮਾਣ-ਮੱਤੇ ਸ਼ਾਇਰ ਦਾ ਜੱਦੀ ਪਿੰਡ ਵੀ ਹੈ। ਅੰਮ੍ਰਿਤਸਰ ਤੋਂ ਪਿੰਡ ਨੂੰ ਜਾਣ ਵਾਲੀ ਸੜਕ ਸਿਰਫ਼ ਦਸ ਫੁੱਟ ਚੋੜੀ ਰੂਰਲ ਰੋਡ ਸੀ। ਪੰਜਾਬ ਵਿਚ ਕਾਂਗਰਸ ਦੀ ਹਕੂਮਤ ਸਮੇਂ ਪ੍ਰਤਾਪ ਸਿੰਘ ਬਾਜਵਾ ਲੋਕ ਨਿਰਮਾਣ ਮੰਤਰੀ ਨੂੰ ਕਈ ਅਣਥੱਕ ਯਤਨਾਂ ਸਦਕਾ ਸੜਕ ਨੂੰ ਚੋੜੀ ਕਰਵਾਉਣ ਲਈ ਟਰੱਸਟ ਦੇ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ, ਜੋ ਹੁਣ ਆਮ ਆਦਮੀ ਪਾਰਟੀ ਵਿਚ ਹਨ ਅਤੇ ਬਾਕੀ ਟਰੱਸਟੀਆਂ ਦੇ ਕੀਤੇ ਲੰਮੇ ਯਤਨਾਂ ਨਾਲ ਮਨਾਇਆ ਗਿਆ। ਸੜਕ 18 ਫੁੱਟ ਚੋੜੀ ਹੋਈ ਅਤੇ ਜਦ ਉਸ ਦਾ ਨਾਮ ਹਾਸ਼ਮ ਮਾਰਗ ਰੱਖਣ ਦੀ ਗੱਲ ਚੱਲੀ। ਪਿੰਡ ਦੀ ਧੜੇਬੰਦੀ ਕਰੈਡਿਟ ਲੈਣ ਲਈ ਹਰਕਤ ਵਿਚ ਆਈ ਅਤੇ ਅਕਾਲੀ ਦਲ ਨਾਲ ਸਬੰਧਤ ਧਿਰ ਦੇ ਸਾਬਕਾ ਸਰਪੰਚ ਨੇ ਧਾਰਮਿਕ ਪੱਤਾ ਖੇਡਦਿਆਂ ਸੜਕ ਦਾ ਨਾਂ ਗੁਰੂ ਅਰਜਨ ਮਾਰਗ ਕਹਿਣਾ ਸ਼ੁਰੂ ਕਰ ਦਿੱਤਾ, ਕਿਉਂਕਿ ਪਿੰਡ ਤੋਂ ਥੋੜ੍ਹੀ ਵਿੱਥ 'ਤੇ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਗੁਰੂ ਕਾ ਬਾਗ਼ ਹੈ। ਇਹ ਪੇਂਡੂ ਲੋਕਾਂ ਦੀ ਆਸਥਾ ਦਾ ਇੱਕ ਸੁਆਲ ਸੀ ਇਸ ਕਰਕੇ ਟਰੱਸਟ ਵੱਲੋਂ ਇਸ ਦਾ ਵਿਰੋਧ ਅਸੰਭਵ ਸੀ ਅਤੇ ਨਾ ਹੀ ਹੋਇਆ। ਪਰ ਅਫ਼ਸੋਸ! ਅੱਜ ਉਸ ਸੜਕ ਨੂੰ ਬਾਹਰੋਂ ਆਏ ਲੋਕ ਇੱਕ ਹੋਰ ਰਾਹ ਵਿਚ ਪੈਣ ਵਾਲੇ ਛੋਟੇ ਜਿਹੇ ਪਿੰਡ ਲੁਹਾਰਕਾ ਰੋਡ ਵਜੋਂ ਜਾਣਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਕਵੀ ਨੂੰ ਮਾਣ ਬਖਸ਼ਿਆ ਪਿੰਡ ਵਿਚ ਜਗੀਰ ਦਿੱਤੀ। ਉਸ ਮਹਾਨ ਕਵੀ, ਸੂਫ਼ੀ ਦਰਵੇਸ਼ ਦਾ ਨਾਂ ਸੜਕ ਅਤੇ ਪਿੰਡ ਨਾਲ ਜੁੜਨ ਦੇ ਮੌਕੇ ਤੋਂ ਸੌੜੀ ਧਾਰਮਿਕ ਰਾਜਨੀਤੀ ਕਰਕੇ ਅਸੀਂ ਪਿੰਡ ਵਾਲੇ ਲੋਕ ਵਾਂਝੇ ਰਹਿ ਗਏ।

## ਨੀਤਾਂ ਨੂੰ ਮੁਰਾਦਾਂ

ਮਨੁੱਖ ਦੇ ਜੀਵਨ ਵਿਚ ਨੀਤਾਂ ਉਹ ਅਦ੍ਰਿਸ਼ ਬੀਜ ਹੁੰਦੇ ਹਨ, ਜੋ ਸਮੇਂ ਦੀ ਉਪਜਾਊ ਮਿੱਟੀ ਵਿੱਚ ਬੀਜੇ ਜਾਂਦੇ ਹਨ ਅਤੇ ਹੌਲੀ-ਹੌਲੀ ਕਰਮਾਂ ਦੇ ਜਲ ਨਾਲ ਸਿੰਚੇ ਜਾਣ 'ਤੇ ਮੁਰਾਦਾਂ ਦੇ ਰੂਪ ਵਿੱਚ ਫ਼ਲਦੇ-ਫੁੱਲਦੇ ਹਨ। ਪ੍ਰਸਿੱਧ ਕਹਾਵਤ 'ਜਿਹੀ ਨੀਤ ਤਿਹੀ

**ਡਾ. ਹਰਗੁਣਪ੍ਰੀਤ ਸਿੰਘ**
**ਫੋਨ: 94636-19353**

ਮੁਰਾਦ' ਸਿਰਫ਼ ਕਹਿਣ ਲਈ ਨਹੀਂ, ਸਗੋਂ ਜੀਵਨ ਦੇ ਹਰ ਖੇਤਰ ਵਿੱਚ ਸੱਚ ਸਾਬਤ ਹੋਣ ਵਾਲਾ ਅਟੱਲ ਨਿਯਮ ਹੈ। 'ਨੀਤਾਂ ਨੂੰ ਮੁਰਾਦਾਂ' ਦਾ ਅਰਥ ਹੈ ਕਿ ਜਦੋਂ ਮਨੁੱਖ ਦੀ ਸੋਚ ਸੁੱਚੀ, ਇਰਾਦੇ ਮਜ਼ਬੂਤ ਅਤੇ ਕਰਮ ਸੱਚੇ ਹੁੰਦੇ ਹਨ, ਤਾਂ ਸਭ ਮੁਰਾਦਾਂ ਅਤੇ ਇੱਛਾਵਾਂ ਆਪ ਮੁਹਾਰੇ ਹੀ ਪੂਰੀਆਂ ਹੋਣ ਦਾ ਰਾਹ ਲੱਭ ਲੈਂਦੀਆਂ ਹਨ। ਅੱਜ ਦੇ ਪਦਾਰਥਵਾਦੀ ਅਤੇ ਤੇਜ਼ ਰਫ਼ਤਾਰ ਯੁੱਗ ਵਿੱਚ ਮਨੁੱਖ ਅਕਸਰ ਤੁਰੰਤ ਸਫ਼ਲਤਾ ਅਤੇ ਫ਼ੌਰੀ ਨਤੀਜਿਆਂ ਦੀ ਲਾਲਸਾ ਵਿੱਚ ਆਪਣੀਆਂ ਨੀਤਾਂ ਅਤੇ ਮੂਲ ਮਾਨਵੀ ਮੁੱਲਾਂ ਨਾਲ ਸਮਝੌਤਾ ਕਰ ਬੈਠਦਾ ਹੈ। ਸੌਖਾ ਰਾਹ ਅਪਣਾਉਣਾ, ਛੋਟੇ ਲਾਭਾਂ ਲਈ ਅਨੈਤਿਕ ਤਰੀਕੇ ਵਰਤਣਾ ਜਾਂ ਝੂਠੀ ਚਮਕ-ਦਮਕ ਦੇ ਪਿੱਛੇ ਦੌੜਨਾ ਕੁਝ ਸਮੇਂ ਲਈ ਆਕਰਸ਼ਕ ਤਾਂ ਲੱਗਦਾ ਹੈ, ਪਰ ਅਜਿਹਾ ਸੁਖ ਨਾ ਟਿਕਾਊ ਹੁੰਦਾ ਹੈ ਅਤੇ ਨਾ ਹੀ ਆਤਮਿਕ ਸੰਤੋਖ ਦਿੰਦਾ ਹੈ। ਅਸਲ ਸਫ਼ਲਤਾ ਉਹੀ ਹੈ ਜੋ ਮਿਹਨਤ, ਸਾਫ਼ ਨੀਅਤ ਅਤੇ ਧੀਰਜ ਨਾਲ ਪ੍ਰਾਪਤ ਕੀਤੀ ਜਾਂਦੀ ਹੈ।

ਜਦੋਂ ਰਾਜਨੀਤੀ, ਪ੍ਰਸ਼ਾਸਨ, ਵਪਾਰ ਜਾਂ ਸਿੱਖਿਆ ਆਦਿ ਖੇਤਰਾਂ ਵਿੱਚ ਨੀਤਾਂ ਸੁੱਚੀਆਂ ਹੁੰਦੀਆਂ ਹਨ, ਤਾਂ ਨੀਤੀਆਂ ਲੋਕ-ਹਿੱਤ ਵਿੱਚ ਬਣਦੀਆਂ ਹਨ ਅਤੇ ਵਿਕਾਸ ਦਾ ਰਸਤਾ ਸੁਗਮ ਹੁੰਦਾ ਹੈ। ਇਸ ਦੇ ਵਿਪਰੀਤ ਜਦੋਂ ਨੀਤਾਂ ਸਵਾਰਥ, ਲਾਲਚ ਜਾਂ ਹੰਕਾਰ ਨਾਲ ਦੂਸ਼ਿਤ ਹੁੰਦੀਆਂ ਹਨ, ਤਾਂ ਨਤੀਜੇ ਸਮਾਜਕ ਅਸੰਤੁਲਨ ਅਤੇ ਅਨਿਆਂ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਜਿਹੜਾ ਵਿਦਿਆਰਥੀ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਆਪਣਾ ਵਿੱਦਿਅਕ ਅਤੇ ਵਿਹਾਰਕ ਗਿਆਨ ਹਾਸਲ ਕਰਦਾ ਹੈ, ਉਹ ਸਿਰਫ਼ ਇਮਤਿਹਾਨਾਂ ਵਿੱਚ ਹੀ ਨਹੀਂ, ਸਗੋਂ ਜੀਵਨ ਦੀ ਹਰ ਪ੍ਰੀਖਿਆ ਵਿੱਚ ਕਾਮਯਾਬੀ ਦੀ ਬੁਨਿਆਦ ਰੱਖਦਾ ਹੈ।

ਜੇ ਮਨੁੱਖ ਦੀ ਨੀਅਤ ਸਿਰਫ਼ ਨਿੱਜੀ ਲਾਭ ਤੱਕ ਸੀਮਿਤ ਨਾ ਰਹਿ ਕੇ ਲੋਕ ਹਿੱਤ, ਸਮਾਜ ਭਲਾਈ ਅਤੇ ਸੇਵਾ ਭਾਵਨਾ ਨਾਲ ਜੁੜੀ ਹੋਵੇ, ਤਾਂ ਉਸ ਦੇ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਵੀ ਉਸ ਲਈ ਰੁਕਾਵਟ ਨਹੀਂ, ਸਗੋਂ ਸਿਖਲਾਈ ਦਾ ਅਹਿਮ ਸਰੋਤ ਬਣ ਜਾਂਦੀਆਂ ਹਨ। ਅਜਿਹਾ ਮਨੁੱਖ ਅਸਫ਼ਲਤਾਵਾਂ ਤੋਂ ਘਬਰਾਉਂਦਾ ਨਹੀਂ, ਬਲਕਿ ਉਨ੍ਹਾਂ ਤੋਂ ਸਬਕ ਲੈ ਕੇ ਹੋਰ ਮਜ਼ਬੂਤ ਬਣਦਾ ਹੈ ਕਿਉਂਕਿ ਸਾਫ਼ ਨੀਅਤ ਨਾਲ ਕੀਤੀ ਗਈ ਮਿਹਨਤ ਜੀਵਨ ਵਿਚ ਕਦੇ ਵੀ ਵਿਅਰਥ ਨਹੀਂ ਜਾਂਦੀ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਫ਼ਲ ਲਿਆਉਂਦੀ ਹੈ।

ਜਦੋਂ ਮਨੁੱਖ ਆਪਣੀ ਨੀਅਤ ਨੂੰ ਸੱਚ, ਧੀਰਜ ਅਤੇ ਕਰਮ ਨਾਲ ਜੋੜ ਲੈਂਦਾ ਹੈ, ਤਾਂ ਕਿਸਮਤ ਵੀ ਉਸ ਦਾ ਸਾਥ ਦੇਣ ਲੱਗ ਪੈਂਦੀ ਹੈ। ਇਸ ਲਈ ਜੀਵਨ ਵਿੱਚ ਵੱਡੀਆਂ ਮੁਰਾਦਾਂ ਅਤੇ ਵੱਡੇ ਸੁਪਨੇ ਦੇਖਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਨੀਤਾਂ ਨੂੰ ਵੱਡਾ ਅਤੇ ਮਜ਼ਬੂਤ ਬਣਾਈਏ, ਕਿਉਂਕਿ ਸਾਡੀਆਂ ਨੀਤਾਂ ਹੀ ਅੰਤ ਵਿੱਚ ਮੁਰਾਦਾਂ ਬਣ ਕੇ ਸਮਾਜ ਦੇ ਸਾਹਮਣੇ ਸਾਕਾਰ ਹੁੰਦੀਆਂ ਹਨ। ਕਿਸੇ ਨੇ ਸਹੀ ਕਿਹਾ ਹੈ: 'ਨੀਤਾਂ ਨੂੰ ਹੀ ਮਿਲਣ ਮੁਰਾਦਾਂ ਤੇ ਮਿਹਨਤਾਂ ਨੂੰ ਹੀ ਫ਼ਲ ਲੱਗਦੇ ਨੇ। ਜੇ ਉਹਦੀ ਰਜ਼ਾ ਹੋਵੇ ਤਾਂ ਪਾਣੀ ਉੱਚਿਆਂ ਵੱਲ ਵੀ ਵੱਗਦੇ ਨੇ।'

# ਸਬਰ, ਅਡੋਲਤਾ ਤੇ ਕੁਰਬਾਨੀ ਦੀ ਮਹਾਨ ਮਿਸਾਲ – ਮਾਤਾ ਗੁਜਰੀ ਜੀ



**ਪ੍ਰੋ: ਅਮਾਨਤ ਗਿੱਲ**
**ਫੋਨ: +923004969513**

ਭਾਗਾਂ ਵਾਲੀਏ ਮਾਏਂ ਸ਼ਾਹੀਦ ਦਈਏ
ਸਬਰ, ਸ਼ੁਕਰ ਦੀ ਕੋਈ ਅਕਲੀਮ ਏਂ ਤੂੰ।

ਪਰਬੱਤ ਉੱਚੀਆਂ ਸੁੱਚੀਆਂ ਅਜ਼ਮਤਾਂ
ਕਿਵੇਂ ਦੱਸਾਂ ਮੈਂ ਕਿੰਨੀ ਅਜ਼ੀਮ ਏਂ ਤੂੰ।

ਪਾ ਕੇ ਨਵੀਂ ਨਕੇਲ ਤਾਰੀਖ ਨੂੰ ਤੂੰ
ਮੇਰੀ ਕੌਮ, ਦੇ ਹੱਥ ਮੁਹਾਰ ਦਿੱਤੀ

ਸੇਹਰਾ ਫਤਿਹ ਦਾ ਦੇਸ਼ ਨੂੰ ਬੱਣਨੇ ਲਈ
ਸੱਧਰ ਲਾਲ ਦੇ ਸੇਹਰੇ ਦੀ ਵਾਰ ਦਿੱਤੀ

ਤੇਰੇ ਦਿਲ ਦੇ ਡੂੰਘ ਨੂੰ ਵੇਖ ਕੇ ਤੇ
ਮੇਰੇ ਫ਼ੱਨ ਦਾ ਕਾਲਜਾ ਕੰਬਿਆ ਏ।

ਮੇਰੀ ਸੋਚ ਨੇ ਤੂਤ ਦੀ ਛਮਕ ਵਾਂਗੂ
ਅੰਗ ਅੰਗ ਵਜੂਦ ਦਾ ਚੰਬਿਆ ਏ।

ਸਿੱਖ ਇਤਿਹਾਸ ਸਬਰ, ਕੁਰਬਾਨੀ ਅਤੇ ਸੱਚ ਦੀ ਗਵਾਹੀ ਨਾਲ ਭਰਪੂਰ ਹੈ, ਪਰ ਜਦੋਂ ਮਹਾਨ ਔਰਤਾਂ ਦਾ ਜ਼ਿਕਰ ਹੁੰਦਾ ਹੈ ਤਾਂ ਮਾਤਾ ਗੁਜਰੀ ਜੀ ਦਾ ਨਾਮ ਬਹੁਤ ਸਤਿਕਾਰ ਅਤੇ ਆਦਰ ਨਾਲ ਲਿਆ ਜਾਂਦਾ ਹੈ। ਮਾਤਾ ਗੁਜਰੀ ਜੀ ਨਾ ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਪਤਨੀ ਸਨ, ਸਗੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਵੀ ਸਨ। ਉਨ੍ਹਾਂ ਦੀ ਪੂਰੀ ਜ਼ਿੰਦਗੀ ਸ਼ਰਧਾ, ਹੌਸਲੇ ਅਤੇ ਕੁਰਬਾਨੀ ਦਾ ਜੀਉਂਦਾ ਜਾਗਦਾ ਉਦਾਹਰਨ ਹੈ।

ਮਾਤਾ ਗੁਜਰੀ ਜੀ ਦਾ ਜਨਮ 1624 ਈਸਵੀ ਵਿਚ ਕਰਤਾਰਪੁਰ ਸਾਹਿਬ (ਮੌਜੂਦਾ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਸ਼ਹਿਰ ਨਾਨੋਵਾਲ) ਵਿਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਵਿੱਚ ਧਰਮ, ਨੈਤਿਕਤਾ ਅਤੇ ਆਤਮਕਤਾ ਦੀ ਗਹਿਰੀ ਸਮਝ ਮੌਜੂਦ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਨਾਲ ਹਰ ਮੁਸ਼ਕਲ ਵੇਲੇ ਡਟ ਕੇ ਖੜ੍ਹੀਆਂ ਰਹੀਆਂ, ਖ਼ਾਸ ਕਰਕੇ ਉਸ ਸਮੇਂ ਜਦੋਂ



ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿੱਚ ਧਰਮ ਦੀ ਖਾਤਰ ਸ਼ਹੀਦੀ ਦਿੱਤੀ। ਇਹ ਪਲ ਮਾਤਾ ਗੁਜਰੀ ਜੀ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਪਰਖ ਸੀ, ਪਰ ਉਨ੍ਹਾਂ ਨੇ ਸਬਰ, ਸਹਿਨਸ਼ੀਲਤਾ ਅਤੇ ਵਾਹਿਗੁਰੂ ਦੇ ਭਾਣੇ ਨੂੰ ਸਵੀਕਾਰ ਕਰਕੇ ਸਿੱਖ ਕੌਮ ਲਈ ਹੌਸਲੇ ਦੀ ਮਿਸਾਲ ਕਾਇਮ ਕੀਤੀ।

ਮਾਤਾ ਗੁਜਰੀ ਜੀ ਨੇ ਆਪਣੇ ਪੋਤਰੇ, ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੀ ਪਰਵਰਿਸ਼ ਉੱਚੀਆਂ ਨੈਤਿਕ ਕਦਰਾਂ ਨਾਲ ਕੀਤੀ। ਉਨ੍ਹਾਂ ਨੇ ਨੰਨ੍ਹੇ ਸਾਹਿਬਜ਼ਾਦਿਆਂ ਨੂੰ ਬਚਪਨ ਤੋਂ ਹੀ ਸੱਚ, ਹੱਕ, ਹਿੰਮਤ ਅਤੇ ਧਰਮ ’ਤੇ ਡਟੇ ਰਹਿਣ ਦੀ ਸਿੱਖਿਆ ਦਿੱਤੀ। ਇਹੀ ਤਾਲੀਮ ਸੀ ਜਿਸ ਨੇ ਇੰਨੀ ਛੋਟੀ ਉਮਰ ਵਿੱਚ ਵੀ ਉਨ੍ਹਾਂ ਨੂੰ ਜ਼ੁਲਮ ਦੇ ਸਾਹਮਣੇ ਝੁਕਣ ਤੋਂ ਇਨਕਾਰ ਕਰਨ ਦੀ ਤਾਕਤ ਬਖ਼ਸ਼ੀ।

1705 ਈਸਵੀ ਵਿੱਚ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੇ ਹੁਕਮ ’ਤੇ ਮਾਤਾ ਗੁਜਰੀ ਜੀ ਅਤੇ ਨੰਨ੍ਹੇ ਸਾਹਿਬਜ਼ਾਦਿਆਂ ਨੂੰ ਕੈਦ ਕਰ ਲਿਆ ਗਿਆ। ਠੰਢੇ ਬੁਰਜ ਵਿੱਚ ਕੈਦ, ਭੁੱਖ, ਸਰਦੀ ਅਤੇ ਕਠਿਨਾਈਆਂ ਦੇ ਬਾਵਜੂਦ ਮਾਤਾ ਗੁਜਰੀ ਜੀ ਦਾ ਹੌਸਲਾ ਕਦੇ ਨਹੀਂ ਟੁੱਟਿਆ। ਉਹ ਹਰ ਸਮੇਂ ਸਾਹਿਬਜ਼ਾਦਿਆਂ ਨੂੰ ਵਾਹਿਗੁਰੂ ’ਤੇ ਭਰੋਸਾ ਰੱਖਣ, ਸੱਚ ਨਾਲ ਜੁੜੇ ਰਹਿਣ ਅਤੇ ਜ਼ੁਲਮ ਦੇ ਅੱਗੇ ਨਾ ਝੁਕਣ ਦੀ ਸਿੱਖਿਆ ਦਿੰਦੀਆਂ ਰਹੀਆਂ।

ਜਦੋਂ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਨੂੰ ਜਿੰਦਾ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ, ਉਹ ਪਲ ਮਨੁੱਖੀ ਇਤਿਹਾਸ ਦੇ ਸਭ ਤੋਂ ਦਰਦਨਾਕ ਦ੍ਰਿਸ਼ਾਂ ਵਿੱਚੋਂ ਇੱਕ ਹੈ। ਆਪਣੇ ਪੋਤਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਵੀ ਮਾਤਾ ਗੁਜਰੀ ਜੀ ਨੇ ਕੋਈ ਸ਼ਿਕਵਾ ਨਹੀਂ ਕੀਤਾ, ਸਗੋਂ ਵਾਹਿਗੁਰੂ ਦੇ ਅੱਗੇ ਸਿਰ ਨਿਵਾ ਦਿੱਤਾ। ਇਸ ਸਬਰ ਅਤੇ ਸ਼ਰਧਾ ਦੀ ਚਰਮ ਸੀਮਾ ’ਤੇ ਪਹੁੰਚ ਕੇ ਮਾਤਾ ਗੁਜਰੀ ਜੀ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਅਤੇ ਸਦਾ ਲਈ ਅਮਰ ਹੋ ਗਈਆਂ।

ਮਾਤਾ ਗੁਜਰੀ ਜੀ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਔਰਤ ਸਿਰਫ਼ ਘਰ ਦੀ ਸ਼ਾਨ ਨਹੀਂ ਹੁੰਦੀ, ਸਗੋਂ ਕੌਮ ਦੀ ਨਿਰਮਾਤਾ ਵੀ ਹੁੰਦੀ ਹੈ। ਉਨ੍ਹਾਂ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਸੱਚ ਦੇ ਰਾਹ ਵਿੱਚ ਸਬਰ, ਹੌਸਲਾ ਅਤੇ ਸ਼ਰਧਾ ਸਭ ਤੋਂ ਵੱਡੇ ਹਥਿਆਰ ਹਨ।

ਮਾਤਾ ਗੁਜਰੀ ਜੀ ਸਿਰਫ਼ ਸਿੱਖ ਇਤਿਹਾਸ ਦੀ ਇੱਕ ਮਹਾਨ ਮਾਤਾ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਸਬਰ, ਕੁਰਬਾਨੀ ਅਤੇ ਅਡੋਲਤਾ ਦੀ ਰੌਸ਼ਨ ਮਿਸਾਲ ਹਨ। ਉਨ੍ਹਾਂ ਦੀ ਕੁਰਬਾਨੀ ਹਮੇਸ਼ਾ ਮਜ਼ਲੂਮਾਂ ਨੂੰ ਹੌਸਲਾ ਅਤੇ ਜ਼ਾਲਮਾਂ ਦੇ ਵਿਰੁੱਧ ਖੜ੍ਹਨ ਦੀ ਤਾਕਤ ਦਿੰਦੀ ਰਹੇਗੀ।

ਜਿੱਥੇ ਜ਼ੁਲਮ ਦੀ ਕੁੱਖ ਯਜ਼ੀਦ ਜੱਮੇ
ਉਥੇ ਅਮਨ ਦੀ ਰੌਸ਼ਨ ਦਲੀਲ ਏਂ
ਤੂੰ।

ਹੜ੍ਹ ਮੌਤ ਦੇ ਜਿੱਨੂੰ ਨਾ ਢਾ ਸੱਕਣ
ਓਸ ਅਜ਼ਮ ਦੀ ਸਖਤ ਫਸੀਲ ਏਂ ਤੂੰ।

ਜਿੱਨੇ ਫਤਿਹ ਦੇ ਆਣ ਅਲਹਾਮ ਵੰਡੇ
ਲੱਥਾ ਅੰਬਰਾਂ ਤੋਂ ਕੋਈ ਜਬਰੀਲ ਏਂ ਤੂੰ।


ਜਿੱਨੇ ਹਸ਼ਰ ਦੇ ਦਿਨ ਵੀ ਚਮਕਣਾ ਏਂ
ਮਾਏਂ ਤੂੰ ਏਂ ਓਸ ਖੁਰਸ਼ੀਦ ਦੀ ਮਾਂ।

ਮੇਰੇ ਦੇਸ਼ ਦੀ ਮਿੱਟੀ ਸੁਲਖਣੀ ਏਂ
ਜਿੱਨੇ ਤੇਰੇ ਜਿਹੀ ਜੱਮੀ ਸ਼ਹੀਦ ਦੀ ਮਾਂ।

***(ਇਹ ਸ਼ਾਇਰੀ ਪੰਜਾਬ ਦੇ ਮਸ਼ਹੂਰ ਸ਼ਾਇਰ ਡਾਕਟਰ ਰਸ਼ੀਦ ਅਨਵਰ ਦੀ ਏ)***

# ਕਹਾਣੀ ਦੋ ਆਈਈਸੀ ਹੱਲਿਆਂ ਦੀ

***ਦ ਨੇਸ਼ਨ ਲਈ ਲਿਖਣ ਵਾਲੀ ਲੇਖਿਕਾ ਹੋਣ ਦੇ ਨਾਲ-ਨਾਲ, ਲੌਰਾ ਫਲੈਂਡਰਜ਼ ਨੇ ਕਈ ਕਿਤਾਬਾਂ ਵੀ ਲਿਖੀਆਂ ਹਨ ਅਤੇ ਸਬਸਟੈਕ ’ਤੇ ਇਕ ਕਾਲਮ ਵੀ ਲਿਖਦੀ ਹੈ। ਉਹ ਆਰਅ ਂਲਅਨਦੲਰਸ & ਂਰਇਨਦਸ ਵਿਚ ਸਾਡੇ ਸਮੇਂ ਦੇ ਮੁੱਖ ਸਵਾਲਾਂ ’ਤੇ ਅਗਾਂਹਵਧੂ ਸੋਚ ਰੱਖਣ ਵਾਲੇ ਲੋਕਾਂ ਨਾਲ ਸੰਵਾਦ ਰਚਾਉਂਦੀ ਹੈ—ਇਹ ਰਾਸ਼ਟਰੀ ਪੱਧਰ ’ਤੇ ਪ੍ਰਸਾਰਿਤ ਰੇਡੀਓ ਅਤੇ ਟੈਲੀਵਿਜ਼ਨ ਪ੍ਰੋਗਰਾਮ ਹੈ, ਜੋ ਪੌਡਕਾਸਟ ਦੇ ਰੂਪ ’ਚ ਵੀ ਉਪਲਬਧ ਹੈ। ਇਸ ਲਿਖਤ ਵਿਚ ਲੌਰਾ ਨੇ ਕਥਿਤ .ਗੈਰਕਾਨੂੰਨੀ ਪਰਵਾਸੀਆਂ ਅਤੇ ਅਮਰੀਕਾ ਵਿਚ ਨਜ਼ਰਬੰਦੀ ਜੇਲ੍ਹਾਂ ਦੇ ਗੁਪਤ ਤਾਣੇ-ਬਾਣੇ ਵੱਲ ਧਿਆਨ ਦਿਵਾਇਆ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ॥***



**ਲੌਰਾ ਫਲੈਂਡਰਜ਼**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

ਇਸ ਹਫ਼ਤੇ ਮੈਂ ਆਈਸੀਈ (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਦੀਆਂ ਦੋ ਕਾਰਵਾਈਆਂ ਕੋਲੋਂ ਲੰਘੀ। ਇੱਕ ਮੈਂ ਖ਼ੁਦ ਵੇਖੀ, ਦੂਜੀ ਨਹੀਂ ਦੇਖੀ—ਅਤੇ ਇਹੀ ਸਮੱਸਿਆ ਹੈ।

ਠੰਢ ਦੇ ਮੌਸਮ ਵਿਚ ਦ੍ਰਿੜ੍ਹ ਇਰਾਦੇ ਵਾਲੇ ਡਰਾਈਵਰਾਂ ਵਾਂਗ, ਇਸ ਥੈਂਕਸਗਿਵਿੰਗ ਉੱਪਰ ਮੈਂ ਸੈਂਕੜੇ ਮੀਲ ਗੱਡੀ ਚਲਾ ਕੇ ਗਈ; ਨਿਊਯਾਰਕ ਸਿਟੀ ਦੇ ਡਾਊਨਟਾਊਨ ਤੋਂ ਪਿੰਡਾਂ ਵਾਲੇ ਮਿਸ਼ੀਗਨ ਤੱਕ ਤੇਰਾਂ ਘੰਟਿਆਂ ਦਾ ਸਫ਼ਰ—ਕੰਕਰੀਟ ਅਤੇ ਭੀੜ-ਭੜੱਕੇ ‘ਚੋਂ ਨਿਕਲ ਕੇ ਜੰਗਲਾਂ ਅਤੇ ਬਰਫ਼ ਵਾਂਗ ਜੰਮੀਆਂ ਝੀਲਾਂ ਤੱਕ ਦਾ ਸਫ਼ਰ, ਅਤੇ ਫਿਰ ਵਾਪਸੀ। (ਸ਼ਾਨਦਾਰ ਸਫ਼ਰ ਵਿਚ ਮੇਰਾ ਸਾਥ ਦੇਣ ਵਾਲੇ ਪਿਆਰੇ ਡੌਗੀ ਤਰਿਸ਼ਾ, ਤੇਰਾ ਧੰਨਵਾਦ।)

ਘਰ ਪਹੁੰਚ ਕੇ, ਸਫ਼ਰ ਦੀ ਥਕਾਵਟ ਨਾਲ ਚੂਰ ਮੇਰੀਆਂ ਹੱਡੀਆਂ ਨੂੰ ਪੂਰੀ ਤਰ੍ਹਾਂ ਅਰਾਮ ਵੀ ਨਹੀਂ ਸੀ ਮਿਲਿਆ ਕਿ ਮੇਰੇ ਫ਼ੋਨ ’ਤੇ ਆਈਸੀਈ ਅਲਰਟ ਵੱਜਣ ਲੱਗ ਪਏ। ਮੈਂ ਰੌਲ਼ੇ-ਰੱਪੇ ਵਾਲੀ ਕੈਨਾਲ ਸਟ੍ਰੀਟ ’ਤੇ ਰਹਿੰਦੀ ਹਾਂ, ਜਿੱਥੇ ਆਈਸੀਈ ਦੇ ਛਾਪੇ ਵੱਡੇ ਤੇ ਸ਼ੋਰ-ਸ਼ਰਾਬੇ ਵਾਲੇ ਹੁੰਦੇ ਹਨ। ਪਿਛਲੇ ਮਹੀਨੇ, 50 ਫੈਡਰਲ ਏਜੰਟਾਂ ਨੇ ਉੱਥੇ ਹੱਲਾ ਬੋਲ ਦਿੱਤਾ—ਮਕਸਦ ਸੀ ਸੜਕ ਉੱਪਰ ਸਮਾਨ ਵੇਚਣ ਵਾਲੇ ਪਰਵਾਸੀਆਂ ਨੂੰ ਫੜਨਾ—ਅਤੇ ‘ਕਦੇ ਨਾ ਸੌਣ ਵਾਲੇ ਸ਼ਹਿਰ’ ਨੇ ਉਨ੍ਹਾਂ ਨੂੰ ਲਗਭਗ ਤੁਰੰਤ ਹੀ ਵਾਪਸ ਭੇਜ ਦਿੱਤਾ। ਪੋਲਕਾ-ਡੌਟ ਕੱਪੜੇ ਪਹਿਨੀ ਇੱਕ ਜਨਾਨੀ (ਸ਼ਾਇਦ ਕੋਈ ਗਾਹਕ), ਜੋ ਇੱਕ ਡਰਾਉਣੇ ਫ਼ੌਜੀ ਟਰੱਕ ਦੇ ਸਾਹਮਣੇ ਨਕਾਬਪੋਸ਼ ਆਦਮੀ ਨੂੰ ਡਾਂਟ ਰਹੀ ਸੀ, ਉਸਦੀ ਵੀਡੀਓ ਵਾਇਰਲ ਹੋ ਗਈ, ਅਤੇ ਚਾਹ ਵੇਲੇ ਤੱਕ ਸਮਾਨ ਵੇਚਣ ਵਾਲੇ ਮੁੜ ਸਸਤੇ ਨਕਲੀ ਬੈਗ ਵੇਚ ਰਹੇ ਸਨ।

ਇਸ ਸ਼ਨਿਚਰਵਾਰ, ਡੀਐੱਚਐੱਸ ਨੇ ਕਥਿਤ ਤੌਰ ’ਤੇ ਇੱਕ ਹੋਰ ‘ਇਨਫੋਰਸਮੈਂਟ ਸਰਜ’ (ਤਾਲਮੇਲਵਾਂ ਹੱਲਾ) ਦੀ ਯੋਜਨਾ ਬਣਾਈ ਸੀ—ਇਸ ਵਾਰੀ ਲਗਭਗ 600 ਏਜੰਟਾਂ ਨੂੰ ਨਾਲ ਲੈ ਕੇ ਅਤੇ ਕੈਨਾਲ ਸਟ੍ਰੀਟ ਉੱਪਰ ਤਾਂ ਕਾਰਵਾਈ ਹੋਰ ਵੀ ਵੱਡੀ ਸੀ। ਇੱਕ ਵਾਰ ਫਿਰ, ਉਨ੍ਹਾਂ ਨੂੰ ਮੈਨਹੈਟਨ ਦੀ ਅਫ਼ਰਾਤਫ਼ਰੀ ਦਾ ਸਾਹਮਣਾ ਕਰਨਾ ਪਿਆ। ਜਿਉਂ ਹੀ ਇਹ ਖ਼ਬਰ ਫੈਲੀ ਕਿ ਆਈਸੀਈ ਇੱਕ ਸਥਾਨਕ ਗਰਾਜ ਨੂੰ ਅੱਡੇ ਵਜੋਂ ਵਰਤ ਰਿਹਾ ਹੈ, ਸੈਂਕੜੇ ਲੋਕ ਉਸਦੇ ਬਾਹਰ ’ਕੱਠੇ ਹੋ ਗਏ—ਸੀਟੀਆਂ ਵੱਜਦੀਆਂ ਰਹੀਆਂ, ਢੋਲ ਵੱਜਦੇ ਰਹੇ, ਲਾਈਵਸਟ੍ਰੀਮ ਚੱਲਦੀਆਂ ਰਹੀਆਂ। ਸ਼ੋਰ ਆਲੇ-ਦੁਆਲੇ ਦੀਆਂ ਇਮਾਰਤਾਂ ਨਾਲ ਟਕਰਾ ਕੇ ਚਾਈਨਾਟਾਊਨ ਦੀਆਂ ਤੰਗ ਗਲੀਆਂ ਵਿਚ ਗੂੰਜਦਾ ਰਿਹਾ, ਜਿਸ ਨਾਲ ਘੱਟੋ-ਘੱਟ ਇੱਕ ਡਿਮ ਸਮ ਦਾ ਸ਼ੌਕੀਨ ਵੀ ਇਸ ਅੰਦੋਲਨ ਵਿਚ ਸ਼ਾਮਲ ਹੋ ਗਿਆ। ਘੰਟਿਆਂ ਤੱਕ, ਅਜੀਬ ਜਹੇ ਮਾਸਕ ਪਹਿਨੀਂ ਗੁੱਸੇ ਵਿਚ ਆਈਸੀਈ ਮੁਲਾਜ਼ਮ ਗੰਦੇ ਗਰਾਜ ਅੰਦਰ ਫਸੇ ਰਹੇ, ਜਦਕਿ ਮੈਗਾਫ਼ੋਨਾਂ, ਬੈਰੀਕੇਡਾਂ, ਮਿਰਚੀ ਸਪਰੇ ਅਤੇ ਟੇਜ਼ਰਾਂ ਨਾਲ ਲੈਸ ਦਰਜਨਾਂ ਸ਼ਹਿਰੀ ਪੁਲਸੀਏ ਭੀੜ ਨੂੰ ਸੜਕ ਤੋਂ ਹਟਾਉਣ ਲਈ ਧੱਕਾ-ਮੁੱਕੀ ਅਤੇ ਜੱਦੋ-ਜਹਿਦ ਕਰਦੇ ਰਹੇ। ਕਈ ਗ੍ਰਿਫ਼ਤਾਰੀਆਂ ਤੋਂ ਬਾਅਦ ਹੀ ਸੜਕ ਅੰਸ਼ਕ ਤੌਰ ’ਤੇ ਖਾਲੀ ਕਰਵਾਈ ਜਾ ਸਕੀ, ਬੇਪਛਾਣ ਚਿੱਟੀਆਂ ਵੈਨਾਂ ਗਰਾਜ ਤੋਂ ਨਿਕਲ ਸਕੀਆਂ—ਉਨ੍ਹਾਂ ਦੀ ਯੋਜਨਾਬੱਧ ‘ਇਨਫੋਰਸਮੈਂਟ ਸਰਜ’ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਦੇ ਹੱਲੇ ਨੇ ਮਾਤ ਪਾ ਦਿੱਤੀ। ਅਪਮਾਨਿਤ ਹੋਏ ਫੱਡਰਲ ਏਜੰਟ ਹੌਲੀ-ਹੌਲੀ ਨਿਊ ਜਰਸੀ ਵੱਲ ਪਿੱਛੇ ਹਟ ਗਏ, ਜਦਕਿ ਚਲ ਰਹੀ ਭੀੜ ਹਰ ਕਦਮ ’ਤੇ ਹਾਲੈਂਡ ਟਨਲ ਤੱਕ ਉਨ੍ਹਾਂ ਦਾ ਰਾਹ ਰੋਕਦੀ ਰਹੀ।

ਮੈਨਹੈਟਨ ਵਿਚ ਆਈਸੀਈ ਦੀਆਂ ਕਾਰਵਾਈਆਂ ਮੈਸੀਜ਼ ਥੈਂਕਸਗਿਵਿੰਗ ਡੇ ਪਰੇਡ ਜਿੰਨੀਆਂ ਹੀ ਨਾਮਾਲੂਮ ਹੁੰਦੀਆਂ ਹਨ। ਇਸ ਦੇ ਉਲਟ, ਦਿਹਾਤੀ ਮਿਸ਼ੀਗਨ ਦੇ ਲੇਕ ਕਾਊਂਟੀ ਦੇ ਜੰਗਲਾਂ ਅਤੇ ਖ਼ਸਤਾ ਹਾਲ ਸੜਕਾਂ ਉੱਪਰ, ਮੈਂ ਬਿਲਕੁਲ ਹੀ ਵੱਖਰੀ ਤਰ੍ਹਾਂ ਦੇ ਛਾਪਾਮਾਰੀ ਮੰਜ਼ਰ ਵਿਚੋਂ ਗੁਜ਼ਰੀ—ਬਿਨਾਂ ਇਹ ਜਾਣੇ ਕਿ ਅਜਿਹਾ ਹੋ ਰਿਹਾ ਹੈ—ਅਤੇ ਇਹ ਕੋਈ ਇਤਫ਼ਾਕ ਨਹੀਂ ਹੈ।

ਲੇਕ ਕਾਊਂਟੀ, ਮਿਸ਼ੀਗਨ, ਗਰਮੀਆਂ ਵਿਚ ਸੈਰ-ਸਪਾਟੇ ਦੀ ਥਾਂ ਹੈ—ਚਮਕਦੀਆਂ ਝੀਲਾਂ, ਮੀਲਾਂ ਤੱਕ ਫੈਲੇ ਜੰਗਲ, ਇਤਿਹਾਸਕ ਸਿਆਹਫ਼ਾਮ ਕਲਾ ਭਾਈਚਾਰਾ, ਅਤੇ ‘ਬਲੇਸਿੰਗ ਆਫ਼ ਦ ਬਾਈਕਸ’ ਦਾ ਸਾਲਾਨਾ ਮੇਲਾ। ਸਿਆਲ ਵਿਚ, ਬਰਫ਼ ਨਾਲ ਲੱਦੀਆਂ ਗਰਮੀਆਂ ਦੀਆਂ ਝੋਂਪੜੀਆਂ ਦਰਮਿਆਨ, ਠੰਢ ਨਾਲ ਢੱਕੇ ਜੈਕ ਪਾਈਨ ਦਰੱਖਤਾਂ ਦੇ ਪਿੱਛੇ, ਮੈਨੂੰ ਕਦੇ ਇਹ ਆਸ ਹੀ ਨਹੀਂ ਸੀ ਕਿ ਮੁਲਕ ਦੇ ਸਭ ਤੋਂ ਵੱਡੇ ਆਈਸੀਈ ਨਜ਼ਰਬੰਦੀ ਕੇਂਦਰਾਂ ਵਿਚੋਂ ਇੱਕ ਉੱਥੇ ਹੋਵੇਗਾ—ਅਤੇ ਸੱਚ ਇਹ ਹੈ ਕਿ ਮੈਨੂੰ ਮਿਲਿਆ ਵੀ ਨਹੀਂ। ਮੈਂ ਦੋ ਵਾਰ ਉੱਥੋਂ ਲੰਘੀ, ਬਿਨਾਂ ਉਸਨੂੰ ਕਦੇ ਦੇਖੇ।

ਲੇਕ ਕਾਊਂਟੀ ਅਧਿਕਾਰਕ ਤੌਰ ’ਤੇ ਮਿਸ਼ੀਗਨ ਦੀ ਸਭ ਤੋਂ ਗ਼ਰੀਬ ਕਾਊਂਟੀ ਹੈ। ਇਸ ਦੀ ਪੂਰੀ ਆਬਾਦੀ ਉੱਚੀ ਸ਼ਹਿਰੀ ਇਮਾਰਤ ਵਿਚ ਸਮੋ ਸਕਦੀ ਹੈ। ਇੱਥੇ ਇੱਕ-ਦੋ ਡਾਲਰ ਸਟੋਰ ਅਤੇ ਸ਼ਿਕਾਰੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੁਝ ਗੈਸ ਸਟੇਸ਼ਨ ਕਵਿਕ-ਮਾਰਟ ਤਾਂ ਹਨ, ਪਰ ਵੀਹ ਮੀਲ ਤੋਂ ਵੱਧ ਦੂਰ ਤੱਕ ਤਾਜ਼ਾ ਕਰਿਆਨੇ ਦੀ ਇਕ ਵੀ ਦੁਕਾਨ ਨਹੀਂ ਹੈ। ਦੂਜੇ ਸ਼ਬਦਾਂ ਵਿਚ, ਇਹ ਓਹੋ ਜਿਹੀ ਥਾਂ ਹੈ ਜਿੱਥੇ ਫੈਡਰਲ ‘ਆਰਥਕ ਵਿਕਾਸ’ ਕੈਦ ਦੇ ਰੂਪ ਵਿਚ ਪਹੁੰਚਦਾ ਹੈ।

ਸਥਾਨਕ ਆਰਥਿਕਤਾ ਲਈ ਵਰਦਾਨ ਦੱਸ ਕੇ ਬਣਾਈ ਗਈ ਨਾਰਥ ਲੇਕ ਕਰੈਕਸ਼ਨਜ਼ ਫੈਸਿਲਟੀ 1999 ਵਿਚ ਵੈਕਨਹਟ ਕਰੈਕਸ਼ਨਜ਼ ਕਾਰਪੋਰੇਸ਼ਨ (ਹੁਣ ਘਓਓ ਗਰੁੱਪ) ਵੱਲੋਂ ਬਣਾਈ ਗਈ ਸੀ। ਤਤਕਾਲੀ ਗਵਰਨਰ ਜਾਨ ਏਂਗਲਰ ਨੇ ਇਸਨੂੰ ‘ਪੰਕ ਜੇਲ੍ਹ’ ਦਾ ਨਾਂ ਦਿੱਤਾ ਸੀ। ਸ਼ੁਰੂ ਵਿਚ ਇੱਥੇ ਮਿਸ਼ੀਗਨ ਦੇ ਨੌਜਵਾਨ ਅਪਰਾਧੀ ਰੱਖੇ ਗਏ, ਫਿਰ ਵਰਮੌਂਟ ਤੋਂ ਲਿਆਂਦੇ ਉੱਚ-ਸੁਰੱਖਿਆ ਕੈਦੀ। ਪਰ ਸਾਲਾਂ ਤੋਂ ਇਹ ਜੇਲ੍ਹ ਕਦੇ ਚੱਲਦੀ, ਕਦੇ ਬੰਦ ਰਹੀ ਹੈ। ਫੈਡਰਲ ਬਿਊਰੋ ਆਫ਼ ਪ੍ਰਿਜ਼ਨਜ਼ ਨਾਲ ਦਸ ਸਾਲਾਂ ਦਾ ਠੇਕਾ 2022 ਵਿਚ ਰੱਦ ਕਰ ਦਿੱਤਾ ਗਿਆ, ਜਦੋਂ ਬਾਇਡਨ ਸਰਕਾਰ ਨੇ ਨਫ਼ਾ ਕਮਾਉਣ



ਵਾਲੀਆਂ ਜੇਲ੍ਹ ਕੰਪਨੀਆਂ ਨਾਲ ਫੈਡਰਲ ਠੇਕੇ ਖ਼ਤਮ ਕਰ ਦਿੱਤੇ। ਲਗਭਗ ਤੁਰੰਤ ਹੀ, ਸਥਾਨਕ ਅਧਿਕਾਰੀ ਇਸ ਥਾਂ ਨੂੰ ਇਮੀਗ੍ਰੇਸ਼ਨ ਡਿਟੈਂਸ਼ਨ ਆਰਥਿਕਤਾ ਨਾਲ ਜੋੜਨ ਲਈ ਪੈਰਵੀ ਕਰਨ ਲੱਗ ਪਏ।

ਇਸ ਸਾਲ ਜੂਨ ਵਿਚ, ਨੌਰਥ ਲੇਕ ਮੁੜ ‘ਨੌਰਥ ਲੇਕ ਪ੍ਰੋਸੈਸਿੰਗ ਸੈਂਟਰ’ ਵਜੋਂ ਖੁੱਲ੍ਹ ਗਈ—ਆਈਸੀਈ ਦਾ ਅੱਡਾ—ਜੋ ਰਾਜ ਵਿਚ ਆਪਣੀ ਕਿਸਮ ਦਾ ਇਕਲੌਤਾ ਅਤੇ ਮੁਲਕ ਵਿਚ ਦੂਜਾ ਸਭ ਤੋਂ ਵੱਡਾ ਕੇਂਦਰ ਹੈ। ਬਾਲਡਵਿਨ ਨਾਂ ਦੇ ਨਿੱਕੇ ਜਿਹੇ ਸ਼ਹਿਰ ਤੋਂ ਸਿਰਫ਼ ਤਿੰਨ ਮੀਲ ਦੂਰ, ਲਗਭਗ 1,800 ਬਿਸਤਰਿਆਂ ਦੀ ਸਮਰੱਥਾ ਵਾਲਾ ਇਹ ਵਿਸ਼ਾਲ ਕੰਕਰੀਟ ਕੰਪਲੈਕਸ ਹੁਣ ਖੇਤਰ ਲਈ ਅਹਿਮ ‘ਪ੍ਰੋਸੈਸਿੰਗ’ ਹੱਬ ਵਜੋਂ ਪ੍ਰਚਾਰਿਆ ਜਾ ਰਿਹਾ ਹੈ—ਇਸਦਾ ਮਤਲਬ ਕੋਈ ਵੀ ਹੋਵੇ। ਇਹ ਪਰਿਵਾਰਕ ਮੈਂਬਰਾਂ, ਕਾਰਕੁਨਾਂ ਜਾਂ ਵਕੀਲਾਂ ਲਈ ਸੌਖਿਆਂ ਪਹੁੰਚ ਸਕਣ ਤੋਂ ਬਹੁਤ ਦੂਰ ਹੈ। ਗੂਗਲ ਦੇ ਹਵਾਈ ਦ੍ਰਿਸ਼ ਵਿਚ ਇਹ ਹਰ ਉਸ ਜੇਲ੍ਹ ਵਾਂਗ ਦਿਸਦਾ ਹੈ, ਜਿਸਨੂੰ ਅਸੀਂ ਦੇਖ ਨਹੀਂ ਸਕਦੇ—ਨੀਂਵੀਂਆਂ ਇਮਾਰਤਾਂ, ਉੱਚੀਆਂ ਵਾੜਾਂ, ਪਾਰਕਿੰਗ ਲੌਟ।

ਮੈਨਹੈਟਨ ਵਿਚ ਆਈਸੀਈ ਇੱਕ ਘੋਟਾਲਾ ਹੈ। ਕੈਨਾਲ ਸਟ੍ਰੀਟ ਦੇ ਹੱਲੇ-ਗੁੱਲੇ ਤੋਂ ਅਗਲੇ ਦਿਨ, ਕਾਰਕੁਨਾਂ ਨੇ ਪ੍ਰੈੱਸ ਕਾਨਫ਼ਰੰਸ ਕੀਤੀ ਅਤੇ ਸ਼ਹਿਰ ਦੇ ਅਧਿਕਾਰੀਆਂ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਮਜਬੂਰ ਕੀਤਾ। ਮੇਅਰ ਚੁਣੇ ਗਏ ਜ਼ੋਹਰਾਨ ਮਮਦਾਨੀ ਨੇ ਫੈਡਰਲ ਕਾਰਵਾਈ ਨੂੰ ‘ਹਮਲਾਵਰ ਅਤੇ ਲਾਪਰਵਾਹ’ ਅਤੇ ‘ਤਾਨਾਸ਼ਾਹੀ ਤਮਾਸ਼ਾ’ ਕਰਾਰ ਦਿੱਤਾ। ਉਸ ਨੇ ਫੈਡਰਲ ਇਮੀਗ੍ਰੇਸ਼ਨ ਇਨਫੋਰਸਮੈਂਟ ਨਾਲ ਸਹਿਯੋਗ ਵਿਚ ਐੱਨਵਾਈਪੀਡੀ ਦੀ ਭੂਮਿਕਾ ਦੀ ਸਮੀਖਿਆ ਕਰਨ ਦਾ ਵਾਅਦਾ ਕੀਤਾ—ਜੋ ਬਣਦਾ ਵੀ ਹੈ, ਕਿਉਂਕਿ ਇਹ ਸ਼ਹਿਰ ‘ਸੈਂਕਚੁਅਰੀ ਸਿਟੀ’ ਕਹਾਉਂਦਾ ਹੈ। ਮੌਕੇ ’ਤੇ ਬੋਲਦਿਆਂ, ਸਿਟੀ ਕਾਂਪਟ੍ਰੋਲਰ ਬ੍ਰੈਡ ਲੈਂਡਰ ਨੇ ਇਸ ਕਾਰਵਾਈ ਨੂੰ ‘ਭਿਆਨਕ’ ਦੱਸਿਆ ਅਤੇ ਜ਼ੋਰ ਦਿੱਤਾ ਕਿ ਸੜਕ ਉੱਪਰ ਸਮਾਨ ਵੇਚਣ ਵਾਲੇ ਰਾਸ਼ਟਰੀ ਸੁਰੱਖਿਆ ਖ਼ਤਰਾ ਨਹੀਂ ਹਨ, ਜਦਕਿ ਫ਼ੌਜੀ ਤਰਜ਼ ਦਾ ਪ੍ਰਤੀਕ੍ਰਮ ਨਿਊਯਾਰਕ ਵਾਸੀਆਂ ਲਈ ਜਾਣ-ਬੁੱਝ ਕੇ ਖ਼ਤਰੇ ਦਾ ਹਊਆ ਪੈਦਾ ਕਰ ਰਿਹਾ ਹੈ।

ਇਸ ਦੌਰਾਨ, ਦਿਹਾਤੀ ਮਿਸ਼ੀਗਨ ਵਿਚ, ਨੌਰਥ ਲੇਕ ਵਿਚ ਹੋ ਰਹੇ ਆਉਣ-ਜਾਣ ਦੀ ਗਿਣਤੀ ਕਰਨਾ ਲਾਗੇ ਰਹਿਣ ਵਾਲਿਆਂ ਲਈ ਵੀ ਮੁਸ਼ਕਲ ਹੋ ਗਿਆ ਹੈ। ਅਤੇ ਇਸ ਦਾ ਉਦੇਸ਼ ਵੀ ਇਸ ਨੂੰ ਇਸੇ ਤਰ੍ਹਾਂ ਚਲਾਉਣਾ ਹੈ। ਸਾਡਾ ਨਜ਼ਰਬੰਦੀ ਪ੍ਰਬੰਧ ਲੰਮੇ ਸਮੇਂ ਤੋਂ ਦੂਰੀ, ਬੇਵਸੀ ਅਤੇ ਇਸ ਨੂੰ ਸਜਾਵਟੀ ਸ਼ਬਦਾਂ ਵਿਚ ਪੇਸ਼ ਕਰਨ ’ਤੇ ਨਿਰਭਰ ਰਿਹਾ ਹੈ। ਹੁਣ ਬੁਨਿਆਦੀ ‘ਨਿਆਂ ਪ੍ਰਕਿਰਿਆ’ ਨੂੰ ਜਾਣਬੁਝ ਕੇ ਅਜਿਹੇ ਦੂਰ-ਦਰਾਜ਼ ਜ਼ਿੱਪ ਕੋਡਾਂ (ਅਣਜਾਣੇ ਇਲਾਕਿਆਂ) ਵਿਚ ਆਉਟਸੋਰਸ ਕੀਤਾ ਜਾ ਰਿਹਾ ਹੈ।

ਅੱਜ ਨਾਗਰਿਕ ਫ਼ਰਜ਼ ਦਾ ਤਕਾਜ਼ਾ ਹੈ ਭੂਗੋਲ ਨੂੰ ਸਮਝਣਾ। ਸੱਚ ਤਾਂ ਇਹ ਹੈ ਕਿ ਮੈਂ ਕਦੇ ਆਪਣੇ ਘਰ ਤੋਂ ਸਿਰਫ਼ ਦੋ ਬਲਾਕ ਦੂਰ ਸਥਿਤ ਅਮਰੀਕੀ ਸਰਕਾਰ ਦੀ ਮਲਕੀਅਤ ਵਾਲੇ ਗਰਾਜ ਵੱਲ ਧਿਆਨ ਨਹੀਂ ਸੀ ਦਿੱਤਾ। ਹੁਣ ਮੈਂ ਉਸਦੀ ਪੂਰੀ ਘੋਖ ਕਰਾਂਗੀ। ਕਾਊਂਟੀ ਜੀਆਈਐੱਸ ਨਕਸ਼ੇ, ਜ਼ੋਨਿੰਗ ਬੋਰਡ ਦੇ ਅਜੰਡੇ, ਸ਼ੈਰਿਫ਼ ਦੇ ਠੇਕੇ—ਇਹ ਸਭ ਜਨਤਕ ਤੌਰ ’ਤੇ ਉਪਲਬਧ ਹਨ। ਤੁਹਾਡੇ ਨੇੜੇ ਕਿਹੜੀਆਂ ਚੌਕੋਰ ਇੱਟਾਂ ਵਾਲੀਆਂ ਇਮਾਰਤਾਂ ਫੈਡਰਲ ਜੇਲ੍ਹਾਂ, ਲਾਕਅੱਪ, ‘ਪ੍ਰੋਸੈਸਿੰਗ ਸੈਂਟਰ’ ਜਾਂ ਆਈਸੀਈ ਦੇ ਅੱਡੇ ਸਰਕਾਰੀ ਜਾਇਦਾਦ ਹਨ? ਕਿਨ੍ਹਾਂ ਨੂੰ ਨਿੱਜੀ ਕੰਪਨੀਆਂ—ਜਿਵੇਂ ਜੀਈਓ—ਵੱਲੋਂ ਰਾਜ ਜਾਂ ਫੈਡਰਲ ਠੇਕਿਆਂ ਦੇ ਤਹਿਤ ਚਲਾਇਆ ਜਾ ਰਿਹਾ ਹੈ? ਉਨ੍ਹਾਂ ਸਮਝੌਤਿਆਂ ਨੂੰ ਮਨਜ਼ੂਰੀ ਕਿਸ ਨੇ ਦਿੱਤੀ, ਅਤੇ ਤੁਹਾਨੂੰ ਦੱਸਿਆ ਕੀ ਗਿਆ ਕਿ ਤੁਹਾਨੂੰ ਕੀ ਦਿੱਤਾ ਜਾ ਰਿਹਾ ਹੈ—’ਰੋਜ਼ਗਾਰ’, ‘ਆਰਥਕ ਵਿਕਾਸ’, ਜਾਂ ‘ਜਨਤਕ ਸੁਰੱਖਿਆ’?

ਨਿਊਯਾਰਕ ਅਤੇ ਸ਼ਿਕਾਗੋ ਵਰਗੇ ਸ਼ਹਿਰਾਂ ਦੇ ਬਾਸ਼ਿੰਦੇ ਜੋ ਨਿਗਰਾਨੀ ਬਾਰੇ ਜਾਗਰੂਕ ਹਨ, ਉਹ ਆਈਸੀਈ ਅਤੇ ਉਸਦੇ ਲੋਕਾਂ ਨੂੰ ਦਬੋਚਣ ਵਾਲੇ ਫ਼ੌਜੀ ਤਿਆਰੀ ਵਾਲੇ ਦਸਤਿਆਂ ਉੱਪਰ ਦਬਾਅ ਬਣਾਈ ਰੱਖਣ ਲਈ ਵਧੀਆ ਕੰਮ ਕਰ ਰਹੇ ਹਨ। ਪਰ ਲੋਕਾਂ ਨੂੰ ਚੁੱਪ-ਚੁਪ, ਬੇਖ਼ਬਰ, ਪਿੰਡਾਂ ਦੀਆਂ ਅਜਿਹੀਆਂ ਥਾਵਾਂ ’ਤੇ ਲਿਜਾਇਆ ਜਾ ਰਿਹਾ ਹੈ—ਉਹ ਥਾਵਾਂ ਜਿਨ੍ਹਾਂ ਨੂੰ ਸ਼ਹਿਰੀ ਲੋਕ ਬਹੁਤ ਸਮੇਂ ਤੋਂ ਨਜ਼ਰਅੰਦਾਜ਼ ਕਰਦੇ ਰਹੇ ਹਨ। ਹੁਣ ਇਸ ਨੂੰ ਬਦਲਣ ਦਾ ਸਮਾਂ ਆ ਗਿਆ ਹੈ, ਇਸ ਤੋਂ ਪਹਿਲਾਂ ਕਿ ਅਮਰੀਕਾ ਆਪਣੇ ਚਲਾਕੀ ਨਾਲ ਲੁਕੋਏ ਗੁਪਤ ਨਜ਼ਰਬੰਦੀ ਕੈਂਪਾਂ ਦਾ ਹੋਰ ਵਧਾਰਾ-ਪਸਾਰਾ ਕਰ ਲਵੇ।

# ਮਿਹਨਤਾਨੇ ਵਿਚ ਲਿੰਗ ਅਧਾਰਿਤ ਵਿਕਤਰਾ: ਵਿਚਾਰਨ ਯੋਗ ਨੁਕਤੇ

ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਜਾਂ ਮਜ਼ਦੂਰੀ ਹਰ ਕਰਮਚਾਰੀ/ਮਜ਼ਦੂਰ ਦਾ ਕਾਨੂੰਨੀ ਅਤੇ ਮਨੁੱਖੀ ਅਧਿਕਾਰ ਹੈ। ਨਿਜੀ ਅਦਾਰਿਆਂ, ਅਸੰਗਠਿਤ ਖੇਤਰ ਜਾਂ ਗ਼ੈਰ ਸਰਕਾਰੀ ਖੇਤਰ ਵਿਚ ਰੰਗ, ਨਸਲ ਜਾਂ ਕਿਸੇ ਵੀ ਹੋਰ ਪੱਖ ਨੂੰ ਲੈ ਕੇ ਆਨੇ-ਬਹਾਨੇ ਇਨ੍ਹਾਂ ਅਦਾਇਗੀਆਂ ਵਿਚ ਪੱਖਪਾਤ ਕੀਤਾ ਜਾਂਦਾ ਹੈ। ਜਦੋਂ ਕਰਮਚਾਰੀ ਜਾਂ ਮਜ਼ਦੂਰ ਦੀ ਅਦਾਇਗੀ ਵਿਚਾਲੇ ਵਿਤਕਰਾ ਉਸਦੇ ਮਰਦ ਜਾਂ ਔਰਤ ਹੋਣ ਕਾਰਨ ਹੋਵੇ ਤਾਂ ਇਸ ਨੂੰ ਲਿੰਗ ਅਧਾਰਿਤ ਅਦਾਇਗੀਆਂ ਵਿਚ ਵਿਤਕਰਾ ਕਹਾਂਗੇ। ਅਮਰੀਕਾ, ਕੈਨੇਡਾ ਅਤੇ ਸਾਰੇ ਹੋਰ ਵਿਕਸਿਤ ਦੇਸ਼ਾਂ ਵਿਚ ਲਿੰਗ ਆਧਾਰਿਤ ਵਿਤਕਰਾ ਆਮ ਵਰਤਾਰਾ ਹੈ। ਔਰਤਾਂ ਦੀ ਸਾਖਰਤਾ ਦਰ ਵਧਣ

ਕੰਵਲਜੀਤ ਕੌਰ ਗਿੱਲ
ਫੋਨ: 98551-22857

ਕਾਰਨ ਉਨ੍ਹਾਂ ਦੀ ਰੁਜ਼ਗਾਰ ਵਿਚ ਸ਼ਮੂਲੀਅਤ ਵੱਧ ਰਹੀ ਹੈ। ਅਜੋਕੇ ਸਮੇਂ ਵਿਚ ਔਰਤਾਂ ਉਨ੍ਹਾਂ ਕਿੱਤਿਆਂ ਤੇ ਖਿੱਤਿਆਂ ਵਿਚ ਵੀ ਰੁਜ਼ਗਾਰ ਪ੍ਰਾਪਤ ਕਰ ਰਹੀਆਂ ਹਨ ਜਿਹੜੇ ਕਿਸੇ ਸਮੇਂ ਕੇਵਲ ਮਰਦਾਂ ਲਈ ਹੀ ਰਾਖਵੇਂ ਸਨ। ਪਰੰਤੂ ਔਰਤਾਂ ਨੂੰ ਹੋਣ ਵਾਲੀ ਕੁੱਲ ਕਮਾਈ ਮਰਦਾਂ ਨਾਲੋਂ ਹਰ ਪੱਖੋਂ ਘੱਟ ਮਿਲਦੀ ਹੈ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ILO) ਦੇ ਅਨੁਸਾਰ 2022 ਵਿਚ ਵਿਸ਼ਵ ਪੱਧਰ ਤੇ 90.6% ਮਰਦਾਂ ਦੇ ਮੁਕਾਬਲੇ 61.4% ਔਰਤਾਂ ਕੰਮ ਕਾਜੀ ਸਨ। ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਪ੍ਰਤੀ ਡਾਲਰ ਹੋਣ ਵਾਲੀ ਔਸਤਨ ਅਦਾਇਗੀ 78-79 ਸੈਂਟ ਤੋਂ ਲੈ ਕੇ 81-82 ਸੈਂਟ ਤੱਕ ਸੀ। ਪਿਛਲੇ ਦੋ ਦਹਾਕਿਆਂ ਦੌਰਾਨ ਅਤੇ ਖਾਸ ਕਰਕੇ ਕੋਵਿਡ- 19 ਦੀ ਮਹਾਂਮਾਰੀ ਤੋਂ ਬਾਅਦ ਇਨ੍ਹਾਂ ਅਦਾਇਗੀਆਂ ਵਿਚ ਪਾੜਾ ਹੋਰ ਵੀ ਵਧਿਆ ਹੈ। ਕੀ ਕਾਰਨ ਹਨ ਕਿ ਹੁਨਰਮੰਦ ਅਤੇ ਸਿੱਖਿਅਤ ਹੋਣ ਦੇ ਬਾਵਜੂਦ ਨਿਜੀ ਕੰਪਨੀਆਂ ਜਾਂ ਗੈਰ ਸਰਕਾਰੀ ਖੇਤਰਾਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਕੀਤੀ ਜਾਂਦੀ ਅਦਾਇਗੀ ਘੱਟ ਹੈ? ਉੱਚ ਅਹੁਦਿਆਂ ਅਤੇ ਲੀਡਰਸ਼ਿਪ ਦੇ ਰੋਲ ਵਿਚ ਵੀ ਔਰਤਾਂ ਦੀ ਨੁਮਾਇੰਦਗੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ। ਕੀ ਇਹ ਰੁਝਾਨ ਸਾਡੀ ਮਰਦ ਪ੍ਰਧਾਨ ਸਮਾਜ ਦੀ ਮਾਨਸਿਕ ਸੋਚ ਹੈ ਜਾਂ ਸਮਾਜਿਕ ਪਰੰਪਰਾਵਾਦੀ ਵਰਤਾਰਾ, ਜਿਸ ਤਹਿਤ ਔਰਤ ਕੋਲੋਂ ਖਾਸ ਪ੍ਰਕਾਰ ਦੀਆਂ ਸਮਾਜਿਕ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਦੀ ਆਸ ਕੀਤੀ ਜਾਂਦੀ ਹੈ?

ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (IIM) ਅਹਿਮਦਾਬਾਦ ਨੇ 2022 ਵਿਚ 200 ਕੰਪਨੀਆਂ ਦਾ ਔਰਤਾਂ ਦੇ ਸਰਵਉੱਚ ਅਹੁਦਿਆਂ 'ਤੇ ਪਹੁੰਚਣ ਵਿਚ ਆਉਂਦੀਆਂ ਰੁਕਾਵਟਾਂ ਬਾਰੇ ਅਧਿਐਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ 200 ਕੰਪਨੀਆਂ ਵਿਚ ਕੇਵਲ 76 ਔਰਤਾਂ ਉੱਚ ਅਹੁਦਿਆਂ 'ਤੇ ਸਨ। ਉਨ੍ਹਾਂ ਵਿਚੋਂ 21 ਕੰਪਨੀਆਂ ਵਿਚ ਕੇਵਲ ਇੱਕ ਔਰਤ ਇਸ ਸੀਟ ਉੱਪਰ ਸੀ। ਕੇਵਲ 7% ਔਰਤਾਂ ਸੀਨੀਅਰ ਮੈਨੇਜਮੈਂਟ ਦੇ ਰੋਲ ਵਿਚ ਸਨ। ਅਦਿੱਖ ਰੋਕਾਂ (Glass Ceiling) ਤੋੜਨ ਦੇ ਬਾਵਜੂਦ ਉਹ ਬਰਾਬਰ ਕੰਮ ਬਦਲੇ ਬਰਾਬਰ ਦੀ ਤਨਖਾਹ ਦਾ ਸੰਕਲਪ ਹਾਸਲ ਨਹੀਂ ਕਰ ਸਕੀਆਂ। ਪਿਰਿਆਡਿਕ ਲੇਬਰ ਫੋਰਸ ਸਰਵੇ (PLFS) 2022-23 ਅਨੁਸਾਰ ਭਾਰਤ ਵਿਚ ਮਰਦਾਂ ਨੂੰ ਮਿਲਦੇ 100 ਰੁਪਏ ਦੇ ਮੁਕਾਬਲੇ ਔਰਤਾਂ ਨੂੰ 61 ਰੁਪਏ ਦੀ ਅਦਾਇਗੀ ਹੁੰਦੀ ਹੈ। ਅਮਰੀਕਾ ਦੀ ਵਿਤੀ ਮਾਹਿਰ ਅਲੈਕਸ ਗੈਲੀ (Alex Gailey) ਨੇ ਬੈਂਕਰੇਟ ਅਨੈਲਿਸਿਸ ਲਈ 2022-24 ਵਿਚ ਕੀਤੇ ਅਧਿਐਨ ਵਿਚ ਖੁਲਾਸਾ ਕੀਤਾ ਹੈ ਕਿ ਇਥੇ ਮਰਦਾਂ ਨੂੰ ਮਿਲਣ ਵਾਲੇ ਪ੍ਰਤੀ ਡਾਲਰ ਪਿੱਛੇ ਔਰਤਾਂ ਨੂੰ 81 ਸੈਂਟ ਮਿਲਦੇ ਹਨ। ਗੂੜ੍ਹੇ ਰੰਗ, ਕਾਲੇ ਜਾਂ ਭੂਰੇ ਰੰਗ, ਦੀਆਂ ਔਰਤਾਂ ਨੂੰ 67 ਸੈਂਟ ਅਤੇ ਹਿਸਪੈਨਿਕ ਔਰਤਾਂ ਨੂੰ ਕੇਵਲ 58 ਸੈਂਟ ਮਿਲਦੇ ਹਨ। ਕਨੇਡਾ ਦੇ ਲੇਬਰ ਫੋਰਸ ਸਰਵੇ 2021-22 ਦੇ ਅਨੁਸਾਰ ਭਾਵੇਂ ਰੁਜ਼ਗਾਰ ਵਿਚ ਔਰਤਾਂ ਦੀ ਸ਼ਮੂਲੀਅਤ ਵਿਚ 2011 ਤੋਂ 2021 ਤੱਕ ਵਾਧਾ ਦਰਜ ਕੀਤਾ ਗਿਆ ਹੈ ਪਰ ਇੱਥੇ ਵੀ ਪ੍ਰਤੀ ਘੰਟਾ ਔਰਤ ਦੀ ਕਮਾਈ 30.57 ਡਾਲਰ ਹੈ ਜਦੋਂ ਕਿ ਮਰਦ 35 ਤੋਂ 36 ਡਾਲਰ ਕਮਾਉਂਦਾ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਤਨਖਾਹ ਅਤੇ ਮਜ਼ਦੂਰੀ ਵਿਚ ਅਦਾਇਗੀਆਂ ਵਿਚ ਲਿੰਗ ਅਧਾਰਤ ਵਖਰੇਵੇਂ ਦਾ ਮੁੱਖ ਕਾਰਨ ਹੈ ਔਰਤਾਂ ਦੁਆਰਾ ਵਧੇਰੇ ਕਰਕੇ ਚੁਣੇ ਜਾਂਦੇ ਖਾਸ ਪ੍ਰਕਾਰ ਦੇ ਖੇਤਰ, ਜਿੱਥੇ ਦੂਜੇ ਖੇਤਰਾਂ ਦੇ ਮੁਕਾਬਲੇ ਪੇ-ਸਕੇਲ ਭਾਵੇਂ ਘੱਟ ਹਨ ਪਰ ਉਹ ਕਿੱਤੇ ਉਨ੍ਹਾਂ ਦੀ ਪਰਿਵਾਰਕ ਜਿੰਦਗੀ ਵਿਚ ਰੁਕਾਵਟ ਨਾ ਬਣਦੇ ਹੋਣ। ਜਿਵੇਂ ਅਧਿਆਪਨ ਕਾਰਜ, ਨਰਸਿੰਗ, ਦੇਖਭਾਲ ਦੀਆਂ ਸੇਵਾਵਾਂ ਆਦਿ। ਪਿਛਲੇ ਕੁਝ ਸਮੇਂ ਤੋਂ ਭਾਰਤ ਵਿਚ ਖੇਤੀਬਾੜੀ ਖੇਤਰ, ਘਰੇਲੂ-ਛੋਟੇ-ਦਰਮਿਆਨੇ ਅਤੇ ਮੁੱਢਲੇ ਉਦਯੋਗ ਅਤੇ ਨਿਰਮਾਣ ਦੇ ਖੇਤਰ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵੱਧ ਰਹੀ ਹੈ। ਕੈਨੇਡਾ ਵਿਚ ਵੱਡੇ ਉਦਯੋਗ, ਭਵਨ ਨਿਰਮਾਣ ਤੇ ਮਾਹਿਰ ਡਾਕਟਰਾਂ ਵਿਚ 14% ਮਰਦਾਂ ਦੇ ਮੁਕਾਬਲੇ ਕੇਵਲ 3% ਔਰਤਾਂ ਹਨ। ਜਿੱਥੇ ਪ੍ਰਤੀ ਘੰਟਾ ਉਜਰਤ 35 ਤੋਂ 45 ਡਾਲਰ ਤੱਕ ਹੈ। ਦੂਜੇ ਪਾਸੇ ਸਿਹਤ ਸੇਵਾਵਾਂ, ਮੁੱਖ ਡੈਸਕ ਤੇ ਬੈਠਣਾ ਜਾਂ ਰਿਸੈਪਸ਼ਨਿਸਟ ਦਾ ਕੰਮ ਅਤੇ ਹੋਰ ਸਮਾਜਿਕ ਸੇਵਾਵਾਂ ਜਿਵੇਂ ਬਜ਼ੁਰਗਾਂ ਦੀ ਦੇਖਭਾਲ, ਸਾਫ-ਸਫਾਈ ਦਾ ਕੰਮ ਆਦਿ, ਇਨ੍ਹਾਂ ਕਿੱਤਿਆਂ ਵਿਚ 14% ਔਰਤਾਂ ਦੇ ਮੁਕਾਬਲੇ 2% ਮਰਦ ਹਨ। ਇੱਥੇ ਪ੍ਰਤੀ ਘੰਟਾ ਆਮਦਨ ਜਾਂ ਕਮਾਈ 24-25 ਡਾਲਰ ਹੈ। ਅਰਥਾਤ ਵਧੇਰੇ ਕਮਾਈ ਵਾਲੇ ਕਿੱਤਿਆਂ ਵਿਚ ਮਰਦਾਂ ਦਾ ਅਨੁਪਾਤ ਜ਼ਿਆਦਾ ਹੈ। ਦੂਜਾ, ਕੰਪਨੀਆਂ ਵਿਚ ਅਦਾਇਗੀ ਦਾ ਸਿਸਟਮ ਪਾਰਦਰਸ਼ੀ ਨਾ ਹੋਣ ਕਾਰਨ ਇਕੋ ਸਥਾਨ ਤੇ ਬਰਾਬਰ ਦਾ ਕੰਮ ਕਰਨ ਤੇ ਵੀ ਉਜਰਤ ਦਾ ਵਖਰੇਵਾਂ ਹੈ। ਤੀਜਾ ਵੱਡਾ ਕਾਰਨ ਹੈ ਕਿ ਔਰਤਾਂ ਨੂੰ ਆਪਣੀ ਕੰਮਕਾਜੀ ਥਾਵਾਂ ਤੇ ਕਾਰਜਕੁਸ਼ਲਤਾ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਵਿਚ ਤਾਲਮੇਲ ਰੱਖਣਾ ਪੈਂਦਾ ਹੈ। ਛੋਟੇ ਬੱਚਿਆਂ ਅਤੇ ਘਰ ਦੇ ਬਜ਼ੁਰਗਾਂ ਦੀ ਦੇਖਭਾਲ ਕਰਨਾ ਮੁੱਖ ਤੌਰ ਤੇ ਔਰਤ ਦੀ ਜ਼ਿੰਮੇਵਾਰੀ ਮੰਨੀ ਜਾਂਦੀ ਹੈ। ਇਸ ਲਈ ਆਪਣੇ ਕੈਰੀਅਰ ਵਿਚ ਅੱਗੇ ਵਧਣ ਵਾਸਤੇ ਬਹੁਤੀ ਵਾਰ ਔਰਤ ਨੂੰ ਆਪਣੀ ਪ੍ਰੋਮੋਸ਼ਨ ਨੂੰ ਵੀ




ਠੁਕਰਾਉਣਾ ਪੈਂਦਾ ਹੈ। ਚੌਥਾ, ਔਰਤ ਨੂੰ ਸਭ ਤੋਂ ਵਧੇਰੇ ਨੁਕਸਾਨ ਉਸ ਵੇਲੇ ਹੁੰਦਾ ਹੈ ਜਦੋਂ ਉਹ ਮਾਂ ਬਣਨ ਦੀ ਸਮਾਜਿਕ ਅਤੇ ਪਰਿਵਾਰਿਕ ਜ਼ਿੰਮੇਵਾਰੀ ਨਿਭਾਉਂਦੀ ਹੈ। ਸ਼ੁਰੂ ਵਿਚ ਨੌਜਵਾਨ ਅਤੇ ਅਣਵਿਆਹੀਆਂ ਕੁੜੀਆਂ ਜਦੋਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਹੁੰਦੀਆਂ ਹਨ ਤਾਂ ਇਹ ਪਾੜਾ ਘੱਟ ਹੁੰਦਾ ਹੈ। ਪਰ ਜਿਉਂ-ਜਿਉਂ ਉਮਰ ਵੱਧਦੀ ਹੈ ਅਤੇ ਉਹ ਵਿਆਹ/ਸ਼ਾਦੀ ਉਪਰੰਤ ਪਰਿਵਾਰਕ ਜ਼ਿੰਮੇਵਾਰੀਆਂ ਵਿਚ ਪੈਂਦੀਆਂ ਹਨ ਤਾਂ ਇਹ ਵਿਤਕਰਾ ਵਧਣਾ ਸ਼ੁਰੂ ਹੋ ਜਾਂਦਾ ਹੈ। ਇਸ ਨੂੰ 'ਮਾਤ੍ਰੀਤਵ ਹਰਜਾਨਾ' (Motherhood Panelty) ਕਿਹਾ ਜਾਂਦਾ ਹੈ। ਬੱਚੇ ਨੂੰ ਜਨਮ ਦੇਣਾ ਤੇ ਮੁੱਢਲੀ ਦੇਖਭਾਲ ਦੌਰਾਨ ਉਹ ਮਰਦਾਂ ਨਾਲੋਂ ਤਿੰਨ ਚਾਰ ਸਾਲ ਆਪਣੇ ਕੈਰੀਅਰ ਵਿਚ ਵੀ ਪਿੱਛੇ ਰਹਿ ਜਾਂਦੀਆਂ ਹਨ।

ਕੋਵਿਡ-19 ਦੀ ਮਹਾਂਮਾਰੀ ਤੋਂ ਬਾਅਦ ਕੰਮ ਕਰਨ ਦੇ ਤਰੀਕੇ ਅਤੇ ਤਰਤੀਬ ਵਿਚ ਤਬਦੀਲੀ ਆਈ ਹੈ। ਇਸ ਨਾਲ ਘਰੋਂ ਕੰਮ ਕਰਨਾ, ਮਰਜ਼ੀ ਦੀ ਸ਼ਿਫਟ ਜਾਂ ਦਫਤਰ ਦੀ ਬਰਾਂਚ ਆਦਿ ਬਾਰੇ ਆਪਣੀ ਸਹੂਲਤ ਅਨੁਸਾਰ ਕੰਮ ਕਰਨ ਦੀ ਸੁਵਿਧਾ ਪ੍ਰਾਪਤ ਹੋ ਗਈ ਸੀ। ਇਹ ਪ੍ਰਣਾਲੀ ਜਾਂ ਸਿਸਟਮ ਮੈਨੇਜਮੈਂਟ ਅਤੇ ਵਰਕਰ ਦੋਹਾਂ ਨੂੰ ਰਾਸ ਆਈ ਹੈ। ਇਸ ਲਈ ਮਰਦਾਂ ਦੇ ਮੁਕਾਬਲੇ ਔਰਤਾਂ ਪਾਰਟ ਟਾਈਮ ਕੰਮ ਨੂੰ ਤਰਜੀਹ ਦੇਣ ਲੱਗੀਆਂ ਹਨ। ਔਰਤ ਦਾ ਰੁਜ਼ਗਾਰ ਵਿਚ ਹੋਣਾ ਨਾ ਕੇਵਲ ਆਪਣੇ ਨਿਜੀ ਪਰਿਵਾਰ ਲਈ ਸਗੋਂ ਸਮੁੱਚੇ ਸਮਾਜ ਅਤੇ ਦੇਸ਼ ਲਈ ਵੀ ਲਾਹੇਵੰਦ ਹੈ। ਔਰਤ ਦੀ ਇਸ ਦੇਣ ਨੂੰ ਪਹਿਚਾਣਦੇ ਹੋਏ ਹੀ ਕਨੇਡਾ ਦੀ ਫੈਡਰਲ ਸਰਕਾਰ ਨੇ 2021 ਦੀਆਂ ਚੋਣਾਂ ਤੋਂ ਬਾਅਦ ਔਰਤਾਂ ਨੂੰ ਸੰਬੋਧਿਤ ਕੁਝ ਠੋਸ ਕਦਮ ਚੁੱਕੇ ਸਨ। ਜਿਨ੍ਹਾਂ ਨੂੰ ਫੈਮਲੀ ਫਰੈਂਡਲੀ ਪਾਲਸੀਆਂ ਕਿਹਾ ਜਾਂਦਾ ਹੈ। ਜ਼ਰੂਰਤਮੰਦ ਔਰਤਾਂ ਨੂੰ ਪ੍ਰਤੀ ਬੱਚਾ ਭੱਤਾ ਦੇਣ ਦੀ ਦਾ ਵੀ ਉਨ੍ਹਾਂ ਪ੍ਰਬੰਧ ਕੀਤਾ ਹੋਇਆ ਹੈ। ਕਈ ਮੁਲਕਾਂ ਵਿਚ ਕੰਮਕਾਜੀ ਥਾਵਾਂ ਉੱਤੇ ਹੀ ਨਵੀਆਂ ਬਣੀਆਂ ਮਾਵਾਂ ਦੇ ਬੱਚਿਆਂ ਦੀ ਸਾਂਭ ਸੰਭਾਲ ਲਈ ਕਰੈੱਸ਼ ਹੁੰਦੇ ਹਨ। ਉਸ ਤੋਂ ਬਾਅਦ ਦੋ ਤੋਂ ਚਾਰ ਸਾਲਾਂ ਤੱਕ ਦੇ ਬੱਚਿਆਂ ਲਈ ਸਕੂਲ ਤੋਂ ਪਹਿਲਾਂ ਤੇ ਸਕੂਲ ਤੋਂ ਬਾਅਦ ਦੇਖ-ਰੇਖ ਦੀ ਵਿਵਸਥਾ ਵੀ ਹੈ। ਅਮਰੀਕਾ ਵਿਚ ਬਹੁਤੀਆਂ ਮਾਵਾਂ ਨੂੰ ਇਹੋ ਜਿਹੀਆਂ ਸਹੂਲਤਾਂ ਨਾਂਹ ਦੇ ਬਰਾਬਰ ਹੀ ਪ੍ਰਾਪਤ ਹਨ।

ਰੁਜ਼ਗਾਰ ਦੇ ਮੌਕਿਆਂ ਦੀ ਅਣਹੋਂਦ ਕਾਰਨ ਔਰਤਾਂ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਹੋ ਰਹੀਆਂ ਹਨ। ਭਾਰਤ ਦੇ ਪਿਰਿਆਡਕ ਲੇਬਰ ਫੋਰਸ ਸਰਵੇ (Periodic Labour Force Survey) 2022-23 ਦੇ ਅਨੁਸਾਰ ਕੁਲ ਕੰਮ ਕਾਜੀ ਔਰਤਾਂ ਵਿਚੋਂ 65.3% ਔਰਤਾਂ ਸਵੈ ਰੁਜ਼ਗਾਰ ਵਿਚ ਸਨ। ਇਹ ਅਨੁਪਾਤ ਵੱਧ ਕੇ 2023-24 ਵਿਚ 67.4% ਹੋ ਗਿਆ ਸੀ। ਰੈਗੂਲਰ ਰੁਜ਼ਗਾਰ ਵਿਚ ਕੇਵਲ 16% ਅਤੇ ਕੈਯੂਅਲ ਰੁਜ਼ਗਾਰ ਵਿਚ 16.6% ਔਰਤਾਂ ਸਨ। ਕੁਲ ਕੰਮ ਕਾਜੀ ਔਰਤਾਂ ਵਿਚੋਂ 61.2% ਔਰਤਾਂ ਗੈਰ-ਰਸਮੀ ਖੇਤਰ ਵਿਚ ਸਨ।

ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਐਲਾਨਨਾਮੇ 1948 ਅਨੁਸਾਰ, ਬਰਾਬਰ ਕੰਮ ਬਦਲੇ ਬਰਾਬਰ ਤਨਖਾਹ/ਮਜ਼ਦੂਰੀ, ਹਰੇਕ ਵਿਅਕਤੀ ਦਾ ਮੁੱਢਲਾ ਅਧਿਕਾਰ ਹੈ। ਇਸ ਐਲਾਨਨਾਮੇ ਤੇ ਭਾਰਤ ਸਰਕਾਰ ਵੱਲੋਂ ਦਸਤਖਤ ਕੀਤੇ ਹੋਏ ਹਨ। ਇਸੇ ਕਰਕੇ ਦੇਸ਼ ਵਿਚ ਬਰਾਬਰ ਮਿਹਨਤਾਨਾ ਐਕਟ (Equal Remueration Act) 1976, ਬਣਾਇਆ ਗਿਆ ਸੀ। ਬਾਅਦ ਵਿਚ 2019 ਵਿਚ ਇਸ ਨੂੰ ਕੋਡ ਆਨ ਵੇਜਿਜ਼ (Code on Wages) ਦੇ ਰੂਪ ਵਿਚ ਲਿਆਂਦਾ ਗਿਆ। ਇਸ ਦੇ ਆਰਟੀਕਲ 39 ਡੀ, ਅਨੁਸਾਰ ਕਿਸੇ ਨਾਲ ਵੀ ਮਿਹਨਤਾਨੇ ਵਿਚ ਲਿੰਗ ਅਧਾਰਿਤ ਵਿਕਤਰਾ ਨਹੀਂ ਕੀਤਾ ਜਾ ਸਕਦਾ। ਇਵੇਂ ਹੀ ਮਨਰੇਗਾ ਸਕੀਮ ਤਹਿਤ ਪੇਂਡੂ ਖੇਤਰ ਵਿਚ ਚੱਲ ਰਹੇ ਕੰਮਕਾਜ ਲਈ ਮਰਦ-ਔਰਤ ਨੂੰ ਬਰਾਬਰ ਦਿਹਾੜੀ ਮਿਲਦੀ ਹੈ। ਸਕਿਲ ਇੰਡੀਆ ਮਿਸ਼ਨ ਦਾ ਮਕਸਦ ਵੀ ਇਹੀ ਹੈ ਕਿ ਔਰਤਾਂ ਨੂੰ ਵੱਖ-ਵੱਖ ਪ੍ਰਕਾਰ ਦੀ ਕਿੱਤਾ ਸਿਖਲਾਈ ਪ੍ਰਦਾਨ ਕੀਤੀ ਜਾਵੇ ਤਾਂ ਕਿ ਔਰਤ ਮਰਦਾਂ ਦੀ ਕੁੱਲ ਕਮਾਈ ਵਿਚ ਪਾੜਾ ਘਟਾਇਆ ਜਾ ਸਕੇ। ਇਸ ਲਈ ਨੀਤੀ-ਘਾੜਿਆਂ ਅਤੇ ਕਾਰੋਬਾਰੀਆਂ ਨੂੰ ਚਾਹੀਦਾ ਹੈ ਕਿ ਉਹ, ਪਹਿਲਾ- ਔਰਤਾਂ ਨੂੰ ਘੱਟ ਕਮਾਈ ਵਾਲੇ ਕਿੱਤਿਆਂ ਵਿਚੋਂ ਕੱਢ ਕੇ ਮਰਦਾਂ ਵਾਂਗ ਵਧੇਰੇ ਕਮਾਈ ਵਾਲੇ ਕਿੱਤਿਆਂ ਵਿਚ ਵੀ ਰੁਜ਼ਗਾਰ ਮੁਹੱਈਆ ਕਰਵਾਉਣ। ਦੂਜਾ- ਸਾਰੇ ਕਰਮਚਾਰੀਆਂ ਨੂੰ ਹੋਣ ਵਾਲੀਆਂ ਅਦਾਇਗੀਆਂ ਦੀ ਕਾਰਜਪ੍ਰਣਾਲੀ ਪਾਰਦਰਸ਼ੀ ਹੋਵੇ। ਤੀਜਾ- ਕੰਮਕਾਜੀ ਔਰਤਾਂ ਦੇ ਛੋਟੇ ਬੱਚਿਆਂ ਦੀ ਦੇਖਭਾਲ ਕਰਨ ਅਤੇ ਬਜ਼ੁਰਗਾਂ ਦੀ ਸਾਂਭ ਸੰਭਾਲ ਦੀ ਸਹੂਲਤ ਕਨੇਡਾ ਵਾਂਗ ਭਾਰਤੀ ਔਰਤਾਂ ਨੂੰ ਵੀ ਉਪਲਬਧ ਹੋਵੇ। ਚੌਥਾ- ਉਨ੍ਹਾਂ ਰੁਕਾਵਟਾਂ/ ਬੰਦਿਸ਼ਾਂ ਨੂੰ ਦੂਰ ਕੀਤਾ ਜਾਵੇ ਜਿਹੜੀਆਂ ਔਰਤਾਂ ਨੂੰ ਕੰਮ ਕਾਜ ਦੌਰਾਨ ਪਦ-ਉਨਤੀ ਜਾਂ ਪ੍ਰੋਮੋਸ਼ਨ ਦੇ ਰਸਤੇ ਵਿਚ ਰੁਕਾਵਟ ਬਣਦੀਆਂ ਹਨ। ਇਸ ਵਾਸਤੇ ਔਰਤਾਂ ਪ੍ਰਤੀ ਪੱਖਪਾਤੀ ਨਜ਼ਰੀਏ ਅਤੇ ਮਾਨਸਿਕਤਾ ਨੂੰ ਬਦਲਣਾ ਜਰੂਰੀ ਹੈ। ਪੰਜਵਾਂ- ਔਰਤਾਂ ਨੂੰ ਤਨਖਾਹ ਸਮੇਤ ਪਰਸੂਤੀ ਛੁੱਟੀ ਦੀ ਵਿਵਸਥਾ ਸਰਕਾਰੀ ਅਦਾਰਿਆਂ ਦੀ ਤਰਜ਼ ਤੇ, ਨਿਜੀ ਅਦਾਰਿਆਂ ਵਿਚ ਵੀ ਲੈਣ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ। ਇਸ ਸਾਰੇ ਕੁਝ ਵਾਸਤੇ ਸਰਕਾਰੀ ਖੇਤਰ ਨੂੰ ਪ੍ਰਫੁੱਲਿਤ ਕਰਨਾ ਵਧੇਰੇ ਲਾਭਦਾਇਕ ਹੋਵੇਗਾ। ਕਿਉਂਕਿ ਸਰਕਾਰੀ ਅਦਾਰਿਆਂ ਅਤੇ ਵਿਦਿਅਕ ਸੰਸਥਾਵਾਂ ਵਿਚ ਰੁਜ਼ਗਾਰ ਪ੍ਰਾਪਤ ਵਿਅਕਤੀਆਂ ਲਈ ਕਿਸੇ ਪ੍ਰਕਾਰ ਦਾ ਮਿਹਨਤਾਨੇ ਜਾਂ ਤਨਖਾਹਾਂ ਵਿਚ ਲਿੰਗ ਅਧਾਰਿਤ ਵਿਤਕਰਾ ਨਹੀਂ ਹੁੰਦਾ। ਇਥੇ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਮਿਲਦੀ ਹੈ।

ਇਸ ਵਾਸਤੇ ਜਰੂਰੀ ਹੈ ਔਰਤਾਂ ਨੂੰ ਆਪਣੇ ਹੱਕਾਂ ਦੀ ਪੂਰਨ ਜਾਣਕਾਰੀ ਹੋਵੇ। ਕਾਨੂੰਨੀ ਵਿਵਸਥਾ ਦਾ ਗਿਆਨ ਹੋਵੇ ਅਤੇ ਆਪਣੇ ਹੱਕਾਂ ਪ੍ਰਾਪਤੀ ਵਾਸਤੇ ਆਵਾਜ਼ ਬੁਲੰਦ ਕਰਨ ਦੀ ਸਮਰੱਥਾ ਹੋਵੇ। ਇਸ ਲਈ ਮਾਨਸਿਕ ਅਤੇ ਇਖਲਾਕੀ ਤੌਰ ਤੇ ਯੂਨਿਟ ਵਿਚ ਕੰਮ ਕਰਦੇ ਸਾਰੇ ਕਰਮਚਾਰੀਆਂ ਅਤੇ ਮਜ਼ਦੂਰਾਂ ਨੂੰ ਸੰਗਠਿਤ ਹੋ ਕੇ ਇਕੱਠੇ ਕੰਮ ਕਰਨਾ ਪਵੇਗਾ। ਕਿਉਂਕਿ ਰੁਜ਼ਗਾਰ ਪ੍ਰਾਪਤੀ ਅਤੇ ਮਾਣ ਮਰਿਆਦਾ ਵਾਲੀ ਜ਼ਿੰਦਗੀ ਜਿਉਣ ਦਾ ਹਰ ਇੱਕ ਵਿਅਕਤੀ ਦਾ ਮੁੱਢਲਾ ਮਨੁੱਖੀ ਅਧਿਕਾਰ ਹੈ।

# ਦੋਹੇ ਦੀ ਕਰਾਮਾਤ

ਇੱਕ ਰਾਜਾ ਕਾਫ਼ੀ ਸਮੇਂ ਤੋਂ ਰਾਜ ਭੋਗ ਰਿਹਾ ਸੀ। ਹੁਣ ਉਸਦੇ ਵਾਲ ਵੀ ਸਫੈਦ ਹੋਣ ਲੱਗ ਪਏ ਸਨ। ਇੱਕ ਦਿਨ ਉਸਨੇ ਆਪਣੇ ਦਰਬਾਰ ਵਿੱਚ ਇੱਕ ਵੱਡਾ ਉਤਸਵ ਰੱਖਿਆ ਅਤੇ ਆਪਣੇ ਗੁਰਦੇਵ ਜੀ ਅਤੇ ਦੋਸਤ ਰਾਜਿਆਂ ਨੂੰ ਸਨਮਾਨ ਸਹਿਤ ਸੱਦਾ ਦਿੱਤਾ। ਉਤਸਵ ਨੂੰ ਰੰਗੀਨ ਬਣਾਉਣ ਲਈ ਰਾਜ ਦੀ ਪ੍ਰਸਿੱਧ ਨਰਤਕੀ ਨੂੰ ਵੀ ਬੁਲਾਇਆ ਗਿਆ।

* ਰਾਜੇ ਨੇ ਕੁਝ ਸੋਨੇ ਦੀਆਂ ਮੋਹਰਾਂ ਆਪਣੇ ਗੁਰੂ ਜੀ ਨੂੰ ਦਿੱਤੀਆਂ ਤਾਂ ਜੋ ਜੇਕਰ ਉਹ ਚਾਹੁਣ ਤਾਂ ਨਰਤਕੀ ਦੇ ਸੋਹਣੇ ਗੀਤ ਅਤੇ ਨ੍ਰਿਤਯ ਤੋਂ ਖੁਸ਼ ਹੋ ਕੇ ਉਸਨੂੰ ਇਨਾਮ ਦੇ ਸਕਣ। ਸਾਰੀ ਰਾਤ ਨਾਚ-ਗਾਣਾ ਚਲਦਾ ਰਿਹਾ। ਜਦੋਂ ਬ੍ਰਹਮ ਮਹੂਰਤ ਆਇਆ ਤਾਂ ਨਰਤਕੀ ਨੇ ਵੇਖਿਆ ਕਿ ਉਸਦਾ ਤਬਲਾ ਵਜਾਉਣ ਵਾਲਾ ਊਂਘ ਰਿਹਾ ਹੈ। ਉਸਨੂੰ ਸਚੇਤ ਕਰਨ ਲਈ ਨਰਤਕੀ ਨੇ ਇੱਕ ਦੋਹਾ ਪੜ੍ਹਿਆ—

'ਬਹੁ ਬੀਤੀ, ਥੋੜੀ ਰਹੀ, ਪਲ ਪਲ ਗਈ ਬਿਤਾਇ।
ਇਕ ਪਲਕ ਦੇ ਕਾਰਣੇ, ਕਿਉਂ ਕਲੰਕ ਲੱਗ ਜਾਇ।'

* ਇਸ ਦੋਹੇ ਦੇ ਅਰਥ ਹਰ ਵਿਅਕਤੀ ਨੇ ਆਪਣੇ-ਆਪਣੇ ਹਾਲਾਤ ਅਨੁਸਾਰ ਲਏ। ਤਬਲਾ ਵਜਾਉਣ ਵਾਲਾ ਸਚੇਤ ਹੋ ਕੇ ਫਿਰ ਧਿਆਨ ਨਾਲ ਵਜਾਉਣ ਲੱਗ ਪਿਆ।

* ਜਦੋਂ ਇਹ ਗੱਲ ਗੁਰੂ ਜੀ ਦੇ ਕੰਨਾਂ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਸਾਰੀਆਂ ਮੋਹਰਾਂ ਨਰਤਕੀ ਦੇ ਅੱਗੇ ਸੁੱਟ ਦਿੱਤੀਆਂ।

*ਨਰਤਕੀ ਨੇ ਉਹੀ ਦੋਹਾ ਦੁਬਾਰਾ ਪੜ੍ਹਿਆ ਤਾਂ ਰਾਜੇ ਦੀ ਧੀ ਨੇ ਆਪਣਾ ਨੌਲੱਖਾ ਹਾਰ ਉਸਨੂੰ ਭੇਟ ਕਰ ਦਿੱਤਾ।

* ਫਿਰ ਨਰਤਕੀ ਨੇ ਉਹੀ ਦੋਹਾ ਦੁਹਰਾਇਆ ਤਾਂ ਰਾਜੇ ਦੇ ਪੁੱਤਰ, ਯੁਵਰਾਜ ਨੇ ਆਪਣਾ ਮੁਕਟ ਉਤਾਰ ਕੇ ਨਰਤਕੀ ਨੂੰ ਸਮਰਪਿਤ ਕਰ ਦਿੱਤਾ।

* ਜਦੋਂ ਨਰਤਕੀ ਨੇ ਫਿਰ ਉਹੀ ਦੋਹਾ ਦੁਹਰਾਉਣਾ ਸ਼ੁਰੂ ਕੀਤਾ ਤਾਂ ਰਾਜੇ ਨੇ ਕਿਹਾ—


'ਬੱਸ ਕਰ! ਇੱਕ ਦੋਹੇ ਨਾਲ ਤੂੰ ਵੈਸ਼ਿਆ ਹੋ ਕੇ ਵੀ ਸਭ ਨੂੰ ਲੁੱਟ ਲਿਆ ਹੈ।'

* ਇਹ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਗੁਰੂ ਜੀ ਨੇ ਕਿਹਾ—

'ਰਾਜਾ! ਇਸਨੂੰ ਵੈਸ਼ਿਆ ਨਾ ਕਹਿ। ਇਹ ਤਾਂ ਹੁਣ ਮੇਰੀ ਗੁਰੂ ਬਣ ਗਈ ਹੈ। ਇਸਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਹ ਕਹਿ ਰਹੀ ਹੈ ਕਿ ਮੈਂ ਸਾਰੀ ਉਮਰ ਸੰਜਮ ਨਾਲ ਭਗਤੀ ਕਰਦਾ ਰਿਹਾ, ਪਰ ਅੰਤ ਸਮੇਂ ਨਰਤਕੀ ਦਾ ਮੁਜਰਾ ਵੇਖ ਕੇ ਆਪਣੀ ਸਾਧਨਾ ਨਸ਼ਟ ਕਰਨ ਇੱਥੇ ਆ ਗਿਆ। ਭਰਾ! ਮੈਂ ਤਾਂ ਹੁਣ ਚਲਿਆ।'

ਇਹ ਕਹਿ ਕੇ ਗੁਰੂ ਜੀ ਆਪਣਾ ਕਰਮੰਡਲ ਚੁੱਕ ਕੇ ਜੰਗਲ ਵੱਲ ਤੁਰ ਪਏ।

*ਰਾਜੇ ਦੀ ਧੀ ਨੇ ਕਿਹਾ—




'ਪਿਤਾ ਜੀ! ਮੈਂ ਜਵਾਨ ਹੋ ਗਈ ਹਾਂ। ਤੁਸੀਂ ਅੱਖਾਂ ਬੰਦ ਕਰਕੇ ਬੈਠੇ ਰਹੇ, ਮੇਰੀ ਸ਼ਾਦੀ ਨਹੀਂ ਕਰ ਰਹੇ ਸੀ। ਅੱਜ ਰਾਤ ਮੈਂ ਤੁਹਾਡੇ ਮਹਾਵਤ ਨਾਲ ਭੱਜ ਕੇ ਆਪਣਾ ਜੀਵਨ ਬਰਬਾਦ ਕਰਨ ਲੱਗੀ ਸੀ। ਪਰ ਇਸ ਨਰਤਕੀ ਨੇ ਮੈਨੂੰ ਸਮਝ ਦਿੱਤੀ ਕਿ ਜਲਦਬਾਜ਼ੀ ਨਾ ਕਰ, ਕਦੇ ਨਾ ਕਦੇ ਤੇਰੀ ਸ਼ਾਦੀ ਹੋਣੀ ਹੀ ਹੈ। ਕਿਉਂ ਆਪਣੇ ਪਿਤਾ ਨੂੰ ਕਲੰਕਿਤ ਕਰਨ ਦਾ ਪਾਪ ਕਰਦੀ ਹੈਂ?'

*ਯੁਵਰਾਜ ਨੇ ਕਿਹਾ—

'ਪਿਤਾ ਜੀ! ਤੁਸੀਂ ਬੁੱਢੇ ਹੋ ਚੁੱਕੇ ਹੋ, ਫਿਰ ਵੀ ਮੈਨੂੰ ਰਾਜ ਨਹੀਂ ਦੇ ਰਹੇ ਸੀ। ਮੈਂ ਅੱਜ ਰਾਤ ਹੀ ਤੁਹਾਡੇ ਸਿਪਾਹੀਆਂ ਨਾਲ ਮਿਲ ਕੇ ਤੁਹਾਡਾ ਕਤਲ ਕਰਵਾਉਣ ਵਾਲਾ ਸੀ। ਪਰ ਇਸ ਨਰਤਕੀ ਨੇ ਸਮਝਾਇਆ ਕਿ ਪਾਗਲ! ਅੱਜ ਨਹੀਂ ਤਾਂ ਕੱਲ੍ਹ ਰਾਜ ਤਾਂ ਤੇਰਾ ਹੀ ਹੈ। ਕਿਉਂ ਆਪਣੇ ਪਿਤਾ ਦੇ ਖੂਨ ਦਾ ਦਾਗ ਆਪਣੇ ਸਿਰ ਲੈਂਦਾ ਹੈਂ? ਧੀਰਜ ਰੱਖ।'

*ਇਹ ਸਭ ਸੁਣ ਕੇ ਰਾਜੇ ਨੂੰ ਵੀ ਆਤਮ ਗਿਆਨ ਹੋ ਗਿਆ। ਉਸਦੇ ਮਨ ਵਿੱਚ ਵੈਰਾਗ ਆ ਗਿਆ। ਉਸਨੇ ਤੁਰੰਤ ਫੈਸਲਾ ਲਿਆ—

'ਕਿਉਂ ਨਾ ਮੈਂ ਹੁਣੇ ਹੀ ਯੁਵਰਾਜ ਦਾ ਰਾਜਤਿਲਕ ਕਰ ਦਿਆਂ?'

* ਉਸੇ ਸਮੇਂ ਯੁਵਰਾਜ ਦਾ ਰਾਜਤਿਲਕ ਹੋਇਆ। ਰਾਜੇ ਨੇ ਆਪਣੀ ਧੀ ਨੂੰ ਕਿਹਾ—

'ਧੀਏ! ਦਰਬਾਰ ਵਿਚ ਬਹੁਤ ਰਾਜਕੁਮਾਰ ਆਏ ਹੋਏ ਹਨ। ਤੂੰ ਆਪਣੀ ਇੱਛਾ ਨਾਲ ਕਿਸੇ ਇੱਕ ਦੇ ਗਲੇ ਵਿੱਚ ਵਰਮਾਲਾ ਪਾ ਕੇ ਉਸਨੂੰ ਆਪਣਾ ਪਤੀ ਚੁਣ ਲੈ।'

ਰਾਜਕੁਮਾਰੀ ਨੇ ਐਸਾ ਹੀ ਕੀਤਾ। ਰਾਜਾ ਸਭ ਕੁਝ ਤਿਆਗ ਕੇ ਗੁਰੂ ਦੀ ਸ਼ਰਨ ਵਿੱਚ ਜੰਗਲ ਚਲਾ ਗਿਆ।

* ਇਹ ਸਭ ਵੇਖ ਕੇ ਨਰਤਕੀ ਨੇ ਸੋਚਿਆ—

'ਮੇਰੇ ਇੱਕ ਦੋਹੇ ਨਾਲ ਇੰਨੇ ਲੋਕ ਸੁਧਰ ਗਏ, ਪਰ ਮੈਂ ਆਪ ਕਿਉਂ ਨਹੀਂ ਸੁਧਰੀ?'

ਉਸੇ ਵੇਲੇ ਉਸਦੇ ਅੰਦਰ ਵੀ ਵੈਰਾਗ ਉਭਰ ਆਇਆ। ਉਸਨੇ ਫੈਸਲਾ ਕੀਤਾ—

'ਅੱਜ ਤੋਂ ਮੈਂ ਆਪਣਾ ਬੁਰਾ ਧੰਧਾ ਛੱਡਦੀ ਹਾਂ। ਹੇ ਪ੍ਰਭੂ! ਮੇਰੇ ਪਾਪ ਮਾਫ਼ ਕਰੀਂ। ਅੱਜ ਤੋਂ ਮੈਂ ਸਿਰਫ਼ ਤੇਰਾ ਨਾਮ ਸਿਮਰਨ ਕਰਾਂਗੀ।'

* ਸਮਝਣ ਵਾਲੀ ਗੱਲ ਇਹ ਹੈ ਕਿ ਦੁਨੀਆ ਬਦਲਣ ਵਿਚ ਦੇਰ ਨਹੀਂ ਲੱਗਦੀ। ਕੇਵਲ ਇੱਕ ਦੋਹੇ ਦੀਆਂ ਦੋ ਲਾਈਨਾਂ ਨਾਲ ਵੀ ਦਿਲ ਬਦਲ ਸਕਦਾ ਹੈ। ਲੋੜ ਸਿਰਫ਼ ਥੋੜ੍ਹੇ ਧੀਰਜ ਅਤੇ ਚਿੰਤਨ ਦੀ ਹੁੰਦੀ ਹੈ।

*ਪ੍ਰਸ਼ੰਸਾ ਨਾਲ ਪਿਘਲਣਾ ਨਹੀਂ ਚਾਹੀਦਾ, ਆਲੋਚਨਾ ਨਾਲ ਉਬਲਣਾ ਨਹੀਂ ਚਾਹੀਦਾ। ਨਿਸ਼ਕਾਮ ਭਾਵ ਨਾਲ ਕਰਮ ਕਰਦੇ ਰਹੋ।


ਕਿਉਂਕਿ ਇਸ ਧਰਤੀ ਦਾ, ਇਸ ਧਰਤੀ 'ਤੇ, ਸਭ ਕੁਝ ਧਰਿਆ ਹੀ ਰਹਿ ਜਾਣਾ ਹੈ

*-ਅਗਿਆਤ*

# ਚੁੱਪ ਦਾ ਸੱਨਾਟਾ’...ਇੱਕ ਪ੍ਰਭਾਵਸ਼ਾਲੀ ਸਿਰਜਣਾ!!

## ਪੁਸਤਕ ਸਮੀਖਿਆ

ਸਾਹਿਤ ਸਿਰਜਣਾ ਦੀਆਂ ਕਈ ਵਿਧਾਵਾਂ ਹਨ ਅਤੇ ਹਰੇਕ ਵਿਧਾ ਦਾ ਆਪਣਾ ਮਹੱਤਵ ਹੈ। ਭਾਵੇਂ ਪੰਜਾਬੀ ਸਾਹਿਤ ਵਿਚ ਬਹੁਤ ਕੁੱਝ ਚੰਗਾ ਅਤੇ ਤਾਰੀਫ਼ ਦੇ ਕਾਬਲ ਲਿਖਿਆ ਜਾ ਰਿਹਾ ਹੈ, ਪਰ ਫਿਰ ਵੀ ਸਾਹਿਤ ਦੇ ਸੁਹਿਰਦ ਪਾਠਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਕਦੇ-ਕਦਾਈਂ ਲੰਮੀਆਂ-ਲੰਮੀਆਂ ਲਿਖਤਾਂ ਜਾਂ ਫਿਰ ਗ੍ਰੰਥਾਂ ਸਮਾਨ ਕਿਤਾਬਾਂ ਨੂੰ ਇਕਾਗਰ ਮਨ ਨਾਲ ਪੜ੍ਹਨ ਅਤੇ ਸਮਝਣ ਦੀ ਪੁਰਜ਼ੋਰ ਕੋਸ਼ਿਸ਼ ਦੇ ਬਾਵਜੂਦ ਵੀ ਉਨ੍ਹਾਂ ਵਿਚੋਂ ਕੋਈ ‘ਸਾਰਥਕ ਸੁਨੇਹਾ’ ਪੱਲੇ ਨਹੀਂ ਪੈਂਦਾ। ਇਹੋ ਜਿਹਾ ਸੁਨੇਹਾ ਜੋ ਸਿਰਫ਼ ਜਾਣਕਾਰੀ ਹੀ ਨਾ ਦੇਵੇ, ਸਗੋਂ ਪੜ੍ਹਨ-ਸੁਣਨ ਵਾਲੇ ਦੇ ਜੀਵਨ ਅਤੇ ਸਮਾਜ ‘ਤੇ ਸਕਾਰਾਤਮਕ ਪ੍ਰਭਾਵ ਵੀ ਪਾਵੇ।



ਕਈ ਵਾਰੀ ਥੋੜ੍ਹੇ ਜਿਹੇ ਸ਼ਬਦਾਂ ਵਿਚ ਲਿਖੀਆਂ ਲਿਖਤਾਂ ਦਾ

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਕਥਾ ਰਸ ਅਤੇ ਸੁਨੇਹਾ ਪਾਠਕਾਂ ਦੀ ਰੂਹ ਨੂੰ ਧੂਹ ਪਾ ਦਿੰਦਾ ਹੈ। ਪਾਠਕ ਪੜ੍ਹਦਾ ਹੈ, ਜਾਣਦਾ ਹੈ, ਮਾਣਦਾ ਹੈ, ਅਤੇ ਬਹੁਤ ਕੁਝ ਸਿੱਖਦਾ ਹੈ ਜਿਸ ਦਾ ਪ੍ਰਭਾਵ ਪਾਠਕ ਦੇ ਮਨ ‘ਤੇ ਚਿਰ ਤੀਕਰ ਜੀਵਤ ਵੀ ਰਹਿੰਦਾ ਹੈ।

ਸੁਰਿੰਦਰ ਕੈਲੇ ਦੀ ਨਵੀਂ ਨਕੋਰ ਪੁਸਤਕ ‘ਚੁੱਪ ਦਾ ਸੱਨਾਟਾ’ ਦੀਆਂ ਮਿੰਨੀ ਕਹਾਣੀਆਂ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਪਾਠਕ ਕਹਾਣੀਆਂ ਦੇ ਪਾਤਰਾਂ ਸੰਗ ਸੰਵਾਦ ਰਚਾਉਂਦਾ ਹੋਇਆ ਖ਼ੁਦ-ਬ-ਖ਼ੁਦ ਕਹਾਣੀਆਂ ਦਾ ਹਿੱਸਾ ਬਣ ਬਹਿੰਦਾ ਹੈ। ‘ਚੁੱਪ ਦੇ ਏਸ ਸੱਨਾਟੇ’ ਵਿਚ ਉਸ ਨੂੰ ਬਹੁਤ ਕੁਝ ਸੁਣਾਈ ਦਿੰਦਾ ਹੈ, ਦਿਖਦਾ ਅਤੇ ਮਹਿਸੂਸ ਵੀ ਹੁੰਦਾ ਹੈ। ਮਨੁੱਖ ਦੇ ਜੀਵਨ ਅਤੇ ਸੋਚ ਨੂੰ ਪ੍ਰਭਾਵਿਤ ਕਰਦੀਆਂ ਇਹ ਕਹਾਣੀਆਂ ਪਾਠਕ ਦੇ ਮਨ ‘ਤੇ ਗਹਿਰਾ ਅਤੇ ਚਿਰਜੀਵੀ ਪ੍ਰਭਾਵ ਪਾਉਂਦੀਆਂ ਜਾਪਦੀਆਂ ਹਨ। ਇੱਕ ਚੰਗੇ ਲੇਖਕ ਦੀ ਚੰਗੀ ਲਿਖਤ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ।

ਅੱਧੀ ਸਦੀ ਤੋਂ ਸਾਹਿਤਕ ਪੈੜਾਂ ਪਾਉਂਦਾ ‘ਸੁਰਿੰਦਰ ਕੈਲੇ’...

ਦੋਸਤੋ, ਮੇਰੇ ਵਾਂਗ ਤੁਸੀਂ ਵੀ ਕਦੇ-ਕਦੇ ਜ਼ਰੂਰ ਸੋਚਦੇ ਹੋਵੋਗੇ ਕਿ ਦਿਨ-ਰਾਤ, ਧੁੱਪ-ਛਾਂ, ਦੁੱਖ-ਸੁੱਖ, ਫੇਲ੍ਹ-ਪਾਸ ਵਗੈਰਾ ਹਮੇਸ਼ਾ ਸਾਥ-ਸਾਥ ਤੁਰਦੇ ਨੇ। ਇੱਕ ਤੋਂ ਬਗੈਰ ਦੂਸਰੇ ਦਾ ਵਜੂਦ ਹੀ ਨਹੀਂ! ਪੰਜਾਬੀ ਸਾਹਿਤ ਵਿਚ ਛੋਟੀਆਂ ਜਾਂ ਮਿੰਨੀ ਕਹਾਣੀਆਂ ਜਾਂ ਫਿਰ ਇਸ ਤੋਂ ਵੀ ਅਗਾਂਹ ਛੋਟੀਆਂ ਕਹਾਣੀਆਂ ਦੇ ਸਥਾਪਤ ਅਤੇ ਮਿਆਰੀ ਮੈਗਜ਼ੀਨ ‘ਅਣੂ’ ਦਾ ਜ਼ਿਕਰ ਆਉਂਦਿਆਂ ਹੀ ‘ਸੁਰਿੰਦਰ ਕੈਲੇ’ ਦਾ ਨਾਮ ਆਪ-ਮੁਹਾਰੇ ਸਾਹਿਤ ਪ੍ਰੇਮੀਆਂ ਦੇ ਦਿਲ-ਦਿਮਾਗ਼ ਵਿਚ ਆ ਦਸਤਕ ਦਿੰਦਾ ਹੈ।

ਮਿੰਨੀ ਕਹਾਣੀ ਦੇ ਸਿਰਨਾਵੇਂ ਸੁਰਿੰਦਰ ਕੈਲੇ ਅਤੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਮਾਣਿਤ ਰਸਾਲੇ ‘ਅਣੂ’ ਦਾ ਅੱਧੀ ਸਦੀ ਤੋਂ ਵੀ ਲੰਮਾ ਸਾਹਿਤਕ ਕਾਫ਼ਲਾ ਵਿਲੱਖਣ ਪੈੜਾਂ ਪਾਉਂਦਿਆਂ ਨਿਰੰਤਰਤਾ ਨਾਲ ਅੱਗੇ ਵਧ ਰਿਹਾ ਹੈ। ਅਣੂ ਮੈਗਜ਼ੀਨ ਪੜ੍ਹਦਿਆਂ ਪਾਠਕ ਸੁਰਿੰਦਰ ਕੈਲੇ ਦੀ ਅੱਧੀ ਸਦੀ ਤੋਂ ਵੀ ਲੰਮੀ ਸਾਹਿਤਕ ਘਾਲਣਾ ਨੂੰ ਸਲਾਮ ਕਰਦੇ ਹਨ। ਮੈਂ ਇਹ ਗੱਲ ਕਿਸੇ ਸ਼ਰਧਾ ਵੱਸ ਨਹੀਂ ਕਹਿ ਰਿਹਾ। ‘ਅੱਧ ਤੋਂ ਵੱਧ’ ਸਦੀ ਦੀ ਉੱਚੀ-ਲੰਮੀ ਸਾਹਿਤਕ ਪਰਵਾਜ਼, ਅਣੂ ਮੈਗਜ਼ੀਨ ਦੀ ਨਿਰੰਤਰ ਪ੍ਰਕਾਸ਼ਨਾ ਅਤੇ ਕੈਲੇ ਦੇ ਲੰਮੇ ਸਾਹਿਤਕ ਪੈਂਡਿਆਂ ਦੇ ਜਾਣੂ ਇਸ ਦੇ ਜਿਉਂਦੇ-ਜਾਗਦੇ ਗਵਾਹ ਹਨ!

ਮੈਂ ਸੁਰਿੰਦਰ ਕੈਲੇ ਨੂੰ ਜਾਤੀ ਤੌਰ ‘ਤੇ ਨਹੀਂ ਜਾਣਦਾ ਅਤੇ ਨਾ ਹੀ ਉਨ੍ਹਾਂ ਨੂੰ ਕਦੇ ਮਿਲਣ ਦਾ ਮੌਕਾ ਮਿਲਿਆ। ਫਿਰ ਵੀ ਪੰਜਾਬੀ ਸਾਹਿਤ ਦੇ ਪਾਠਕ ਹੋਣ ਦੇ ਨਾਤੇ ਮੈਂ ਉਨ੍ਹਾਂ ਦੀਆਂ ਸਾਹਿਤਕ ਪੈੜਾਂ ਤੋਂ ਚੰਗੀ ਤਰਾਂ ਵਾਕਿਫ਼ ਹਾਂ। ਉਹ ਵਿਭਿੰਨ ਅਤੇ ਅਣਛੋਹੇ ਵਿਸ਼ਿਆਂ ‘ਤੇ ਕਲਮ ਚਲਾਉਂਦੇ ਨੇ। ਕੁਝ ਕੁ ਸਮਾਂ ਪਹਿਲਾਂ ‘ਅਣੂ’ ਮੈਗਜ਼ੀਨ ਵਿਚ ਮੇਰਾ ਇੱਕ ਮਿੰਨੀ ਆਰਟੀਕਲ ਛਪਿਆ ਤਾਂ ਮੇਰੇ ਕੁਝ ਨਜ਼ਦੀਕੀ ਅਤੇ ਮੰਨੇ-ਪ੍ਰਮੰਨੇ ਲੇਖਕਾਂ ਨੇ ਅਣੂ ਮੈਗਜ਼ੀਨ ਦੇ ਮਿਆਰ ਅਤੇ ਇਸ ਦੇ ਕਰਤਾ-ਧਰਤਾ ਸੁਰਿੰਦਰ ਕੈਲੇ ਦੀ ਪੰਜਾਬੀ ਸਾਹਿਤ ਨੂੰ ਦਿੱਤੀ ਵਡਮੁੱਲੀ ਦੇਣ ਦੀ ਤਸਦੀਕ ਕੀਤੀ।

ਸੰਨ 1972 ਤੋਂ ਅਣੂ ਮੈਗਜ਼ੀਨ ਦੇ ਪ੍ਰਕਾਸ਼ਨ ਤੋਂ ਇਲਾਵਾ 9 ਸੰਪਾਦਿਤ ਤੇ ਪ੍ਰਕਾਸ਼ਿਤ ਪੁਸਤਕਾਂ ਅਤੇ 11 ਵਿਭਿੰਨ ਮਿੰਨੀ ਕਹਾਣੀ, ਕਹਾਣੀ ਤੇ ਕਥਾ ਸੰਗ੍ਰਹਿਆਂ ਨਾਲ ਪੰਜਾਬੀ ਸਾਹਿਤ ਸੰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਿਆਂ ਸੁਰਿੰਦਰ ਕੈਲੇ ‘ਚੁੱਪ ਦਾ ਸੱਨਾਟਾ’ ਸੰਗ੍ਰਹਿ ਨਾਲ ਫੇਰ ਹਾਜ਼ਰ ਹੋਏ ਹਨ।

‘ਚੁੱਪ ਦਾ ਸੱਨਾਟਾ’... ਇੱਕ ਪ੍ਰਭਾਵਸ਼ਾਲੀ ਸਿਰਜਣਾ

ਅਕਸਰ ਕਿਹਾ ਜਾਂਦਾ ਹੈ ਕਿ ਚਿੱਤਰਕਾਰੀ, ਸਾਹਿਤ ਅਤੇ ਸੰਗੀਤ ਦੀ ਸਿਰਜਣ ਪ੍ਰਕਿਰਿਆ ਵਿਚ ਮਨ ਦੇ ਅਹਿਸਾਸਾਂ, ਅਨੁਭਵਾਂ, ਵਲਵਲਿਆਂ ਅਤੇ ਖ਼ਿਆਲਾਂ ਦਾ ਬਹੁਤ ਮਹੱਤਵ ਹੁੰਦਾ ਹੈ। ਸੁਰਿੰਦਰ ਕੈਲੇ ਦੇ ਅਗਾਂਹਵਧੂ, ਸੰਵੇਦਨਸ਼ੀਲ ਅਤੇ ਅਨੁਭਵੀ ਮਨ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਉਸ ਨੇ ਇਹ ਕਹਾਣੀ ਸੰਗ੍ਰਹਿ ਆਪਣੀਆਂ ਪੋਤੇ-ਪੋਤੀਆਂ ਨੂੰ ਸਮਰਪਿਤ ਕੀਤਾ ਹੈ, ਜਿਨ੍ਹਾਂ ਦੇ ਸਾਹਿਤ, ਸੰਗੀਤ ਅਤੇ ਚਿੱਤਰਕਾਰੀ ਵਰਗੇ ਚਿਕਨੇ ਪਾਤ ਪੁੰਗਰ ਰਹੇ ਹਨ! ਉਸ ਨੇ ਆਪਣੀ ‘ਅਗਲੇਰੀ’ ਪੀੜ੍ਹੀ ਵਿਚ ਵੀ ਇਸ ਸਿਰਜਣ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰ ਦਿੱਤੀ ਹੈ।

‘ਅਣੂ ਮੰਚ’ ਦੁਆਰਾ ਪ੍ਰਕਾਸ਼ਿਤ 128 ਪੰਨਿਆਂ ਦੇ ਇਸ ਕਹਾਣੀ ਸੰਗ੍ਰਹਿ ਵਿਚ ਵਿਭਿੰਨ ਵਿਸ਼ਿਆਂ ਅਤੇ ਰੰਗਾਂ-ਰਸਾਂ ਨਾਲ ਸਬੰਧਤ 55 ਮਿੰਨੀ ਕਹਾਣੀਆਂ ਅਤੇ ਇੱਕ ਲਘੂ ਨਾਟਕ ਨੂੰ ਸ਼ਾਮਲ ਕੀਤਾ ਹੈ। ਸਮਾਜ ਨੂੰ ਬੇਹਤਰ ਬਣਾਉਣ ਨੂੰ ਆਪਣਾ ਫ਼ਰਜ਼ ਸਮਝਦਿਆਂ ਸੁਰਿੰਦਰ ਕੈਲੇ ਸਮੇਂ ਦੀਆਂ ਸਮਾਜਿਕ, ਆਰਥਿਕ, ਸਿਆਸੀ ਜਾਂ ਧਾਰਮਿਕ ਘਟਨਾਵਾਂ, ਗਤੀਵਿਧੀਆਂ ਅਤੇ ਤ੍ਰਾਸਦੀਆਂ ਨੂੰ ਪਾਠਕਾਂ ਦੇ ਸਨਮੁੱਖ ਕਰਨ ਤੋਂ ਨਹੀਂ ਖੁੰਝਦੇ, ਜੋ ਉਨ੍ਹਾਂ ਦੇ ਲੋਕ-ਪੱਖੀ ਹੋਣ ਅਤੇ ਲੋਕਾਈ ਪ੍ਰਤੀ ਮੁਹੱਬਤ ਦਾ ਪ੍ਰਗਟਾਵਾ ਵੀ ਹੈ।

ਮਨੁੱਖੀ ਜੀਵਨ ਦੇ ਤਾਣੇ-ਬਾਣੇ ਵਿਚੋਂ ਉਪਜੀਆਂ ਕਥਾ-ਰਸ ਅਤੇ ਜਾਗਰੂਕਤਾ ਨਾਲ ਭਰਪੂਰ ਮਿੰਨੀ ਕਹਾਣੀਆਂ ਸਾਰਥਕ ਅਤੇ ਸਾਕਾਰਾਤਮਕ ਸੁਨੇਹੇ ਵੰਡਦੀਆਂ ਪਾਠਕ ਨੂੰ ਪ੍ਰੇਰਿਤ ਕਰਦੀਆਂ ਹਨ, ਉਸ ਦੇ ਮਨ ‘ਤੇ ਗਹਿਰਾ ਅਸਰ ਪਾਉਂਦੀਆਂ ਹਨ। ਕੁਝ ਸਵਾਲ-ਜਵਾਬ ਕਰਦੀਆਂ ਹੋਈਆਂ ਪਾਠਕ ਨੂੰ ਜ਼ਿੰਦਗੀ ਵਿਚ ਕੁਝ ਚੰਗਾ ਸੋਚਣ ਅਤੇ ਕਰਨ ਲਈ ਉਤਸ਼ਾਹਿਤ ਵੀ ਕਰਦੀਆਂ ਹਨ। ਇਨ੍ਹਾਂ ਬਾਕਮਾਲ ਲਿਖਤਾਂ ਤੋਂ ਲੇਖਕ ਦੀ ਸੰਵੇਦਨਸ਼ੀਲਤਾ, ਉਸਾਰੂ ਬਿਰਤੀ ਅਤੇ ਸਾਕਾਰਾਤਮਕ ਸੋਚ ਦੀ ਅਥਾਹ ਸ਼ਕਤੀ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ।


ਸੁਰਿੰਦਰ ਕੈਲੇ ਨੇ ਇਸ ਸੰਗ੍ਰਹਿ ਦਾ ਆਗਾਜ਼ ਇੱਕ ਖ਼ੂਬਸੂਰਤ ਰਚਨਾ ‘ਪਿੱਤਰ ਭੂ’ ਨਾਲ ਕੀਤਾ ਹੈ, ਜਿਸ ਵਿਚ ਪੁਰਖਿਆਂ ਦੀ ਭੂਮੀ ਅਤੇ ਰੋਟੀ ਰੋਜ਼ੀ ਨੂੰ ਤਾਕਤ ਦੇ ਜ਼ੋਰ ਨਾਲ ਖੋਹ ਲਏ ਜਾਣ ਦੀ ਪੀੜਾ ਨੂੰ ਅਤੇ ਇਸ ਬੇਇਨਸਾਫ਼ੀ ਲਈ ਬਦਲੇ ਦੇ ਅਹਿਸਾਸ ਦਾ ਬਾਖ਼ੂਬੀ ਨਾਲ ਵਰਨਣ ਕੀਤਾ ਹੈ।

‘ਜ਼ਿੰਦਗੀ’ ਵਿਚ ਅਜੋਕੇ ਸਮਿਆਂ ਦੇ ਕਿਸਾਨ ਪਰਿਵਾਰਾਂ ਦੀ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ, ਪਲ-ਪਲ ਡੋਲਦੇ ਮਨੋ-ਬਲ ਅਤੇ ਨਸ਼ਿਆਂ ਦੇ ਦੈਂਤ ਨਾਲ ਜੂਝਦਿਆਂ ਜੀਵਨ ਹੰਢਣ-ਹੰਢਾਉਣ ਨੂੰ ਕਲਮਬੱਧ ਕੀਤਾ ਹੈ।

ਉਹ ਪਿੰਡਾਂ ਵਿਚ ਗੁਆਂਢੀਆਂ ਦੇ ਖੇਤਾਂ ਦੀਆਂ ਸਾਂਝੀਆਂ ਵੱਟਾਂ ਦੇ ਪਾਏ ਹੋਏ ਰੇੜਕੇ ਅਤੇ ਰੰਜਿਸ਼ਾਂ ਕਿਸੇ ਚੰਗੇ-ਭਲੇ ਇਨਸਾਨ ਨੂੰ ਬੇਇੱਜ਼ਤ ਕਰਨ ਲਈ ‘ਇਨਸਾਨੀਅਤ ਦੀ ਵੱਟ’ ਨੂੰ ਪਾਰ ਕਰ ਜਾਂਦੀਆਂ ਹਨ। ਇਸ ਸ਼ਰਮਸਾਰ ਵਰਤਾਰੇ ਨੂੰ ਜਾਦੂਗਰੀ ਸ਼ਬਦਾਵਲੀ ਵਿਚ ਬਿਆਨ ਕੀਤਾ ਹੈ ਸੁਰਿੰਦਰ ਕੈਲੇ ਨੇ ‘ਬਿਆਨ’ ਨਾਂਅ ਦੀ ਕਹਾਣੀ ਅੰਦਰ।

ਦੋਸਤੋ, ਹਵਾ ਵਿਚ ਗੱਲਾਂ ਭਾਵੇਂ ਅਸੀਂ ਲੱਖਾਂ ਹੀ ਕਰੀ ਜਾਈਏ, ਪਰ ਸੱਚ ਇਹ ਹੈ ਕਿ ਸਾਡੇ ਸਮਾਜ ਵਿਚ ਅਤੇ ਖ਼ਾਸ ਕਰਕੇ ਪੰਜਾਬੀਆਂ ਦੇ ਘਰਾਂ ਵਿਚ ਧੀਅ ਜੰਮਣ ‘ਤੇ ਅੱਜ ਤੱਕ ਵੀ ਉਹ ਖੁਸ਼ੀਆਂ ਨਹੀਂ ਮਨਾਈਆਂ ਜਾਂਦੀਆਂ, ਜੋ ਲੜਕੇ ਦੇ ਜਨਮ ਸਮੇਂ ਮਨਾਈਆਂ ਜਾਂਦੀਆਂ ਹਨ। ਭਰੂਣ ਹੱਤਿਆ ਸਾਡੇ ਸਮਾਜ ਦੇ ਮਸਤਕ ‘ਤੇ ਕਲੰਕ ਹੈ, ਜੋ ਲਹਿ ਹੀ ਨਹੀਂ ਰਿਹਾ। ਜਦੋਂ ਇਸ ਬਿਮਾਰ ਸੋਚ ਵਿਚ ਅੰਧ ਵਿਸ਼ਵਾਸ ਅਤੇ ਵਹਿਮ ਵੀ ਰਲ਼-ਮਿਲ ਜਾਵਣ ਤਾਂ ਮਸਲਾ ਹੋਰ ਵੀ ਗੰਭੀਰ ਅਤੇ ਪੇਚੀਦਾ ਹੋ ਨਿਬੜਦਾ ਹੈ। ਵਿਗਿਆਨਕ ਸੋਚ ਦੀਆਂ ਦਲੀਲਾਂ ਵੀ ਵਹਿਮੀ ਲੋਕਾਂ ਦੀ ਹਿੰਡ ਤੋੜਨ ਲਈ ਤਕੜਾ ਸੰਘਰਸ਼ ਕਰਦੀਆਂ ਨੇ। ‘ਇਸ ਘਰ ਤਾਂ ਕੁੜੀਆਂ ਹੀ ਜੰਮਦੀਆਂ ਨੇ’ ਕਹਾਣੀ ਵਿਚ ਲੇਖਕ ਨੇ ਖ਼ੂਬਸੂਰਤ ਸ਼ਬਦਾਂ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਵਹਿਮ ਸਿਰਫ ਵਹਿਮ ਹੀ ਹੁੰਦੇ ਨੇ।

‘ਪਰਵਾਸ ਦਾ ਫ਼ੈਸਲਾ’ ਬਹੁਤ ਵਧੀਆ ਕਹਾਣੀ ਹੈ। ਇਹ ਬਿਲਕੁਲ ਸੱਚ ਹੈ ਕਿ ਦੁਨੀਆਂ ਦਾ ਕੋਈ ਵੀ ਵਿਅਕਤੀ ਆਪਣੀ ਜੰਮਣ ਭੋਇੰ ਛੱਡ ਕੇ ਦੂਰ ਕਿਸੇ ਅਣਜਾਣੇ ਦੇਸ਼ ਨਹੀਂ ਜਾਣਾ ਚਾਹੁੰਦਾ। ਪਰ ਦੂਸਰਾ ਸੱਚ ਇਹ ਵੀ ਹੈ ਕਿ ਪਰਵਾਸ ਕੋਈ ਨਵਾਂ ਵਰਤਾਰਾ ਨਹੀਂ ਹੈ। ਪੁਰਾਤਨ ਸਮੇਂ ਤੋਂ ਚੱਲਦਾ ਆਇਆ ਹੈ ਅਤੇ ਚੱਲਦਾ ਵੀ ਰਹੇਗਾ। ਪਰਵਾਸ ਦੇ ਅਨੇਕਾਂ ਕਾਰਨਾਂ ਵਿਚੋਂ ਮੁੱਖ ਤੌਰ ‘ਤੇ ਭਾਵੇਂ ਆਰਥਕ ਮੰਦਹਾਲੀ ਜਾਂ ਫਿਰ ਚੰਗੇ




ਭਵਿੱਖ ਦੀ ਕਾਮਨਾ ਰਿਹਾ ਹੈ, ਪਰ ਅਜੋਕੇ ਸਮਿਆਂ ਵਿਚ ਨਸ਼ਿਆਂ ਦਾ ਕਹਿਰ, ਗੈਂਗ, ਜਾਂ ਹਜੂਮੀ ਗੁੰਡਾਗਰਦੀ ਦਾ ਡਰ ਵੀ ਸਰਦੇ-ਪੁਜਦੇ ਪਰਿਵਾਰਾਂ ਦੇ ਚਿਰਾਗਾਂ ਦੇ ਪਰਵਾਸ ਦਾ ਕਾਰਨ ਬਣ ਰਹੇ ਹਨ।

‘ਬਸ ਐਵੇਂ ਨਹੀ’ ਰਚਨਾ ਵਿਚ ਸੁਰਿੰਦਰ ਕੈਲੇ ਨੇ ਜ਼ਿੰਦਗੀ ਦੀਆਂ ਅਤਿ ਮੁਸ਼ਕਲ ਘੜੀਆਂ ਦੌਰਾਨ ਨਾ ਚਾਹੁੰਦਿਆਂ ਹੋਇਆਂ ਵੀ ਮਜਬੂਰੀ ਵੱਸ ਲਏ ਗਏ ਮਹੱਤਵਪੂਰਨ ਫੈਸਲਿਆਂ ਦੇ ਸੰਗ ਪ੍ਰਗਟ ਹੁੰਦੇ ਮਨ ਦੇ ਪਛਤਾਵੇ ਦਾ ਬਾਕਮਾਲ ਵਰਨਣ ਕੀਤਾ ਹੈ।

‘ਤਲਾਕ ਦੇ ਕਾਗਜ਼ਾਤ’ ਕਹਾਣੀ ਮਰਦ-ਪ੍ਰਧਾਨ ਸਮਾਜ ਵਿਚ ਮਰਦ ਦੀ ਹੈਂਕੜ ਨੂੰ ਦਰਸਾਉਂਦੀ ਹੈ। ਮਰਦ ਔਰਤ ਨੂੰ ਦਬਾ-ਡਰਾ ਕੇ ਰੱਖਣਾ ਚਾਹੁੰਦਾ ਹੈ। ਉਸ ‘ਤੇ ਰੋਹਬ ਪਾਉਂਦਿਆਂ ਹੋਇਆਂ ਆਪ-ਹੁਦਰੀਆਂ ਵੀ ਕਰਦਾ ਹੈ। ਔਰਤ ਅਤੇ ਉਸ ਦੀ ਮਾਨਸਿਕਤਾ ਦਾ ਸ਼ੋਸ਼ਣ ਕਰਨ ਤੋਂ ਕਦੇ ਬਾਜ ਨਹੀਂ ਆਉਂਦਾ।

‘ਮੋਰੀਆਂ ਬੰਦ ਕਰਨ ਵਾਲਾ ਸ਼ੀਸ਼ਾ’ ਚੰਗੀ ਕਹਾਣੀ ਹੈ ਜਿਸ ਵਿਚ ਨੰਦ ਕਿਸ਼ੋਰ ਅਤੇ ਉਸ ਦੇ ਬਾਪ ਦੀ ਇੱਛਾ ਸੀ ਕਿ ਉਹ ਫੌਜ ਦੀ ਨੌਕਰੀ ਕਰੇ ਅਤੇ ਤਨਖ਼ਾਹ ਨਾਲ ਘਰ ਪਰਿਵਾਰ ਦੀਆਂ ‘ਮੋਰੀਆਂ’ ਬੰਦ ਕਰੇ। ਇਨ੍ਹਾਂ ਮੋਰੀਆਂ ਵਿਚ ਘਰ ਦੀ ਮੁਰੰਮਤ, ਬੁੱਢੇ ਮਾਂ-ਬਾਪ ਦਾ ਇਲਾਜ, ਛੋਟੇ ਭਰਾ ਦੀ ਪੜ੍ਹਾਈ ਅਤੇ ਨਿੱਕੀ ਭੈਣ ਦਾ ਵਿਆਹ ਵਗੈਰਾ ਸ਼ਾਮਲ ਸੀ। ਪਰ ਸਰਹੱਦ ਦੀ ਲੜਾਈ ਵਿਚ ਨੰਦ ਕਿਸ਼ੋਰ ਦੇ ਸ਼ਹੀਦ ਹੋ ਜਾਣ ਕਰਕੇ ਉਹਦੇ ਬਾਪ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਸ ਦਾ ਮੋਰੀਆਂ ਬੰਦ ਕਰਨ ਵਾਲਾ ਸ਼ੀਸ਼ਾ ਉਸਦੀਆਂ ਅੱਖਾਂ ਦੇ ਸਾਹਮਣੇ ਚਕਨਾਚੂਰ ਹੋ ਗਿਆ ਹੋਵੇ।

ਡਾਹਢੇ ਅਤੇ ਤਾਕਤਵਰ ਮਨੁੱਖ ਦੁਆਰਾ ਕਮਜ਼ੋਰਾਂ ਦਾ ਸ਼ੋਸ਼ਣ ਯੁਗਾਂ-ਯੁਗਾਂਤਰਾਂ ਤੋਂ ਹੁੰਦਾ ਆਇਆ ਹੈ। ਅੱਜ ਵੀ ਹੋ ਰਿਹਾ ਅਤੇ ਸ਼ਾਇਦ ਭਲਕੇ ਵੀ ਕਾਇਮ ਰਹੇਗਾ। ਕਿਤਾਬ ਦੇ ਟਾਈਟਲ ਵਾਲੀ ਕਹਾਣੀ ‘ਚੁੱਪ ਦਾ ਸੱਨਾਟਾ’ ਮਨੁੱਖ ਦੀ ਜਗੀਰਦਾਰੀ ਸੋਚ ਅਤੇ ਹੈਂਕੜ ਸੁਭਾਅ ਦੁਆਲੇ ਘੁੰਮਦੀ ਨਿਮਨ ਜਾਤੀ ਦੇ ਕਮਜ਼ੋਰ ਲੋਕਾਂ ਅਤੇ ਮਜ਼ਦੂਰਾਂ ਉੱਪਰ ਹੁੰਦੇ ਅਣਮਨੁੱਖੀ ਤਸ਼ੱਦਦ, ਕਹਿਰ ਅਤੇ ਅੱਤਿਆਚਾਰ ਨੂੰ ਉਭਾਰਦੀ ਹੈ।

‘ਵਿਆਹ ਵਿਚ ਅੜਿੱਕਾ’ ਕਹਾਣੀ ਵਿਚ ਸੁਰਿੰਦਰ ਕੈਲੇ ਨੇ ਖ਼ੂਬਸੂਰਤੀ ਨਾਲ ਦਰਸਾਇਆ ਹੈ ਕਿ ਕਿਵੇਂ ਤੇਜ਼ੀ ਨਾਲ ਬਦਲ ਰਹੇ ਜ਼ਮਾਨੇ ਵਿਚ ਵੀ ਕੱਟੜ ਸੋਚ, ਧਰਮ, ਜਾਤੀ, ਊਚ-ਨੀਚ ਅਤੇ ਕਈ ਹੋਰ ਸਮਾਜਿਕ ਕੁਰੀਤੀਆਂ ਦੇ ਹਥਿਆਰ ਮਨੁੱਖ ਦੀ ਜ਼ਿੰਦਗੀ ਦੇ ਮਹੱਤਵਪੂਰਨ ਫੈਸਲਿਆਂ ਵਿਚ ਅੜਿੱਕਾ ਡਾਹ ਦਿੰਦੇ ਨੇ। ਦੋ ਅਗਾਂਹਵਧੂ ਅਤੇ ਮੁਹੱਬਤੀ ਰੂਹਾਂ ਨੂੰ ਨਕੇਲ ਪਾਉਣ ਲਈ ਅੱਡੀਆਂ ਚੁੱਕ-ਚੁੱਕ ਕੇ ਕੋਸ਼ਿਸ਼ ਕਰਦੇ ਰਹਿੰਦੇ ਹਨ।

‘ਜਿੱਥੋਂ ਰੱਬ ਦਿਸਦਾ ਹੈ’ ਕਹਾਣੀ ਵਿਚ ਦੇਸ ਅਤੇ ਪਰਦੇਸ ਦੀ ਜ਼ਿੰਦਗੀ ਦਾ ਤੁਲਨਾਤਮਕ ਵਿਸ਼ਲੇਸ਼ਣ ਹੈ। ਦਿਲੋਂ ਨਾ ਚਾਹੁੰਦਿਆਂ ਹੋਇਆਂ ਵੀ ਮੱਘਰ ਸਿੰਘ ਨੂੰ ਪਰਵਾਸ ਦਾ ਸੰਤਾਪ ਭੋਗਣਾ ਪੈ ਜਾਂਦਾ ਹੈ। ਉਹ ਕੈਨੇਡਾ ਦੀ ‘ਜ਼ਮੀਨ ਅੰਦਰ ਧੁੱਸੀ ਹੋਈ ਬੇਸਮੈਂਟ’ ਵਿਚ ਰਹਿੰਦਿਆਂ ਖੁੱਲ੍ਹੇ ਅਸਮਾਨ ਵਾਲੇ ਚੰਨ, ਸੂਰਜ ਅਤੇ ‘ਰੱਬ’ ਦੀ ਝਲਕ ਨੂੰ ਤਰਸਦਾ ਹੈ। ਪਰਵਾਸੀ ਜੀਵਨ ਦੀਆਂ ਬੰਦਸ਼ਾਂ ਅਤੇ ਮਜਬੂਰੀਆਂ ਕਾਰਨ ਉਹ ਖ਼ੁਦ ਨੂੰ ਕਿਲੇ ਨਾਲ ਬੰਨ੍ਹੇ ਹੋਏ ਪਸ਼ੂ ਵਾਂਗ ਮਹਿਸੂਸ ਕਰਦਾ ਹੈ। ਚੰਗਾ ਭਲਾ ਮੱਘਰ ਸਿੰਘ ਬਿਮਾਰੀ ਤੋਂ ਬਗੈਰ ਹੀ ਬਿਮਾਰ ਲਗਦਾ ਹੈ। ਉਸ ਨੂੰ ਪਿੰਡ ਦੀ ਖੁੱਲ੍ਹੀ-ਡੁੱਲ੍ਹੀ ਜ਼ਿੰਦਗੀ ਦੀਆਂ ਯਾਦਾਂ ਵਾਰ-ਵਾਰ ਸਤਾਉਂਦੀਆਂ ਹਨ।

‘ਜਲੂਸ’ ਕਹਾਣੀ ਸਮਾਜ ਵਿਚ ਵਾਪਰਦੀਆਂ ਅਤਿ ਦੁਖਦਾਈ ਅਤੇ ਮੰਦ-ਭਾਗੀਆਂ ਘਟਨਾਵਾਂ ‘ਤੇ ਕੇਂਦਰਿਤ ਹੈ। ਅਜਿਹੀਆਂ ਹੈਵਾਨੀਅਤ ਭਰੀਆਂ ਘਟਨਾਵਾਂ ਮਨੁੱਖਤਾ ਲਈ ਕਲੰਕ ਹਨ। ਇਨਸਾਨ ਪਸ਼ੂ ਨਾਲੋਂ ਵੀ ਬਦਤਰ ਬਣ ਜਾਂਦੇ ਨੇ। ਬਦਕਿਸਮਤੀ ਨਾਲ ਇਹੋ ਜਿਹੇ ਘਿਨਾਉਣੇ ਕਾਰਨਾਮਿਆਂ ਵਿਚ ਸਮਾਜਿਕ, ਰਾਜਨੀਤਕ ਅਤੇ ਸਰਕਾਰੀ ਸਿਸਟਮ ਵੀ ਆਪਣਾ ਹਿੱਸਾ ਪਾਉਂਦਾ ਹੈ। ਕਮਜ਼ੋਰ ਅਤੇ ਲਾਚਾਰ ਇਸ ਅਣਮਨੁੱਖੀ ਅਤੇ ਘਿਨਾਉਣੇ ਕਾਰਨਾਮਿਆਂ ਦੇ ਸ਼ਿਕਾਰ ਹੁੰਦੇ ਹਨ।

ਮਨੁੱਖ ਦੀ ਜ਼ਿੰਦਗੀ ਦੇ ਕੁਝ ਜ਼ਖ਼ਮ ਬੜੇ ਗਹਿਰੇ ਹੁੰਦੇ ਹਨ। ‘ਵਿਆਹ ਤੋਂ ਪਹਿਲਾਂ ਤੇ ਬਾਅਦ’ ਕਹਾਣੀ ਵਿਚ ਲੇਖਕ ਨੇ ਮਨੁੱਖੀ ਮਨ ਦੇ ਡੂੰਘੇ ਅਤੇ ਰਿਸਦੇ ਜ਼ਖ਼ਮਾਂ ਦੇ ਦਰਦ ਨੂੰ ਉਭਾਰਿਆ ਹੈ। ਅਜਿਹੇ ਜ਼ਖ਼ਮ ਜੋ ਵਕਤ ਨਾਲ ਵੀ ਨਹੀਂ ਭਰਦੇ, ਬਲਕਿ, ਜੜ੍ਹਾਂ ਵਾਲੇ ਬਣਦਿਆਂ ਮਨੁੱਖ ਦੀ ਬਾਕੀ ਰਹਿੰਦੀ ਜ਼ਿੰਦਗੀ ‘ਤੇ ਵੀ ਡੂੰਘੀ ਛਾਪ ਛੱਡ ਜਾਂਦੇ ਹਨ।

ਕੋਵਿਡ ਮਹਾਂਮਾਰੀ ਨੇ ਮਨੁੱਖ ਨੂੰ ਉਸ ਦੀ ਔਕਾਤ ਸਮਝਾ ਦਿੱਤੀ। ਕੋਰੋਨਾ ਨਾਲ ਸਬੰਧਤ ਦਿਲਚਸਪ ਕਹਾਣੀ ‘ਵਾਰਡ ਨੰਬਰ ਇੱਕ’ ਵਿਚ ਮਨੁੱਖ ਦੇ ਲਾਲਚੀ ਅਤੇ ਖ਼ੁਦ ‘ਤੇ ਕੇਂਦਰਿਤ ਸੁਭਾਅ ਦਾ ਖ਼ੂਬਸੂਰਤ ਵਰਨਣ ਕੀਤਾ ਗਿਆ ਹੈ। ਕਿਵੇਂ ਗਿਰਗਿਟ ਵਾਂਗ ਰੰਗ ਬਦਲਦਾ ਸਵਾਰਥੀ ਇਨਸਾਨ ਆਪਣੇ ਫ਼ਾਇਦੇ ਲਈ ਝੂਠ ਬੋਲਣ ਤੋਂ ਗੁਰੇਜ਼ ਨਹੀਂ ਕਰਦਾ।

ਕਿਸਾਨੀ ਸੰਘਰਸ਼ ਨਾਲ ਸੰਬੰਧਤ ਕਹਾਣੀ ‘ਕੁੱਤੀ ਦਾ ਰਲੇਵਾਂ’ ਵਿਚ ਕੈਲੇ ਨੇ ਸਮੇਂ ਦੀਆਂ ਸਰਕਾਰਾਂ ਦੀ ਕਿਸਾਨਾਂ ਅਤੇ ਕਿਸਾਨੀ ਪ੍ਰਤੀ ਅਪਣਾਈ ਬੇਰੁਖ਼ੀ ਤੇ ਬੇਭਰੋਸਗੀ, ਵੱਡੀਆਂ ਕੰਪਨੀਆਂ ਅਤੇ ਸੱਤਾਧਾਰੀਆਂ ਦੇ ਗੱਠਜੋੜਾਂ ਨਾਲ ਹੁੰਦੀ ਕਿਸਾਨਾਂ ਦੀ ਲੁੱਟ ਅਤੇ ਦੁਰਦਸ਼ਾ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਕਹਾਣੀ ਸਕਾਰਾਤਮਕ ਸੁਨੇਹਾ ਦਿੰਦੀ ਹੈ ਕਿ ਅਜਿਹੀ ਬੇਇਨਸਾਫ਼ੀ ਨਾਲ ਨਜਿੱਠਣ ਦਾ ਰਸਤਾ ਕਿਸਾਨਾਂ ਦੁਆਰਾ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਨਹੀਂ, ਬਲਕਿ, ਸਮੇਂ ਦੀਆਂ ਜ਼ਾਲਮ ਤਾਕਤਾਂ ਵਿਰੁੱਧ ਲਾਮਬੰਦ ਹੋ ਕੇ ਆਪਣੇ ਬਣਦੇ ਹੱਕ ਨੂੰ ਹਿੱਕ ਤਾਣ ਕੇ ਲੈਣ ਵਾਸਤੇ ਜੂਝਣਾ ਹੈ, ਜੋ ਸਾਡੇ ਪੁਰਖੇ ਕਰਦੇ ਆਏ ਹਨ। ਇਹ ਸਾਡੀ ਜ਼ਮੀਰ ਦੇ ਜਿਉਂਦੇ-ਜਾਗਦੇ ਹੋਣ ਦੀ ਗਵਾਹੀ ਵੀ ਭਰਦਾ ਹੈ!

ਦੋਸਤੋ, ਇਸ ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ ਹੈ। ਇਨ੍ਹਾਂ ਕੁਝ ਕਹਾਣੀਆਂ ਦੇ ਮਾਮੂਲੀ ਜਿਹੇ ਜ਼ਿਕਰ ਤੋਂ ਇਲਾਵਾ ਇਸ ਪੁਸਤਕ ਵਿਚ ਬਹੁਤ ਹੋਰ ਪੜ੍ਹਨਯੋਗ ਕਹਾਣੀਆਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਪਾਠਕ ਜ਼ਰੂਰ ਪਸੰਦ ਕਰਨਗੇ। ਬਹੁਤ ਕੁਝ ਸਿੱਖ ਵੀ ਸਕਣਗੇ।

ਰਚਨਾਵਾਂ ਦੀ ਸ਼ਬਦਾਵਲੀ ਬੜੀ ਸਰਲ, ਪਰ ਪ੍ਰਭਾਵਸ਼ਾਲੀ ਹੈ। ਕੋਈ ਵੀ ਕਹਾਣੀ ਤੁਹਾਨੂੰ ਉਕਤਾਉਂਦੀ ਜਾਂ ਥਕਾਉਂਦੀ ਨਹੀਂ। ਲੇਖਕ ਦੇ ਮਨ ਦੀ ਗੱਲ ਪਾਠਕ ਦੇ ਮਨ ਤੱਕ ਅੱਪੜ ਰਹੀ ਹੈ। ਇਹੋ ਜਿਹੀਆਂ ਚੰਗੀਆਂ ਕਿਤਾਬਾਂ ਲਾਇਬਰੇਰੀਆਂ ਦਾ ਹਿੱਸਾ ਬਣਨੀਆਂ ਚਾਹੀਦੀਆਂ ਹਨ।

ਇੱਕ ਪਾਠਕ ਵਜੋਂ ਆਪ ਸਭ ਸੁਹਿਰਦ ਪਾਠਕਾਂ ਨੂੰ ਇਸ ‘ਚੁੱਪ ਦੇ ਸੱਨਾਟੇ’ ਨੂੰ ਪੜ੍ਹਨ, ਸੁਣਨ ਅਤੇ ਮਾਣਨ ਦੀ ਪੁਰਜ਼ੋਰ ਸਿਫਾਰਸ਼ ਕਰਦਾ ਹਾਂ। ਪੰਜਾਬੀ ਸਾਹਿਤ ਜਗਤ ਵਿਚ ਇਸ ਪ੍ਰਭਾਵਸ਼ਾਲੀ ਸਿਰਜਣਾ ਨੂੰ ‘ਜੀ ਆਇਆਂ’ ਅਤੇ ਸੁਰਿੰਦਰ ਕੈਲੇ ਦੇ ਨਿਰੰਤਰ ਸਾਹਿਤਕ ਸਫ਼ਰ ਲਈ ਸ਼ੁਭ ਕਾਮਨਾਵਾਂ!!

ਜ਼ਿੰਦਗੀ ਜ਼ਿੰਦਾਬਾਦ।

# ਵਿਚਾਰ ਪ੍ਰਵਾਹ: ਸਤਿਕਾਰਤ ਰਾਖਵੇਂ ਸ਼ਬਦ

ਸਤਿਕਾਰ ਯੋਗ ਸਾਧ ਸੰਗਤ ਜੀਉ ਹਰ ਧਰਮ ਵਿਚ ਕੁਝ ਨਾ ਕੁਝ ਰਾਖਵੇਂ ਸ਼ਬਦ ਹੁੰਦੇ ਹਨ ਜੋ ਸਿਰਫ ਧਰਮ ਦੇ ਵਿਸ਼ੇਸ਼ ਅਵਤਾਰੀ ਪੁਰਸ਼ਾਂ ਵਾਸਤੇ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਵੀ ਕੀਮਤ ‘ਤੇ ਕਿਸੇ ਹੋਰ ਨੂੰ ਨਹੀਂ ਦਿੱਤਾ ਜਾ ਸਕਦਾ ਮਿਸਾਲ ਦੇ ਤੌਰ ‘ਤੇ ਸਿੱਖ ਧਰਮ ਵਿਚ ਗੁਰੂ ਪਾਤਸ਼ਾਹ ਜੀ,




**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਦਾਤਾਰ ਪਾਤਸ਼ਾਹ, ਸੱਚੇ ਪਾਤਸ਼ਾਹ, ਸਿਰਜਣਹਾਰ ਦਾਤੇ, ਦੀਨ ਦਯਾ਼ਲ ਸਤਿਗੁਰੂ, ਸ਼ਾਹਿ ਸ਼ਹਿਨਸ਼ਾਹ, ਕਿਰਪਾ ਨਿਧਾਨ ਆਦਿ, ਸ਼੍ਰੋਮਣੀ ਸ਼ਹੀਦ, ਸ਼੍ਰੋਮਣੀ ਭਗਤ ਆਦਿ ਸ਼ਬਦਾਂ ਤੋਂ ਇਲਾਵਾ ਇੱਕ ਸ਼ਬਦ ਹੈ ਸਾਹਿਬਜ਼ਾਦੇ ਔਰ ਇਹ ਸ਼ਬਦ ਅੱਜ ਤੱਕ ਸਿਰਫ ਚਾਰ ਸਾਹਿਬਜ਼ਾਦੇ ਸਾਹਿਬਾਨ ਵਾਸਤੇ ਹੀ ਵਰਤਿਆ ਗਿਆ ਹੈ। ਅਦੁੱਤੀ ਸ਼ਹਾਦਤਾਂ ਖਾਤਰ! ਸਿਰਫ ਇਸ ਕਾਰਨ ਨਹੀਂ ਕਿ ਉਹ ਸਾਹਿਬਜ਼ਾਦੇ ਦਸਮੇਸ਼ ਪਿਤਾ ਜੀ ਦੇ ਫਰਜ਼ੰਦ ਸਨ! ਉਹ ਸਿਰਫ ਇਸ ਲਈ ਵਰਤਿਆ ਗਿਆ ਕਿ ਜੋ ਕੌਤਕ ਉਨ੍ਹਾਂ ਕੀਤਾ ਉਹ ਨਾ ਤਾਂ ਸੰਸਾਰ ‘ਤੇ ਕਦੇ ਪਹਿਲਾਂ ਹੋਇਆ ਸੀ ਅਤੇ ਨਾ ਹੀ ਬਾਅਦ ਵਿਚ ਹੋਇਆ ਹੈ, ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਛੱਡ ਕੇ ਬਾਕੀ ਸਾਰੇ ਗੁਰੂ ਸਾਹਿਬਾਨ ਦੇ ਬੱਚੇ ਸਨ ਅਤੇ ਗੁਰੂ ਸਾਹਿਬਾਨ ਦੇ ਸਪੁੱਤਰ ਅੱਗੋਂ ਵੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਵਾਰਿਸ ਬਣੇ ਭਾਵ ਗੁਰਗੱਦੀ ‘ਤੇ ਬਿਰਾਜਮਾਨ ਹੋਏ ਤਾਂ ਵੀ ਉਨ੍ਹਾਂ ਨੂੰ ਸਾਹਿਬਜ਼ਾਦੇ ਦੇ ਸਤਿਕਾਰ ਵਜੋਂ ਸਤਿਕਾਰ ਨਹੀਂ ਦਿੱਤਾ ਗਿਆ ਤਾਂ ਹੋਰ ਕਿਸੇ ਗੁਰਸਿੱਖ ਗੁਰਸੇਵਕ ਨੂੰ ਕਿਵੇਂ ਦਿਤਾ ਜਾ ਸਕਦਾ ਸੀ ਜਾਂ ਦਿੱਤਾ ਜਾ ਸਕਦਾ ਹੈ?

ਕਾਫੀ ਸਾਲਾਂ ਤੋਂ ਇਸ ਗੱਲ ਦਾ ਵਿਵਾਦ ਚੱਲ ਰਿਹਾ ਹੈ ਕਿ ਇੱਕ ਪੰਜਾਬੀ ਲੇਖਕ ਨੇ ਨਾਵਲ ਲਿਖ ਦਿੱਤਾ (ਪੰਜਵਾਂ ਸਾਹਿਬਜ਼ਾਦਾ) ਅਤੇ ਪੰਜਵੇਂ ਸਾਹਿਬਜ਼ਾਦੇ ਦੀ ਪਦਵੀ ਦਿੱਤੀ ਰੰਘਰੇਟਾ ਗੁਰੂ ਕਾ ਬੇਟਾ ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਨੂੰ (ਭਾਈ ਜੈਤਾ ਜੀ) ਨੂੰ। ਸਿੱਖ ਕੌਮ ਵਿੱਚ ਭਾਈ ਜੀਵਨ ਸਿੰਘ ਜੀ ਦਾ ਅਥਾਹ ਸਤਿਕਾਰ ਹੈ ਪਰ ਸਾਹਿਬਜ਼ਾਦੇ ਦੀ ਪਦਵੀ ਦੇਣੀ ਸ਼ਾਇਦ ਕਿਸੇ ਦੁਨਿਆਵੀ ਬੰਦੇ ਦੇ ਹੱਥ ਵਿਚ ਨਹੀਂ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਜਾਂ ਆਰ ਐਸ ਐਸ ਦੀ ਘੁਰਕੀ ਤੋਂ ਡਰਦਿਆਂ ਕਿਸੇ ਨੇ ਇਸ ਨਾਵਲ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਜਿਸ ਤੋਂ ਬਾਅਦ ਉਸੇ ਲੇਖਕ ਨੇ ਇੱਕ ਹੋਰ (ਸੂਰਜ ਦੀ ਅੱਖ) ਨਾਵਲ ਲਿਖ ਦਿੱਤਾ ਜਿਸ ਵਿਚ ਖਾਲਸਾ ਰਾਜ ਅਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰੇ ਬਹੁਤ ਅਪਸ਼ਬਦ ਲਿਖੇ ਹੋਏ ਹਨ। ਉਸ ਉਪਰ ਵੀ ਕੋਈ ਕਾਰਵਾਈ ਅਮਲ ਵਿਚ ਨਹੀਂ ਆਈ। ਕੀ ਹੋ ਗਿਆ ਹੈ ਸਾਨੂੰ ਅਤੇ ਬਾਦਲਾਂ ਦੇ ਗਲਬੇ ਵਿਚ ਕੰਮ ਰਹੀ ਕਮੇਟੀ ਨੂੰ? ਕਿਉਂ ਸਿੱਖ ਕੌਮ ਦੇ ਇਤਿਹਾਸ ਦਾ ਮਿਲਗੋਭਾ ਹੋਣ ਤੋਂ ਰੋਕਣ ਦੀ ਜਗ੍ਹਾ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ ਹਨ ਪ੍ਰਧਾਨ ਧਾਮੀ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ?

# ਬੇਹੱਦ ਅਸਹਿ ਹੈ ਪੂਰਨ ਸ਼ਾਹਕੋਟੀ ਦਾ ਤੁਰ ਜਾਣਾ

ਪੂਰਨ ਸ਼ਾਹਕੋਟੀ ਦੇ ਤੁਰ ਜਾਣ ਨਾਲ ਹਰ ਸੰਗੀਤ ਪ੍ਰੇਮੀ ਦੀਆਂ ਅੱਖਾਂ ਨਮ ਸਨ। ਰੁਮਾਲ ਨਾਲ ਵਾਰ-ਵਾਰ ਹੰਝੂ ਪੂੰਝ ਰਹੇ ਸਨ। ਹਰ ਕੋਈ ਕਹਿ ਰਿਹਾ ਸੀ ਕਿ ਉਹ ਮੇਰੇ ਮਾਂ- ਬਾਪ ਸਨ। ਮੇਰੀ ਹੋਂਦ ਉਨ੍ਹਾਂ ਨਾਲ ਹੀ ਸੀ। ਜਿਨ੍ਹਾਂ ਗਾਇਕਾਂ ਨੇ ਉਨ੍ਹਾਂ ਦੇ ਘਰ ਆ ਕੇ ਸੰਗੀਤ ਦੀ ਸਿੱਖਿਆ ਹਾਸਲ ਕੀਤੀ, ਉਹ ਅੱਜ ਦੇਸ਼-ਵਿਦੇਸ਼ 'ਚ ਆਪਣਾ ਨਾਮ ਬਣਾ ਚੁੱਕੇ ਹਨ।ਉਹ ਸਭ ਦੇ ਉਸਤਾਦ ਰਹੇ ਸਨ। ਉਨ੍ਹਾਂ ਦੀ ਆਵਾਜ਼ ਦਾ ਕਲਾਮ ਬਹੁਤ ਉੱਚਾ ਸੀ। ਕੁਦਰਤ ਵੱਲੋਂ ਆਵਾਜ਼ ਦੀ ਬਖ਼ਸ਼ਿਸ਼ ਮਿਲੀ ਹੋਈ ਸੀ। ਨਾ ਕਦੇ ਹਲਕਾ ਸੁਰ ਲਾਇਆ, ਨਾ ਹੀ ਜੀਵਨ 'ਚ ਹਲਕੀ ਗੱਲ ਕੀਤੀ। ਸੰਗੀਤ ਦੇ ਸ਼ਹਿਨਸ਼ਾਹ



ਸਨ। ਮੈਨੂੰ ਬੋਲਣਾ ਸਿਖਾਇਆ, ਤੁਰਨਾ ਸਿਖਾਇਆ, ਸੰਗੀਤ ਸਿਖਾਇਆ। ਜੋ ਕੁਝ ਵੀ ਸਿੱਖਿਆ, ਉਹ ਉਨ੍ਹਾਂ ਤੋਂ ਹੀ ਸਿੱਖਿਆ। ਮੈਂ ਉਨ੍ਹਾਂ ਦਾ ਦਾਸ ਸੀ। ਬਚਪਨ 'ਚ ਮੈਂ ਉਨ੍ਹਾਂ ਕੋਲ ਆਇਆ ਸੀ। ਇਕ ਬਾਇਲੋਜਿਕਲ ਮਾਂ-ਬਾਪ ਹੁੰਦੇ ਹਨ, ਦੂਜੇ ਇਹ ਸਾਡੇ ਮਾਈ- ਬਾਪ



ਸਨ। ਜਿਨ੍ਹਾਂ ਨੇ ਗੂੰਗਿਆਂ ਨੂੰ ਬੋਲਣਾ ਸਿਖਾਇਆ। ਸਾਨੂੰ ਪਤਾ ਨਹੀਂ ਸੀ ਕਿ ਕਦੇ ਇਹ ਸ਼ਬਦ ਵੀ ਕਹਿਣੇ ਪੈਣਗੇ ਕਿ ਹੁਣ ਉਹ ਨਹੀਂ ਰਹੇ। ਇਹ ਸ਼ਬਦ ਸਨ ਪਦਮਸ਼੍ਰੀ ਤੇ ਸਾਬਕਾ ਸੰਸਦ ਮੈਂਬਰ ਹੰਸਰਾਜ ਹੰਸ ਦੇ। ਪੂਰਨਸ਼ਾਹ ਕੋਟੀ ਹੰਸਰਾਜ ਹੰਸ ਦੇ ਗੁਰੂ ਰਹੇ ਹਨ। ਹੰਸਰਾਜ ਹੰਸ ਨੇ ਕਿਹਾ ਕਿ ਉਹ ਮੇਰੀ ਬਹੁਤ ਫਿਕਰ ਕਰਦੇ ਸਨ। ਖਾਣ-ਪੀਣ ਦਾ ਖ਼ਾਸ ਖ਼ਿਆਲ ਰੱਖਦੇ ਸਨ।

## ਸੱਚੇ ਲੈਜੈਂਡ ਸਨ ਸ਼ਾਹਕੋਟੀ

ਹਰ ਕਿਸੇ ਨੂੰ ਲੈਜੈਂਡ ਨਹੀਂ ਕਿਹਾ ਜਾ ਸਕਦਾ। ਸਭ ਤੋਂ ਵੱਧ ਫਨਕਾਰ ਪੈਦਾ ਕਰਨ ਵਾਲੇ ਨੂੰ ਹੀ ਅਸਲੀ ਲੈਜੈਂਡ ਕਿਹਾ ਜਾਂਦਾ ਹੈ। ਇਹ ਕਹਿਣਾ ਹੈ ਪੰਜਾਬੀ ਗਾਇਕਾ ਗੁਰਲੇਜ਼ ਅਖ਼ਤਰ ਦਾ ਗੁਰਲੇਜ਼ ਅਖ਼ਤਰ ਨੇ ਕਿਹਾ ਕਿ ਉਹ ਸ਼ਨਿਚਰਵਾਰ ਨੂੰ ਮਿਲਣ ਗਏ ਸਨ। ਪਿਤਾ ਦੀ ਹਾਲਤ ਦੇਖ ਕੇ ਬੇਟਾ ਮਾਸਟਰ ਸਲੀਮ ਬਹੁਤ ਰੋ ਰਿਹਾ ! ਸੀ। ਸੋਮਵਾਰ ਨੂੰ ਉਸਤਾਦ ਪੂਰਨਸ਼ਾਹ ਕੋਟੀ ਦੇ ਦੇਹਾਂਤ ਦੀ ਖ਼ਬਰ ਮਿਲੀ। 22 ਸਾਲਾਂ ਬਾਅਦ ਮੁਲਾਕਾਤ ਹੋਈ ਸੀ।ਪੁਰਾਣੀਆਂ ਗੱਲਾਂ ਯਾਦ ਕੀਤੀਆ। ਉਹ ਕਹਿੰਦੇ ਸਨ ਕਿ ਮੈਂ ਹਮੇਸ਼ਾ ਤੇਰੇ ਗੀਤ ਸੁਣਦਾ ਹਾਂ, ਆਵਾਜ਼ ਤੇ ਸੁਰ ਬਹੁਤ ਵਧੀਆ ਹਨ।




## ਸ਼ਾਹਕੋਟ ਉਦਾਸ ਹੈ

ਸ਼ਾਹਕੋਟੀ ਦੇ ਤੁਰ ਜਾਣ ਨਾਲ ਸ਼ਾਹਕੋਟ ਉਦਾਸ ਹੈ। ਉਹ 40-45 ਸਾਲ ਪਹਿਲਾਂ ਇੱਥੋਂ ਅਬਾਦਪੁਰਾ (ਜਲੰਧਰ) ਚਲੇ ਗਏ ਸਨ ਤੇ ਫਿਰ ਦਿਓਲ ਨਗਰ 'ਚ ਰਿਹਾਇਸ਼ ਬਣਾ ਲਈ ਪਰ ਸ਼ਾਹਕੋਟੀਏ ਅੱਜ ਵੀ ਉਸਤਾਦ ਜੀ ਨੂੰ ਆਪਦਾ ਗਾਇਕ ਸਮਝਦੇ ਹਨ। ਸ਼ਾਹਕੋਟ ਦਾ ਮੁਹੱਲਾ ਬਾਗਵਾਲਾ ਬੜਾ ਮਸ਼ਹੂਰ ਹੈ। ਇੱਥੇ ਹੀ ਪਿਤਾ ਨਿਰੰਜਨ ਦਾਸ ਦੇ ਘਰ ਤੇ ਮਾਤਾ ਲਾਜੋ ਦੀ ਕੁੱਖੋਂ ਪੂਰਨ ਪੈਦਾ ਹੋਇਆ ਸੀ। ਉਨ੍ਹਾਂ ਦਾ ਜੱਦੀ ਘਰ ਕਿਸੇ ਹੋਰ ਨੇ ਖਰੀਦ ਲਿਆ ਹੋਇਆ ਹੈ ਜਦੋਂਕਿ ਉਸੇ ਮੁਹੱਲੇ 'ਚ ਉਨ੍ਹਾਂ ਦਾ ਵੱਡਾ ਪੁੱਤਰ ਕਾਲੂ ਸ਼ਾਹਕੋਟੀ ਪਰਿਵਾਰ ਸਮੇਤ ਰਹਿੰਦਾ ਹੈ। ਕਾਲੂ ਦੀ ਪਤਨੀ ਕਸ਼ਮੀਰੋ ਨੇ ਦੱਸਿਆ ਕਿ ਜਿਸ ਘਰ ਵਿਚ ਉਹ ਰਹਿ ਰਹੇ ਹਨ, ਇਹ ਉਸ ਦੇ ਪਿਤਾ ਬਾਲਮ ਦਾ ਹੈ। ਪੂਰਨ ਸ਼ਾਹਕੋਟੀ ਤੇ ਬਾਲਮ ਸਾਲਾ-ਭਣਵੱਈਆ ਸਨ। ਮੀਰਜ਼ਾਦਿਆਂ ਦੇ ਤਸ਼ਤੇ ਬਣਨ ਦੇ ਰੀਤੀ-ਰਿਵਾਜਾਂ ਅਨੁਸਾਰ ਬਾਅਦ ਵਿਚ ਪੂਰਨ ਸ਼ਾਹਕੋਟੀ ਤੇ ਬਾਲਮ ਕੁੜਮ ਬਣ ਗਏ। ਪੂਰਨ ਸ਼ਾਹਕੋਟੀ ਦੇ ਜੱਦੀ ਘਰ 'ਚ ਰਹਿੰਦੀ ਔਰਤ ਨੇ ਦੱਸਿਆ ਕਿ ਇਹ ਘਰ ਮਰਹੂਮ ਮਾਸਟਰ ਬੰਤਾ ਰਾਮ ਦਾ ਹੈ।

## ਕਲਾ ਪਰਿਕਰਮਾ

ਮਾਸਟਰ ਹੁਰਾਂ ਇਹ ਘਰ ਕਿਸੇ ਹੋਰ ਕੋਲੋਂ ਖਰੀਦਿਆ ਸੀ। ਉਕਤ ਔਰਤ ਨੇ ਦੱਸਿਆ ਕਿ ਸਾਨੂੰ ਤਾਂ ਉਸ ਦਿਨ ਪਤਾ ਲੱਗਾ ਸੀ ਕਿ ਇਹ ਘਰ ਪੂਰਨ ਸ਼ਾਹਕੋਟੀ ਦਾ ਹੁੰਦਾ ਸੀ, ਜਦੋਂ ਉਹ ਆਪਣੇ ਪੁੱਤਰ ਕਾਲੂ ਦੇ ਘਰ ਵੱਲ ਨੂੰ ਲੰਘਦੇ ਹੋਏ ਇਸ ਘਰ ਦੀਆਂ ਦਹਿਲੀਜ਼ਾਂ 'ਤੇ ਨਤਮਸਤਕ ਹੋ ਕੇ ਗਏ ਸਨ। ਇੱਥੇ ਦੱਸਣਾ ਬਣਦਾ ਹੈ ਕਿ ਕਾਲੂ ਸ਼ਾਹਕੋਟੀ ਪੂਰਨ ਸ਼ਾਹਕੋਟੀ ਦੀ ਪਹਿਲੀ ਪਤਨੀ ਸ਼ਿੰਦੋ ਦੇ ਪੇਟੋਂ ਹੈ ਤੇ ਮਾਸਟਰ ਸਲੀਮ ਦੀ ਮਾਂ ਦਾ ਨਾਂ ਮਥਰੋ ਹੈ। ਸ਼ਾਹਕੋਟ ਦੇ ਕੁਲਵਿੰਦਰ ਭਾਊ ਨੇ ਪੂਰਨ ਸ਼ਾਹਕੋਟੀ ਨੂੰ 1984 'ਚ ਆਪਣਾ ਉਸਤਾਦ ਧਾਰਿਆ ਸੀ। ਉਨ੍ਹਾਂ ਨੂੰ ਵੀ ਲੋਕ ਸੂਫੀ ਗਾਇਕ ਵਜੋਂ ਜਾਣਦੇ ਹਨ।

ਪੂਰਨ ਸ਼ਾਹਕੋਟੀ ਨੂੰ ਉਸਤਾਦ ਧਾਰਨ ਦੀ ਵਿੱਥਿਆ ਦੱਸਦਿਆਂ ਕੁਲਵਿੰਦਰ ਭਾਊ ਨੇ ਦੱਸਿਆ ਕਿ ਉਨ੍ਹਾਂ ਵੇਲਿਆਂ 'ਚ ਲਾਂਬੜਾ ਵਿਖੇ ਹਰਪਾਲ ਸ਼ਰਮਾ ਦਾ ਦਫਤਰ ਹੁੰਦਾ ਸੀ। ਉਸਤਾਦ ਪੂਰਨ ਸ਼ਾਹਕੋਟੀ ਵੀ ਉਸੇ ਦਫਤਰ ਬੈਠਿਆ ਕਰਦੇ ਸਨ। ਉਸਤਾਦ ਜੀ ਨੂੰ ਮਿਲਣ ਗਿਆ ਤਾਂ ਦਫਤਰੋਂ ਪਤਾ ਲੱਗਾ ਕਿ ਉਹ ਨੇੜਲੇ ਪਿੰਡ ਕਲਿਆਣਪੁਰ ਗਾਉਣ ਗਏ ਹਨ। ਮੈਂ ਤੁਰ ਕੇ ਕਲਿਆਣਪੁਰ ਉਨ੍ਹਾਂ ਦਾ ਪ੍ਰੋਗਰਾਮ ਦੇਖਣ ਚਲੇ ਗਿਆ। ਉੱਥੇ ਉਨ੍ਹਾਂ ਨੂੰ ਆਪਣੀ ਗੱਲ ਦੱਸੀ ਤਾਂ ਉਹ ਆਪਣੇ ਘਰ ਅਬਾਦਪੁਰ ਲੈ ਗਏ ਤੇ ਮੈਂ ਉਨਾਂ ਦਾ ਸ਼ਾਗਿਰਦ ਬਣ ਗਿਆ।

## ਪੂਰਨ ਸ਼ਾਹਕੋਟੀ ਦੇ ਪ੍ਰਸਿੱਧ ਗੀਤ

-ਮੈਂ ਕੀਨੂੰ-ਕੀਨੂੰ ਦੱਸਾਂ ਪਿਆਰ ਦੀਆਂ ਗੱਲਾਂ
-ਸੋਹਣੀਏ ਨੀ ਸਾਨੂੰ ਤੇਰੀਆਂ ਉਡੀਕਾਂ
-ਐਹਨੂੰ ਇਸ਼ਕ ਦੀ ਚਾਟੇ ਲਾ ਦਵੋ, ਨਿਕਲ ਸੁੱਕੀ ਨਾ ਜਾਵੇ
-ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
-ਰੱਬਾ ਮੇਰੇ ਹਾਲ ਦਾ ਮੇਹਰਮ ਤੂੰ
-ਸੁਣ ਹੁੱਕ ਮਹਿਰਮਾ ਵੇ, ਇਕ ਹੁੱਕ ਮਹਿਰਮਾ ਵੇ
-ਮੇਰੀ ਗੋਦੜੀ, ਮੋਰੀ ਗੋਦੜੀ
-ਤੂੰਬਾ ਤੁਣਕ-ਤੁਣਕ ਕਰਦਾ

-0-

"ਉਹ ਹਸਤੀ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਈ ਜੋ ਸਾਰੇ ਜਹਾਨ ਦਾ ਸੀ। ਸਾਡੇ ਸਾਰਿਆਂ ਦੀ ਹੋਂਦ ਉਨ੍ਹਾਂ ਕਰ ਕੇ ਹੀ ਸੀ। ਸਾਡੀ ਇੱਕ ਮਾਂ- ਦੁਨੀਆ ਉਨ੍ਹਾਂ ਨਾਲ ਵੱਸਦੀ ਸੀ ਮੈਂ ਉਨ੍ਹਾਂ ਦਾ ਦਾਸ ਸੀ। ਬਾਪ ਨੇ ਮੈਨੂੰ ਜਨਮ ਦਿੱਤਾ। ਇੱਕ ਇਹ ਮਾਂ-ਬਾਪ ਜਿਨ੍ਹਾਂ ਸਾਨੂੰ ਗੂੰਗਿਆਂ ਨੂੰ ਬੋਲਣਾ ਸਿਖਾਇਆ, ਸਾਨੂੰ ਪਤਾ ਨਹੀਂ ਸੀ ਕਿ ਕਦੇ ਸਾਨੂੰ ਇਹ ਵੀ ਬੋਲਣਾ ਪਵੇਗਾ ਕਿ ਉਹ ਅੱਜ ਨਹੀਂ ਰਹੇ! ਅੱਜ ਲਫਜ਼ ਸਾਥ ਨਹੀਂ ਦੇ ਰਹੇ।"

**-ਹੰਸ ਰਾਜ ਹੰਸ ਪਦਮਸ਼੍ਰੀ**

"ਉਸਤਾਦ ਪੂਰਨ ਸ਼ਾਹ ਕੋਟੀ ਦਾ ਦੁਨੀਆ ਤੋਂ ਜਾਣਾ ਪੰਜਾਬ ਪੰਜਾਬੀਅਤ ਤੇ ਸੰਗੀਤ ਪ੍ਰੇਮੀ ਲਈ ਵੱਡਾ ਘਾਟਾ ਹੈ। ਉਨ੍ਹਾਂ ਨੂੰ ਪੰਜਾਬੀ ਗਾਇਕੀ 'ਚ ਸੂਫ਼ੀ ਗਾਇਕੀ ਦੇ ਥੰਮ੍ਹ ਵਜੋਂ ਜਾਣਿਆ ਜਾਂਦਾ ਸੀ। ਮੈਂ ਖੁਸ਼ਨਸੀਬ ਹਾਂ ਕਿ ਮੈਨੂੰ ਉਨ੍ਹਾਂ ਦੇ ਲੜ ਲੱਗਣ ਦਾ ਮੌਕਾ ਮਿਲਿਆ। ਮੈਂ ਜਸਬੀਰ ਜੱਸੀ, ਬਲਬੀਰ ਬੀਰਾ ਸਾਰੇ ਸਮਕਾਲੀ ਹਾਂ, ਅਸੀਂ ਸਾਰੇ ਇਕੱਠੇ ਗੁਰੂ ਜੀ ਦੇ ਲੜ ਲੱਗੇ। ਮੈਨੂੰ ਗੁਰੂ ਜੀ ਅਲੱਗ ਤਰ੍ਹਾਂ ਦਾ ਪਿਆਰ ਕਰਦੇ ਸੀ। ਗੁਰੂ ਜੀ ਨੇ ਆਪਣਾ ਗਾਣਾ ਕਦੇ ਵੇਚਿਆ ਨਹੀਂ ਸੀ, ਅੱਜ ਸੰਗੀਤ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ।"

**-ਰੋਮੀ ਰੰਜਨ, ਪੰਜਾਬੀ ਗਾਇਕ।**

"ਉਸਤਾਦ ਪੂਰਨ ਸ਼ਾਹਕੋਟੀ ਨੂੰ ਸੂਫ਼ੀ ਗਾਇਕੀ ਦੇ ਥੰਮ੍ਹ ਵਜੋਂ ਜਾਣਿਆ ਜਾਂਦਾ ਹੈ। ਪਦਮਸ਼੍ਰੀ ਹੰਸ ਰਾਜ ਹੰਸ, ਜਸਵੀਰ ਜਸੀ, ਰੰਜਨ ਰੋਮੀ, ਮੰਗੀ ਮਾਹਲ, ਬਲਬੀਰ ਬੀਰਾ ਤੇ ਮਰਹੂਮ ਸਾਬਰ ਕੋਟੀ ਵਰਗੇ ਵੱਡੇ ਸ਼ਾਗਿਰਦ ਪੰਜਾਬੀ ਸੰਗੀਤ ਜਗਤ ਦੀ ਝੋਲੀ ਪਾਏ, ਉੱਥੇ ਹੀ ਉਨ੍ਹਾਂ ਦੇ ਪੁੱਤਰ ਮਾਸਟਰ ਸਲੀਮ ਦਾ ਵੀ ਗਾਇਕੀ ਦੇ ਖੇਤਰ 'ਚ ਆਪਣਾ ਵਿਲੱਖਣ ਰੁਤਬਾ ਸ਼ਾਹਕੋਟੀ ਦੀ ਦੇਖ-ਰੇਖ ਹੇਠ ਬਣਿਆ। ਪੰਜਾਬੀ ਗਾਇਕੀ ਦਾ ਫੁਲਵਾੜੀ ਦਾ ਮਾਲੀ ਅੱਜ ਅੱਧ ਵਿਚਕਾਰੇ ਛੱਡ ਕੇ ਤੁਰ ਗਿਆ।

**-ਰਵਿੰਦਰ ਸਿੰਘ ਟੁਰਨਾ,**
**ਓ.ਐੱਸ.ਡੀ. ਰਜਿੰਦਰ ਕੌਰ ਭੱਠਲ।**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਜਨਵਰੀ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-723



*ਸੱਜ ਧੱਜ ਕੇ ਕੁੜੀ ਪੰਜਾਬਣ, ਬੈਠੀ ਚਰਖਾ ਡਾਹ ਕੇ,*
*ਤ੍ਰਿੰਵਣ ਦਾ ਪੈਂਦਾ ਹੈ ਝਉਲਾ, ਤੰਦ ਤੱਕਲੇ 'ਤੇ ਪਾ ਕੇ।*
*ਗੋਟੇ ਵਾਲ਼ੀ ਚੁੰਨੀ ਸਿਰ 'ਤੇ, ਮੱਥੇ ਉੱਤੇ ਟਿੱਕਾ ਲਾ ਕੇ,*
*ਸੁਘੜ ਸਿਆਣੀ ਪੀੜੀ 'ਤੇ, ਹੈ ਸੁੰਦਰ ਪੋਜ਼ ਬਣਾ ਕੇ।*

## ਕੈਪਸ਼ਨ ਮੁਕਾਬਲਾ-721



ਕਿਸੇ ਦੀ ਦਾਦੀ, ਕਿਸੇ ਦੀ ਨਾਨੀ
ਸਭਨਾਂ ਰਲ਼ ਮਿਲ਼ ਝੁਰਮਟ ਪਾਇਆ।
ਸੱਜੇ-ਸੱਜੇ ਕੁੜੀਆਂ, ਖੱਬੇ-ਖੱਬੇ ਮੁੰਡੇ
ਨਿੱਕਾ ਗੋਦੀ ਵਿਚ ਬਿਠਾਇਆ।
ਵਿੰਗੇ-ਟੇਢੇ ਖੜ੍ਹ ਗਏ ਸਾਰੇ।
ਆਪੋ ਆਪਣਾ ਪੋਜ਼ ਬਣਾਇਆ।
ਤਿਆਰੀ ਬਿਆਰੀ ਪੂਰੀ ਕਰਕੇ
ਰੰਗਦਾਰ ਫੋਟੋ ਖਿਚਵਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ:+1 403 439 2008***

---

ਗਰਮੀ ਦੀਆਂ ਹੋਈਆਂ ਛੁੱਟੀਆਂ,
ਆ ਨਾਨਕੇ ਰੌਣਕ ਲਾਈ,
ਦੋਹਤੇ ਦੋਹਤੀਆਂ ਪੋਤਰੇ ਪੋਤੀਆਂ,
ਹੈ ਨਾਨੀ ਦੀ ਹੋਸ਼ ਭੁਲਾਈ।
ਡੱਡੂਆਂ ਦੀ ਪੰਸੇਰੀ ਇਕੱਠੇ ਹੋ ਕੇ,
ਹਰ ਪਾਸੇ ਊਧਮ ਮਚਾਈ,
ਇਧਰ ਉਧਰ ਝਾਕ ਰਹੇ ਨੇ ਸਾਰੇ,
ਨਾ ਕੰਮ ਦੀ ਪੋਜ਼ ਬਣਾਈ।
***-ਸੇਵਾ ਸਿੰਘ 'ਨੂਰਪੁਰੀ'***

---

ਸਕੂਲਾਂ ਵਿਚੋਂ ਹੋਈਆਂ ਛੁੱਟੀਆਂ,
ਦੋਹਤੇ-ਦੋਹਤੀਆਂ ਨਾਨਕੇ ਆਏ
ਦੋਹਤੇ-ਪੋਤਿਆਂ ਹੋ ਇਕੱਠੇ,
ਖੁਸ਼ੀਆਂ ਦੇ ਵਿਚ ਜਸ਼ਨ ਮਨਾਏ
ਸਾਰੇ ਬੱਚੇ ਦੇਖ ਇਕੱਠੇ,
ਦਾਦੀ ਨੂੰ ਚੜ੍ਹ ਗਿਆ ਚਾਅ
ਪਿਆਰ ਨਾਲ ਨਾਨੀ ਨੇ ਚੁੱਕ ਕੇ,
ਦੋਹਤਾ ਗੋਦੀ ਲਿਆ ਬਿਠਾ
ਬੱਚੇ ਖੜ੍ਹ ਕੇ ਲਾਉਣ ਸਕੀਮਾਂ,
ਕਿਦਾਂ ਹੈ ਅਸੀਂ ਲਾਈਨ ਬਣਾਉਣੀ
ਫੋਟੋਗਰਾਫ਼ਰ ਨੂੰ ਖੜ੍ਹੇ ਉਡੀਕਣ,
ਇਕੱਠਿਆਂ ਹੈ ਤਸਵੀਰ ਖਿਚਾਉਣੀ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਮਾਤਾ ਜੀ ਦੁਆਲੇ
ਚਿੜੀਆਂ ਕੁੜੀਆਂ ਝੁਰਮਟ ਪਾਇਆ
ਇਕ ਛੋਟੀ ਬੱਚੀ ਨੂੰ ਗੋਦੀ ਵਿਚ ਲੈ ਕੇ
ਫੋਟੋ ਖਿਚਾਣ ਦਾ ਪੋਜ਼ ਬਣਾਇਆ।
ਨੰਨ੍ਹੀ ਛਾਂ ਨੂੰ ਬਚਾਓ ਦੇ ਨਾਅਰੇ ਨੇ
ਡਿੱਗਦਾ ਡਿੱਗਦਾ ਅਨੁਪਾਤ ਵਧਾਇਆ।
ਕੁੜੀਆਂ ਦੀ ਤ਼ੀ ਲੋੜ ਹੈ ਬਹੁਤ
ਤੰਗਦਿਲੀਆਂ 'ਚੋਂ ਨਿਕਲ
ਆਧੁਨਿਕਤਾ ਦਾ ਯੁਗ ਹੈ ਆਇਆ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***

---

ਸੁਖ ਨਾਲ ਪਰਿਵਾਰ ਵੀ ਵੱਡਾ
ਬੇਬੇ ਬਹਿ ਗਈ ਨਿੱਕੇ ਨੂੰ ਚੁੱਕ
ਕਹਿ ਖਿੱਚ ਦੇ ਸਭ ਦੀ ਫੋਟੋ
ਐਨੇ ਉਤਸ਼ਾਹਿਤ ਹੋ ਗਏ ਬੱਚੇ
ਪੋਜ਼ ਬਣਾਉਂਦੇ ਰਹਿ ਗਏ
ਕੈਮਰਾਮੈਨ ਵੀ ਅਣਜਾਣ
ਨਹੀਂ ਕਿਹਾ ਦੇਖੋ ਇੱਧਰ
ਬਟਨ ਦਿੱਤਾ ਦਬਾ
ਬੇਬੇ ਦੀ ਹੱਸਦਿਆਂ ਆਈ ਸੋਹਣੀ ਫੋਟੋ
ਬਾਕੀ ਰਹਿ ਗਏ ਗੁੱਸੇ 'ਚ ਮੋਢੇ ਚੁੱਕਦੇ
ਕਿਸੇ ਦਾ ਮੂੰਹ ਕਿੱਧਰ,
ਕੋਈ ਕਿਸੇ ਪਾਸੇ ਝਾਕਦਾ।
***-ਦਰਸ਼ਨ ਪਾਲ ਦੋਸਾਂਝ***

# ਨਵੇਂ ਸਾਲ 'ਤੇ ਵਿਸ਼ੇਸ

## ਸ਼ਾਲਾ! ਨਵਾਂ ਸਾਲ

ਮਹਿੰਗਾਈ ਸੜ' ਜੀਸੌਂਵੇ ਨ ਕੋਈ ਭੁੱਖਾ,
ਅਬਾਦ ਰਹੇ ਹਰ ਘਰ ਸਾਫ਼ ਸਲੋਨਾ ਹੋ।
ਮਜ਼੍ਹਬਾਂ ਦੀ ਨਫ਼ਰਤ ਥਾਂਹ ਹੋਵੇ ਮੁਹੱਬਤ,
ਅਮਨ ਸ਼ਾਂਤੀ ਦਾ ਹਰ ਤਰਫ਼ ਵਿਛੌਣਾ ਹੋ।

ਆਸਾਂ ਫੁੱਲ-ਫ਼ਲਣ ਨ ਹੋਣ ਕਤਲ ਸੱਧਰਾਂ,
ਖੁਸ਼ੀ ਹਰ ਵਿਹੜੇ, ਨ ਦਰਦ ਦੁਖਾਉਣਾ ਹੋ।
ਮੁੱਢਲਾ ਹੱਕ ਸਿੱਖਿਆ ਤੇ ਰੁਜ਼ਗਾਰ ਮਿਲੇ,
ਖੁਸ਼ਬੋਆਂ ਵੰਡਦਾ ਪਿਆਰ ਲੁਭਾਉਣਾ ਹੋ।

ਅਲਵਿਦਾ ਪੱਚੀ ਖੁਸ਼ਆਮਦੀਦ ਛੱਬੀ ਨੂੰ,
ਕਿਲਕਾਰੀ ਮਾਰਦਾ ਨਵਾਂ ਸੂਰਜ ਉਦਾ ਹੋ।
ਹਿੰਦੂ, ਸਿੱਖ, ਮੁਸਲਿਮ ਤੇ ਪਾਰਸੀ ਈਸਾਈ,
ਪੈਣ ਜੱਫੀਆਂ ਨ ਭਾਈ ਤੋਂ ਭਾਈ ਜੁਦਾ ਹੋ।

ਧਰਮ ਨਾ ਵੰਡਣ ਊਚ-ਨੀਚਤਾ ਨ ਰੜਕੇ,
ਨਾ ਹੀ ਜਾਤ-ਪਾਤ ਦੇ ਝਗੜੇ, ਇੱਕ ਖੁਦਾ ਹੋ।
ਬੱਸ ਪਿਆਰ ਹੀ ਪਿਆਰ ਦਿਸੇ ਹਰ ਪਾਸੇ,
ਸਰਬ-ਸਾਂਝੀਵਾਲਤਾ ਦੀ ਜ਼ੁਬਾਂ 'ਤੇ ਦੁਆ ਹੋ।
***-ਸੇਵਾ ਸਿੰਘ 'ਨੂਰਪੁਰੀ'***

---

## ਨਵੇਂ ਸਾਲ ਦੀ ਆਮਦ

ਨਵੇਂ ਸਾਲ ਦੀ ਆਮਦ 'ਤੇ ਮੈਂ ਕਿੱਦਾਂ ਜਸ਼ਨ ਮਨਾਵਾਂ।
ਪੱਚੀ ਦੀਆਂ ਵਿਛੜੀਆਂ ਰੂਹਾਂ ਮੈਂ ਕਿੱਦਾਂ ਭੁੱਲ ਜਾਵਾਂ।
ਰੱਬ ਦੇ ਅੱਗੇ ਮੈਂ ਤਾਂ ਇੱਕੋ ਕਰ ਸਕਦੈਂ ਅਰਜੋਈ,
ਛੱਬੀ ਦੇ ਵਿਚ ਕਿਸੇ ਵੀ ਮਾਂ ਦਾ ਪੁੱਤ ਮਰੇ ਨਾ ਕੋਈ,
ਕਾਤਲ ਲੋਕਾਂ ਨੂੰ ਮਿਲ ਜਾਵਣ ਸਖਤ ਤੋਂ ਸਖਤ ਸਜ਼ਾਵਾਂ।
ਨਵੇਂ ਸਾਲ ਦੀ ਆਮਦ 'ਤੇ...।

ਮਿੱਤਰ-ਮੇਲੀ, ਸਾਕ-ਸਬੰਧੀ ਫਿਰਦੇ ਨੇ ਜੋ ਰੁੱਸੇ,
ਨਵੇਂ ਸਾਲ ਵਿਚ ਮੁੜ ਮਿਲ ਜਾਵਣ ਛੱਡ ਕੇ ਸਾਰੇ ਗੁੱਸੇ,
ਮੈਂ ਵੀ ਮਿਲ ਕੇ ਨਾਲ ਉਨ੍ਹਾਂ ਦੇ ਮੁੜ ਢੋਲੇ ਦੀਆਂ ਲਾਵਾਂ।
ਨਵੇਂ ਸਾਲ ਦੀ ਆਮਦ 'ਤੇ...।

ਸਭਨਾਂ ਨੂੰ ਰੁਜ਼ਗਾਰ ਮਿਲੇ ਕੋਈ ਵਿਹਲਾ ਨਜ਼ਰ ਨਾ ਆਵੇ,
ਹਰ ਕੋਈ ਆਪ ਕਮਾ ਕੇ ਖਾਵੇ ਹੱਥ ਨਾ ਰੱਬ ਅਡਾਵੇ,
ਮੈਂ ਮਿਹਨਤਕਸ਼ ਲੋਕਾਂ ਬਾਰੇ ਲਿਖਦਾ ਰਹੂੰ ਕਵਿਤਾਵਾਂ।
ਨਵੇਂ ਸਾਲ ਦੀ ਆਮਦ 'ਤੇ...।

ਨਵੇਂ ਸਾਲ ਵਿਚ ਘਰ-ਘਰ ਦੇ ਵਿਚ ਹੋ ਜਾਵੇ ਖੁਸ਼ਹਾਲੀ,
ਰੋਟੀ ਮੰਗਣ ਦੇ ਲਈ ਰੱਬ ਦੇ ਘਰ ਨਾ ਜਾਣ ਸਵਾਲੀ,
ਛੱਬੀ ਦੇ ਵਿਚ 'ਨਾਗਰਾ' ਸਭ ਦੀਆਂ ਪੂਰੀਆਂ ਹੋਣ ਇਛਾਵਾਂ।
ਨਵੇਂ ਸਾਲ ਦੀ ਆਮਦ 'ਤੇ ਮੈਂ ਕਿੱਦਾਂ ਜਸ਼ਨ ਮਨਾਵਾਂ।
ਪੱਚੀ ਦੇ ਵਿਚ ਵਿਛੜੀਆਂ ਰੂਹਾਂ ਮੈਂ ਕਿੱਦਾਂ ਭੁੱਲ ਜਾਵਾਂ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***

---

## ਗੀਤ

ਸੂਰਜ ਨੇ ਘੁੰਡ ਚੁਕ ਕੇ ਜਦ ਕਿਰਣਾਂ ਦਾ ਮੁੱਖ ਵਿਖਾਇਆ।
ਧਰਤੀ ਦੇ ਫਿਰ ਕਣ-ਕਣ ਅੰਦਰ ਨੂਰ ਇਲਾਹੀ ਆਇਆ।
ਫੁੱਲਾਂ ਨੇ ਖ਼ੁਸ਼ਬੂਆਂ ਦਿੱਤੀਆਂ ਘੁਟ ਗਲ ਵਕੜੀ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭ ਇਛਾਵਾਂ ਆ ਕੇ।

ਰੁੱਤਾਂ ਦੀ ਅੰਗੜਾਈ ਅੰਦਰ ਖੁਸ਼ੀਆਂ ਦੀ ਸ਼ਹਿਨਾਈ।
ਜੰਨਤ ਸੁੰਦਰਤਾ ਨੂੰ ਲੈ ਕੇ ਹਾਸੇ ਵਿਚ ਸ਼ਰਮਾਈ।
ਹਰਿਆਲੀ ਨੇ ਧਰਤੀ ਚੁੰਮੀ ਠੰਡੀਆਂ ਛਾਵਾਂ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਨਵ ਵਿਗਿਆਨ ਪਰੀਚਿਤ ਹੋਇਆ ਪਾ ਕੇ ਚੰਦਰਯਾਨ।
ਚੰਦਰਮਾ ਦੀ ਧਰਤੀ ਉਤੇ ਜਾ ਬਣਿਆ ਮਹਿਮਾਨ।
ਇਕ ਇਤਿਹਾਸ ਅਨੋਖਾ ਰਚਿਆ ਅੰਬਰ ਦੇ ਵਿਚ ਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿਦਿਆ ਬੁੱਧ ਵਿਵੇਕ ਦਿਸ਼ਾਵਾਂ ਮੰਡਲੀ ਕਰਣ ਬਣਾਏ
ਵਿਸ਼ਵ ਵਿਆਪੀ ਕਾਰਜ ਸਾਰੇ ਮੁੱਠੀ ਦੇ ਵਿਚ ਆਏ।
ਉਨਤੀ ਵਾਲੀ ਮਾਂਗ ਦੇ ਅੰਦਰ ਫਿਰ ਸਿੰਦੂਰ ਸਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੁੱਕ ਜਾਣੀਂ ਏਂ ਰਿਸ਼ਵਤ ਖੋਰੀ ਹੇਰਾ ਫੇਰੀ ਠੱਗੀ।
ਸੁਹਿਰਦਤਾ ਅਪਣੇ ਜੋਬਨ ਉਤੇ ਵੇਖੋ ਆਵਣ ਲੱਗੀ।
ਚੰਗਿਆਈ ਵਾਲੀ ਵਹੁਟੀ ਬੈਠੀ ਅਪਣਾ ਘੁੰਡ ਉਠਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਨਵ ਯੁਵਕਾਂ ਵਿਚ ਚੇਤਨਤਾ ਦੇ ਖੰਭਾਂ ਵਿਚ ਪਰਵਾਜ਼ ਬੜੀ।
ਖ਼ਾਮੋਸ਼ੀ ਦੇ ਮੰਜ਼ਰ ਵਿਚ ਅੰਦੋਲਨ ਦੀ ਆਵਾਜ਼ ਬੜੀ।
ਪਰਪੱਕਤਾ ਨੂੰ ਆਈ ਹੈ ਫ਼ਿਰ ਸਰਸਵਤੀ ਸਮਝਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਫੁੱਲਾਂ ਉਤੇ ਸ਼ਬਨਮ ਆਈ ਲੈ ਕੇ ਇਕ ਸਿਰਨਾਵਾਂ।
ਸੂਖਮ ਸੁੰਦਰਤਾ ਦੇ ਵਿਚ ਨੇ ਭਾਰਤ ਮਾਂ ਦੀਆਂ ਬਾਵ੍ਹਾਂ।
ਉਨਤੀ ਜੋਬਨ ਰੁੱਤੇ ਨਿਕਲੀ ਕਿਰਣਾਂ ਵਿੱਚ ਨਹਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਗਰਮੀ ਦੀ ਰੁੱਤ ਗੁੰਮ ਗਈ ਏ ਸਰਦੀ ਦੀ ਰੁੱਤ ਆਈ।
ਫਲ ਸਬਜ਼ੀਆਂ ਸਾਗ ਸਰੋਂ ਦਾ ਮੱਖਣ ਨਾਲ ਲਿਆਈ।
ਵਿੱਚ ਬੁਢਾਪੇ ਸਿਹਤ ਬਣਾਓ ਅਪਣਾ ਆਪ ਬਚਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿਚ ਵਿਦੇਸ਼ਾਂ ਸੱਜਣ ਬੈਠੇ ਪਿਆਰੇ ਰਾਜ ਦੁਲਾਰੇ।
ਏਦਾਂ ਜਚਦੇ ਵਿਚ ਵਿਦੇਸ਼ਾਂ ਜਿੱਦਾਂ ਚੰਨ ਸਿਤਾਰੇ।
ਦੋ ਧਰਤੀਆਂ ਉਪਰ ਵੱਸਦੇ ਅਪਣੀ ਅਣਖ ਜਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੇਰਾ ਭਾਰਤ ਦੇਸ਼ ਪਿਆਰਾ ਜੱਗ ਤੋਂ ਸੋਹਣਾ ਸੁੰਦਰ।
ਏਥੇ ਸ਼ੋਭਿਤ ਸਭ ਧਰਮਾਂ ਦੇ ਸੂਰਜ ਵਰਗੇ ਮੰਦਰ।
'ਬਾਲਮ' ਅਪਣੇ ਗੀਤ 'ਚ ਕਹਿੰਦਾ ਵਿਚ ਤਰਨੁੰਮ ਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।
***-ਬਲਵਿੰਦਰ ਬਾਲਮ ਗੁਰਦਾਸਪੁਰ***

---

## ਨਵਾਂ ਸਾਲ

ਬੱਚਿਓ, ਚੜ੍ਹ ਗਿਆ ਨਵਾਂ ਸਾਲ,
ਪੜ੍ਹਾਈ ਕਰਨੀ ਹੈ ਜ਼ੋਸ ਦੇ ਨਾਲ।
25 ਬਾਅਦ ਵਾਰੀ 26 ਦੀ ਆਈ,
ਬੁਰੀਆਂ ਆਦਤਾਂ ਬਦਲੀਏ ਭਾਈ।

ਨਵੇਂ ਸਾਲ 'ਤੇ ਪਾ ਕੇ ਟਰੈਕ ਸੂਟ,
ਸ਼ਹਿਰ ਨੂੰ ਨਿੱਤ ਜਾਣਾ ਪਹਿਣ ਕੇ ਬੂਟ।
ਕਸਰਤ ਤੇ ਘੰਟਾ ਇੱਕ ਲਗਾ ਲੈਣਾ,
ਬਿਮਾਰੀਆਂ ਤੋਂ ਖਹਿੜਾ ਛੁਡਾ ਲੈਣਾ।

ਬੰਦ ਕਰ ਦੋ ਨਾਟਕ ਅਤੇ ਕਾਰਟੂਨ,
ਸਿਰਫ ਪੜ੍ਹਾਈ ਦਾ ਹੀ ਰੱਖੋ ਜਨੂੰਨ।
ਹਰੀ ਪੱਤੇਦਾਰ ਵਾਲੀ ਖਾਓ ਸਬਜ਼ੀ,
ਜ਼ਿੰਦਗੀ ਵਿੱਚ ਨਹੀਂ ਹੋਣੀ ਕਬਜ਼ੀ।

ਮਾਪਿਆਂ ਦੇ ਨਿੱਤ ਪੈਰੀਂ ਹੱਥ ਲਾਓ,
ਉਨ੍ਹਾਂ ਤੋਂ ਮੁਫਤ 'ਚ ਦੁਆਵਾਂ ਪਾਓ।
ਆਪਣੇ ਗੁਰੂਆਂ ਦਾ ਕਰੋ ਸਤਿਕਾਰ,
ਬੜ੍ਹਾ ਜ਼ਰੂਰੀ ਹੈ ਉਨ੍ਹਾਂ ਦਾ ਪਿਆਰ।

ਕੜਵੇ ਬੋਲ ਕਿਸੇ ਨੂੰ ਨਹੀਂ ਬੋਲਣਾ,
ਸੱਚ ਦੇ ਰਾਹ ਤੋਂ ਕਦੇ ਨਾ ਡੋਲਣਾ।
ਪ੍ਰੀਖਿਆ ਦੇ ਵਿਚ ਮਾਰਨੀ ਬਾਜ਼ੀ,
ਗਲਤ ਕੰਮਾਂ ਲਈ ਕੋਰੀ ਨਾਂਹ ਜੀ।
'ਚਮਨ' ਚੰਗੇ ਕੰਮ ਕਰਨੇ ਹਰ ਹਾਲ,
ਵਾਅਦਾ ਕਰ ਲਓ ਆਪਣੇ ਨਾਲ।
***-ਚਮਨਦੀਪ ਸ਼ਰਮਾ***
***ਫੋਨ: 95010-33005***

---

## ਨਵੇਂ ਵਰ੍ਹੇ ਦੀ ਲਓ ਵਧਾਈ

ਜਾਂਦੇ ਸਾਲ ਨੂੰ ਦਿਉ ਵਿਦਾਈ
ਨਵੇਂ ਵਰ੍ਹੇ ਦੀ ਲਓ ਵਧਾਈ।
ਪਿੱਛੇ ਕੀਤੀ ਲੱਖ ਜੇ ਗ਼ਲਤੀ
ਇਸ ਵਾਰੀ ਹੁਣ ਕਰੋ ਸੁਧਾਈ।
ਸਫ਼ਲ ਹੈ ਉਸਦਾ ਜੀਣਾ ਯਾਰੋ
ਕਰਦਾ ਹੈ ਜੋ ਨੇਕ ਕਮਾਈ।
ਸਬਰ, ਸ਼ੁਕਰ ਨਾਲ ਥੋੜ੍ਹੀ ਖਾ ਲਓ
ਮੰਨ ਲਓ ਉਸਦਾ ਹੁਕਮ ਰਜ਼ਾਈ।

ਧੀਓ ਤੁਸੀਂ ਵੀ ਤਕੜੀਆਂ ਹੋਵੋ
ਵਿਭਚਾਰੀ ਸੰਗ ਲੜੋ ਲੜਾਈ।
ਹੱਕ ਆਪਣੇ ਲਈ ਜਾਗੋ ਲੋਕੋ
ਕਿਉਂ ਹੋ ਜਾਂਦੇ, ਉੱਨ ਲੁਹਾਈ?
ਨਫ਼ਰਤ ਵਾਲੇ ਬੀਜ,ਬੀਜ ਕੇ
ਲੀਡਰ ਪੁੱਟਦੇ, ਡੂੰਘੀ ਖਾਈ।
ਕਾਹਨੂੰ ਬਣ ਕੇ ਮੂਰਖ ਬੰਦਿਆ
ਭਾਈਆਂ ਦੀ ਤੂੰ ਰੱਤ ਵਹਾਈ?
ਸਭਨਾਂ ਅੰਦਰ ਨੂਰ ਖ਼ੁਦਾ ਦਾ
ਹਿੰਦੂ, ਮੁਸਲਿਮ, ਸਿੱਖ, ਈਸਾਈ।
ਨਵੇਂ ਵਰ੍ਹੇ ਵਿਚ ਸ਼ਿਕਵੇ ਛੱਡੋ
ਰੁੱਸਿਆਂ ਨੂੰ ਗਲ ਲਾਓ ਭਾਈ।
ਇੱਕੋ ਅਰਜ਼ ਖ਼ੁਦਾ ਦੇ ਅੱਗੇ
ਸੁਖੀ ਵੱਸੇ ਸਭ ਖ਼ਲਕਤ ਜਾਈ।
ਦਿਲਬਰ ਕਰ ਲੈ ਸਿਜਦਾ ਉਸਨੂੰ
ਜਿਸਨੇ ਸਭਦੀ ਪੈਜ ਰਖ਼ਾਈ।
***-ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ***

## ਛੋਟੇ ਸਾਹਿਬਜ਼ਾਦੇ

ਵੱਡੇ ਤੜਕੇ ਬਿਪਰ ਦਾ ਜੀਭਾਂ ਕੱਢੇ ਨਾਗ,
ਮੱਥੇ ਖ਼ੂਨੀ ਲਾਹਣਤਾਂ ਪੀਣ ਤਿਲਕ ਦੇ ਭਾਗ।
ਨਾ ਸ਼ੁਕਰੇ ਦੀ ਦੇਹਲੀਓਂ ਅੱਜ ਮੁੜੀ ਸ਼ੁਕਰ ਦੀ ਦਾਤਿ,
ਸੁੰਨੇ ਘਰ ਵਿਚ ਭਟਕਣੀ ਅੰਤ ਬਾਹਮਣ ਦੀ ਜ਼ਾਤ।
ਸਣੇਂ ਦਾਦੀ ਕੋਤਵਾਲ ਨੇ ਬੰਨ੍ਹ ਲਏ ਦੋ ਲਾਲ,
ਮਿੱਤਰ ਪਿਆਰੇ ਪੁੱਛਿਆ ਅੱਜ ਮੁਰੀਦਾਂ ਹਾਲ।
ਕਰੇ ਹਵਾਲੇ ਅੱਗ ਦੇ, ਚੁੱਕ ਨਿਹੱਥੇ ਬਾਲ,
ਖੁਣਸ ਗੰਗੂ ਦੀ ਸੁਣ ਰਹੀ ਅੱਜ ਕਿਸ ਡਮਰੂ ਦਾ ਤਾਲ?
ਬਾਗ਼ ਅੰਬਾਂ ਦੇ ਲੰਘਿਆ ਨੂਰਾਂ ਲੱਦਿਆ ਰੱਥ,
ਅੰਨ੍ਹੇ, ਕਾਣੇ ਬਸ਼ਰ ਨੂੰ ਨਾ ਦਿਸੇ ਜੰਨਤ ਦੀ ਵੱਥ।

ਕੋਈ ਕਹਿਰ ਕਰਬਲ੍ਹਾ ਵਾਲੜਾ, ਰਿਹਾ ਵੇਖ ਸਿਦਕ ਦੇ ਨਾਜ਼।
ਸੌਂਪੀ ਹੱਥ ਮਾਸੂਮ ਦੇ ਅੱਜ ਗੁਰੂ ਪੰਥ ਦੀ ਲਾਜ।
ਨੇਜ਼ਾ ਚੁੱਕੇ ਸ਼ਿਮਰ ਦਾ ਪੈਣ ਸੁਰਤਿ ਨੂੰ ਹੌਲ,
ਪਰਖਣ ਜਿੰਦਾਂ ਭੋਲ਼ੀਆਂ ਅੱਜ ਮੋਮਨ ਦੇ ਕੌਲ।
ਸਜਦੇ ਕਰੇ ਕਚਿਹਰਿਓਂ ਜਾਅ ਨਨਕਾਣੇਂ ਰੂਹ,
ਸੁੱਕੇ ਰਹਿਮ ਦੇ ਪਾਣੀਓਂ ਮੁੜ ਵਲੀਆਂ ਦੇ ਖ਼ੂਹ।
ਲਾ ਕੇ ਫ਼ਤਵੇ ਦੀਨ ਦੇ ਸ਼ਰ੍ਹਾ ਪਾਲਣ ਨਿਰਲੱਜ,
ਕੋਹੇ ਖੰਜਰ ਕੁਫ਼ਰ ਦਾ ਸ਼ੀਰ ਖ਼ੋਰਾਂ ਦੀ ਰਗ।

ਧਰਮ ਨਿਭਾਇਆ ਬੱਚਿਆਂ, ਦੇ ਕੇ ਅਜਬ ਮਿਸਾਲ,
ਜ਼ਾਤ ਮੋਮਿਨ ਦੀ ਮੀਸਣੀ, ਨਿੱਤ ਮਰੂ ਨਦਾਮਤ ਨਾਲ।
ਟੋਡਰ ਮੱਲ ਦੇ ਜਿਗਰ ਨੂੰ ਚੀਸਾਂ ਪੈਣ ਹਜ਼ਾਰ,
ਹਾਮੀ ਭਰੇ ਜ਼ਮੀਰ ਨੂੰ 'ਬੇਕਸਾਂ-ਰਾ ਯਾਰ।'
ਡੰਗ ਹਉਮੈ ਦਾ ਡੱਸਦਾ, ਮੁੜ ਮੁੜ ਦੀਨ ਦਾ ਨੂਰ
ਸਭ ਬੇਅਣਖੇ ਫ਼ਿਤਰਤੋਂ ਕਿਸੇ ਨਾ ਹੱਕ ਜ਼ਹੂਰ।
ਮੋਈ ਦੇਹ ਨੂੰ ਦੇਵੰਦਾ ਹਰ ਮਜ਼ਹਬ ਸਤਿਕਾਰ,
ਸੂਬੇ ਮੋਹਰਾਂ ਮੰਗੀਆਂ ਕਰਨ ਲਈ ਸਸਕਾਰ।

ਤਨ ਮੋਇਆਂ ਦੇ ਵੇਚ ਕੇ, ਲਏ ਮੁੱਲ ਦੋਜ਼ਖ ਦੀ ਅੱਗ,
ਮੱਥੇ ਨੂਰ ਤੋਂ ਸੱਖਣੇ, ਉਂਵ ਪੜ੍ਹਨ ਨਮਾਜ਼ਾਂ ਵੱਗ।
ਅੱਖ ਨਬੀ ਦੀ ਵੇਖਦੀ ਅੱਜ ਦੀਨ ਦੇ ਭਾਗ,
ਰੋਜ਼-ਏ-ਹਸ਼ਰ ਨਾ ਮਿਟਣਗੇ ਇਸ ਲਾਹਣਤ ਦੇ ਦਾਗ਼।
***-ਸਰਤਾਜ ਸਿੱਧੂ***

---

## ਧੰਨ ਦਸ਼ਮੇਸ਼ ਪਿਤਾ

ਤੇਗ਼ ਬਹਾਦਰ ਗੁਰੂ ਪਿਤਾ, ਤੇ ਮਾਂ ਗੁਜਰੀ ਦੇ ਜਾਏ।
ਪਟਨਾ ਸ਼ਹਿਰ 'ਚ ਜਨਮ ਲਿਆ, ਮੇਰੇ ਧੰਨ ਸ਼੍ਰੀ ਗੋਬਿੰਦ ਰਾਏ।
ਪੰਜ ਸਾਲ ਦੀ ਉਮਰ ਸੀ ਕੇਵਲ, ਜਦੋਂ ਅਨੰਦਪੁਰ ਆਏ
ਚੋਜੀ ਪ੍ਰੀਤਮ ਨੇ ਕੀ ਆਖਾਂ, ਕੀ-ਕੀ ਚੋਜ ਵਿਖਾਏ।
ਹਿੰਦੂ ਧਰਮ ਬਚਾਵਣ ਦੇ ਲਈ, ਪਿਤਾ ਤੋਰਿਆ ਦਿੱਲੀ
ਤੇਗ਼ ਬਹਾਦਰ ਦਿੱਤੀ ਸ਼ਹਾਦਤ, ਖ਼ਲਕਤ ਸਾਰੀ ਹਿੱਲੀ।
ਬਾਲ-ਵਰੇਸੇ ਗੁਰੂ ਸਾਹਿਬ ਨੇ, ਸ਼ਸਤਰ ਵਿੱਦਿਆ ਸਿੱਖੀ
ਡਰੇ ਪਹਾੜੀ ਰਾਜੇ ਐਸੇ, ਤੇਗ਼ ਵਾਹੀ ਉਹ ਤਿੱਖੀ।
ਤੇਤੀ ਵਰ੍ਹੇ ਦੀ ਉਮਰੇ ਗੁਰੂ ਜੀ, ਅੰਮ੍ਰਿਤ ਤਿਆਰ ਕਰਾਇਆ
ਮਜ਼ਲੂਮਾਂ ਨੂੰ ਉੱਚਾ ਚੁੱਕਿਆ, ਗਿਦੜੋਂ ਸ਼ੇਰ ਬਣਾਇਆ।
'ਪੰਜ ਪਿਆਰੇ' ਸਾਜ ਸਿੱਖਾਂ ਨੂੰ, ਫਿਰ ਉਹ ਕੌਤਕ ਕੀਤਾ
ਗੁਰੂ ਗੋਬਿੰਦ ਨੇ 'ਚੇਲਾ' ਬਣ ਕੇ, ਘੁੱਟ ਅੰਮ੍ਰਿਤ ਦਾ ਪੀਤਾ।
ਜੰਗ ਚਮਕੌਰ ਦੋ ਵੱਡੇ ਬੇਟੇ, ਸਨ ਸ਼ਹੀਦ ਕਰਵਾਏ
ਦੋ ਛੋਟਿਆਂ ਨੂੰ ਖ਼ਾਨ ਵਜ਼ੀਰੇ, ਨੀਂਹਾਂ ਵਿਚ ਚਿਣਾਏ।
ਐਸੀ ਬਿਪਤਾ 'ਤੇ ਵੀ ਉਨ੍ਹਾਂ, ਜ਼ਰਾ ਨਾ ਸੋਗ ਮਨਾਇਆ
'ਯਾਰੜੇ ਦਾ ਸਾਨੂੰ ਸੱਥਰ ਚੰਗਾ', ਉੱਚੀ ਆਖ ਸੁਣਾਇਆ।

'ਜ਼ਫ਼ਰਨਾਮਾ' ਔਰੰਗੇ ਤਾਈਂ, ਲਿਖਿਆ ਜੋਸ਼ 'ਚ ਆ ਕੇ
ਜੇਤੂ ਚਿੱਠੀ ਪੜ੍ਹ ਔਰੰਗਾ, ਕੰਬ ਉੱਠਿਆ ਥੱਰਰਾ ਕੇ।
ਜਿੱਤੀ ਜੰਗ ਖਿਦਰਾਣੇ ਦੀ, ਤੇ ਟੁੱਟੀ ਸਿੰਘਾਂ ਦੀ ਗੰਢੀ
ਪਾੜ ਬੇਦਾਵਾ ਮਹਾਂ ਸਿੰਘ ਦਾ, ਮੰਦੀਓਂ ਕੀਤੀ ਚੰਗੀ।
ਤੁਰਦੇ-ਫਿਰਦੇ ਆਖ਼ਰ ਸਤਿਗੁਰ, ਦੇਸ਼ ਮਾਲਵਾ ਆਏ
ਤਲਵੰਡੀ ਦੀ ਬੰਜਰ ਭੂਮੀ, ਨੂੰ ਆ ਭਾਗ ਲਗਾਏ।
ਦਮਦਮਾ ਸਾਹਿਬ ਨੂੰ ਦਾਤੇ ਨੇ, ਤਖ਼ਤ ਥਾਪਿਆ ਚੌਥਾ
ਕੀਤਾ ਲੰਮਾ ਟਿਕਾਣਾ ਏਥੇ, ਵੇਲ਼ਾ ਮੁੱਕਿਆ ਔਖਾ।
ਬੈਠ ਹਜ਼ੂਰੀ ਵਿਚ ਦਾਤੇ ਦੀ, ਮਾਣ ਡੱਲੇ ਦਾ ਟੁੱਟਿਆ
ਛਕਿਆ ਅੰਮ੍ਰਿਤ, ਮੁੱਕੀ ਹਉਮੈ, ਗਰਬ ਦਾ ਭਾਂਡਾ ਫੁੱਟਿਆ।
ਬੀੜ ਗ੍ਰੰਥ ਸੰਪੂਰਨ ਕੀਤੀ, ਵਿਚ ਤਲਵੰਡੀ ਰਹਿ ਕੇ
ਮਨੀ ਸਿੰਘ ਨੂੰ ਆਪ ਲਿਖਾਇਆ, ਮੁੱਖੋਂ ਜ਼ੁਬਾਨੀ ਕਹਿ ਕੇ।
ਦਸਮ ਗ੍ਰੰਥ ਵਿਚ ਲਿਖੀ ਦਾਤੇ ਨੇ, ਕੇਵਲ ਆਪਣੀ ਬਾਣੀ
ਅਜਬ-ਅਨੋਖੀ ਉਹਦੀ ਗਾਥਾ, ਆਖਾਂ ਕਿੰਜ ਕਹਾਣੀ।
ਵਿਚ ਨੰਦੇੜ ਹਜ਼ੂਰ ਸਾਹਿਬ ਜਾ, ਅੰਤਿਮ ਫ਼ਤਹਿ ਬੁਲਾਈ
ਗੁਰੂ ਗ੍ਰੰਥ ਨੂੰ ਸੀਸ ਨਿਵਾ ਕੇ, ਸੌਂਪ ਦਿੱਤੀ ਗੁਰਿਆਈ।

ਸਾਲ ਬਿਆਲੀ ਰਹਿ ਦੁਨੀਆਂ ਵਿਚ, ਐਸੇ ਕੌਤਕ ਕੀਤੇ
ਜੋ ਅੜਿਆ ਸੋ ਝੜਿਆ, ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।
ਦਸਮ ਪਿਤਾ ਗੋਬਿੰਦ ਗੁਰੂ ਜੀ, ਸਨ ਇੱਕ ਮਹਾਂ ਸੈਨਾਨੀ
ਸਭ ਕੁਝ ਵਾਰ ਦਿੱਤਾ ਸੀ ਉਨ੍ਹਾਂ, ਧੰਨ ਸਨ ਸਰਬੰਸਦਾਨੀ।
ਸਭ ਧਰਮਾਂ ਦੇ, ਸਭ ਮਜ਼੍ਹਬਾਂ ਦੇ, ਕੀ ਮੁਸਲਿਮ ਕੀ ਹਿੰਦੂ
ਸਭ ਦੇ ਗੁਰੂ-ਪੀਰ ਸਨ ਸਤਿਗੁਰ, ਸਭ ਦੇ ਕੇਂਦਰ ਬਿੰਦੂ।
ਮਿੱਤਰ ਪਿਆਰਾ, ਗੁਣੀ-ਗਹੀਰਾ, ਧੰਨ ਅੰਮ੍ਰਿਤ ਦਾ ਦਾਤਾ
ਕਰ ਕਿਰਪਾ 'ਰੂਹੀ' ਤੇ ਰਹਿਬਰ, ਭੇਤ ਨਾ ਤੇਰਾ ਜਾਤਾ।
***-ਪ੍ਰੋ. ਨਵ ਸੰਗੀਤ ਸਿੰਘ***

---

# ਸ਼ਹਾਦਤਾਂ ਨੂੰ ਸਮਰਪਿਤ


ਸ਼ਿਵ ਕੁਮਾਰ ਬਟਾਲਵੀ ਨੂੰ ਉਸ ਦੇ ਕਿਸੇ ਦੋਸਤ ਨੇ ਕਿਹਾ ਕਿ ਤੂੰ ਬਹੁਤ ਸੋਹਣਾ ਲਿਖਦਾ ਹੈਂ, ਕੁੱਝ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖ। ਸ਼ਿਵ ਕੁਮਾਰ ਬਟਾਲਵੀ ਨੇ ਦੋ-ਤਿੰਨ ਮਹੀਨਿਆਂ ਬਾਅਦ ਆਪਣੇ ਦੋਸਤ ਨੂੰ ਕਿਹਾ ਕਿ ਮੇਰੀ ਕਲਮ ਦੀ ਐਨੀ ਔਕਾਤ ਨਹੀਂ ਕਿ ਕੁੱਝ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖ ਸਕੇ, ਪਰ ਮੈਂ ਇੱਕ ਆਰਤੀ ਜ਼ਰੂਰ ਲਿਖੀ ਹੈ। ਉਹ ਤੈਨੂੰ ਭੇਜ ਰਿਹਾ ਹਾਂ। ***--ਅਜੈ ਤਨਵੀਰ***

## ਆਰਤੀ
## ਸ਼ਿਵ ਕੁਮਾਰ ਬਟਾਲਵੀ

ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰੇ 'ਤੇ ਆਵਾਂ
ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੋਹਲ ਛਿੰਦੇ ਬੋਲ
ਨੀਂਹਾਂ ਵਿਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ
ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈ ਕਿਹੜੇ ਬੋਲ ਦੀ ਭੇਟਾ
ਲੈ ਤੇਰੇ ਦੁਆਰ 'ਤੇ ਆਵਾਂ
ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿਚ ਧੋਵੇ
ਕਿ ਜਿਸਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਵੇ
ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ
ਦੂਰ ਕਿੰਜ ਜਾਵਾਂ।
ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ
ਜਿਦ੍ਹੇ ਵਿਚ ਲਹੂ ਤੇਰੇ ਦੀ
ਰਲੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ।
ਮੈਂ ਚਾਹੁੰਦਾ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੈੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ
ਹੰਝੂ ਦਾ ਇਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨ ਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

# ਸਿੱਖ ਕੌਮ: ਨਵਾਂ ਸਾਲ ਨਵੀਂ ਪਛਾਣ ਦਾ ਸਮਾਂ

ਨਿਊਜ਼ੀਲੈਂਡ ਵਿਚ ਸਿੱਖਾਂ ਦੇ ਨਗਰ ਕੀਰਤਨ ਨੂੰ ਰੋਕਣ ਆਏ ਇੱਕ ਸਥਾਨਕ ਸਮੂਹ ਦੇ ਬੈਨਰ ਵਿਚ ਲਿਖਿਆ ਹੋਇਆ ਸੀ 'ਗੋ ਬੈਕ ਟੂ ਇੰਡੀਆ'। ਨਗਰ ਕੀਰਤਨ ਦਾ ਵਿਰੋਧ ਇੱਕ ਗੱਲ ਸੀ ਪਰ ਨਗਰ ਕੀਰਤਨ ਕੱਢ ਰਹੇ ਸਿੱਖਾਂ ਨੂੰ ਜੋ ਨਿਊਜ਼ੀਲੈਂਡ ਨੂੰ ਆਪਣਾ ਦੇਸ਼ ਮੰਨ ਚੁਕੇ ਹਨ ਭਾਰਤ ਨਾਲ ਜੋੜ ਕੇ ਵੇਖਣਾ ਸਿੱਖਾਂ ਦੀ ਕੌਮਾਂਤਰੀ ਪਛਾਣ 'ਤੇ ਸਵਾਲ ਖੜ੍ਹਾ ਕਰਨ ਵਾਲਾ ਹੈ। ਸਿੱਖ ਕੌਮ ਦਾ ਸਵਰੂਪ ਗੁਰੂ ਨਾਨਕ ਸਾਹਿਬ ਨੇ ਕੀ ਸਿਰਜਿਆ ਸੀ, ਵਰਤਮਾਨ ਦ੍ਰਿਸ਼ ਕੀ ਹੈ ਇਸ 'ਤੇ ਗੰਭੀਰ ਚਿੰਤਨ ਦੀ ਲੋੜ ਹੈ। ਗੁਰੂ ਨਾਨਕ ਸਾਹਿਬ ਨੇ ਧਰਤੀ ਦੇ ਲਗਭੱਗ ਸਾਰੇ ਹੀ ਹਿੱਸੇ ਦੀ ਧਰਮ ਯਾਤਰਾ ਕੀਤੀ ਸੀ। ਗੁਰੂ ਸਾਹਿਬ ਜਿੱਥੇ ਵੀ ਗਏ, ਲੋਕ ਉਨ੍ਹਾਂ ਦੇ



**ਡਾ. ਸਤਿੰਦਰ ਪਾਲ ਸਿੰਘ**

ਅਨੁਆਈ ਬਣੇ, ਸਿੱਖ ਸੰਗਤ ਕਾਇਮ ਹੋਈ 'ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ'। ਗੁਰੂ ਨਾਨਕ ਸਾਹਿਬ ਦਾ ਸੁਨੇਹਾ ਸਾਰੇ ਜਗਤ ਲਈ ਸੀ, ਗੁਰਸਿੱਖੀ ਪੂਰੀ ਮਨੁੱਖਤਾ ਦਾ ਖੁੱਲ੍ਹਾ ਵੇਹੜਾ ਸੀ 'ਚੜ੍ਹਿਆ ਸੋਧਣਿ ਧਰਤਿ ਲੁਕਾਈ'।

ਭਾਈ ਗੁਰਦਾਸ ਜੀ ਗੁਰੂ ਕਾਲ ਦੇ ਸ਼ਿਖਰ ਵਿਦਵਾਨ ਸਨ। ਉਨ੍ਹਾਂ ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਦੀ ਉਪਮਾ ਦਿੱਤੀ ਸੀ 'ਜਾਹਰ ਪੀਰੁ ਜਗਤੁ ਗੁਰ ਬਾਬਾ'। ਗੁਰੂ ਨਾਨਕ ਸਾਹਿਬ ਦਾ ਜੀਵਨ, ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਬਾਣੀ ਹੀ ਸਿੱਖ ਪੰਥ ਦਾ ਧੁਰਾ ਹੈ। ਕੀ ਜਗਤ ਗੁਰੂ ਦੀ ਸਰਬ ਜਗਤ ਹਿੱਤ ਦੀ ਸੋਚ ਨੂੰ ਧਰਤੀ ਦੇ ਕਿਸੇ ਖਾਸ ਹਿੱਸੇ ਨਾਲ ਜੋੜਿਆ, ਬੰਨ੍ਹਿਆ ਜਾ ਸਕਦਾ ਹੈ? ਜੋ ਸਿੱਖ ਨਿਤ ਸਵੇਰੇ ਸ਼ਾਮ ਸਰਬਤ ਦੇ ਭਲੇ ਦੀ ਅਰਦਾਸ ਕਰਦਾ ਹੈ, ਕੀ ਉਸ ਨੂੰ ਕਿਸੇ ਖਾਸ ਅਸਥਾਨ ਦੇ ਸੰਦਰਭ ਵਿਚ ਵੇਖਣਾ ਕੁੱਝ ਸੋਚਣ 'ਤੇ ਮਜਬੂਰ ਨਹੀਂ ਕਰਦਾ। ਜ਼ਿੰਮੇਵਾਰੀ ਵੇਖਣ ਵਾਲੇ ਦੀ ਘੱਟ ਦਰਸਾਉਣ ਵਾਲੇ ਦੀ ਜ਼ਿਆਦਾ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰ ਰਿਹਾ ਹੈ। ਸਿੱਖ ਅੱਜ ਦੁਨੀਆ ਦੇ ਹਰ ਕੋਨੇ, ਤਕਰੀਬਨ ਹਰ ਦੇਸ਼ ਵਿਚ ਨਿਵਾਸ ਕਰ ਰਹੇ ਹਨ, ਤੇ ਉਨ੍ਹਾਂ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕਰ ਚੁਕੇ ਹਨ। ਕਈ ਦੇਸ਼ਾਂ ਵਿਚ ਤਾਂ ਦੂਜੀ, ਤੀਜੀ ਪੀੜ੍ਹੀ ਚੱਲ ਰਹੀ ਹੈ। ਸਰਬਤ ਦੇ ਭਲੇ ਦੀ ਭਾਵਨਾ ਨੇ ਹੀ ਸਿੱਖਾਂ ਨੂੰ ਹਰ ਦੇਸ਼ ਵਿਚ ਸਫਲਤਾ ਦਿਵਾਈ ਹੈ। ਜੀਵਨ ਦੇ ਹਰ ਖੇਤਰ ਵਿਚ ਇੱਥੇ ਤੱਕ ਕਿ ਵੱਖ-ਵੱਖ ਦੇਸ਼ਾਂ ਦੇ ਸ਼ਾਸਨ ਤੇ ਸਿਆਸਤ ਵਿਚ ਵੀ ਸਿੱਖ ਆਪਣਾ ਯੋਗਦਾਨ ਪਾ ਰਹੇ ਹਨ। ਯੂ.ਕੇ. ਦੀ ਪਾਰਲੀਮੈਂਟ ਵਿਚ ਦੂਜੀ ਪੀੜ੍ਹੀ ਦੇ ਸਰਦਾਰ ਤਨਮਨਜੀਤ ਸਿੰਘ ਢੇਸੀ ਤੇ ਪ੍ਰੀਤ ਕੌਰ ਗਿੱਲ ਪੂਰਨ ਸਿੱਖੀ ਸਵਰੂਪ ਵਿਚ ਲਗਾਤਾਰ ਦੋ ਚੋਣਾਂ ਜਿੱਤ ਚੁਕੇ ਹਨ। ਕੈਨੇਡਾ ਦੀ ਸਿਆਸਤ ਵਿਚ ਸਿੱਖਾਂ ਦਾ ਦਖਲ ਤੇ ਦਬਦਬਾ ਮਿਸਾਲ ਬਣ ਚੁੱਕਿਆ ਹੈ। ਸਿੱਖ ਰੋਲ ਮਾਡਲ ਅੱਜ ਭਾਰਤ ਤੋਂ ਜ਼ਿਆਦਾ ਬਾਹਰ ਦੇ ਦੇਸ਼ਾਂ ਵਿਚ ਉਭਰ ਕੇ ਆਏ ਹਨ। ਕੀ ਸਿੱਖੀ ਅੱਜ ਗਲੋਬਲ ਕੌਮ ਦਾ ਰੂਪ ਨਹੀਂ ਧਾਰਨ ਕਰ ਚੁਕੀ। ਗੁਰੂ ਸਾਹਿਬਾਨ ਨਾਲ ਸਬੰਧਤ ਪਾਵਨ ਅਸਥਾਨ ਪਾਕਿਸਤਾਨ ਤੇ ਭਾਰਤ ਵਿਚ ਮੌਜੂਦ ਹਨ। ਸਿੱਖ ਪੰਥ ਦੀ ਨੀਂਹ ਨਨਕਾਣਾ ਸਾਹਿਬ ਵਿਚ ਪਈ ਤੇ ਬਰਾਸਤਾ ਆਨੰਦਪੁਰ ਸਾਹਿਬ, ਹਜੂਰ ਸਾਹਿਬ ਨਾਂਦੇੜ ਵਿਚ ਪਰਿਪੱਕ ਹੋਈ। ਪਰ ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਉਸ ਅਸਥਾਨ 'ਤੇ ਵਿਰਾਜਮਾਨ ਮਿਲ ਜਾਣਗੇ ਜਿੱਥੇ ਵੀ ਸਿੱਖ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਅਸਥਾਨ ਸਿੱਖ ਨੂੰ ਭਾਵਨਾਤਮਕ ਹੀ ਨਹੀਂ ਸਿਧਾਂਤਕ ਪੱਧਰ 'ਤੇ ਵੀ ਜੋੜ ਦਿੰਦਾ ਹੈ। ਇਹ ਹਰ ਉਸ ਦੇਸ਼, ਉਸ ਧਰਤੀ ਨਾਲ ਸਿੱਖ ਦੇ ਈਮਾਨਦਾਰੀ ਨਾਲ ਜੁੜ ਜਾਣ ਦਾ ਵੱਡਾ ਤੇ ਪੱਕਾ ਆਧਾਰ ਹੈ। ਸਿੱਖਾਂ ਦੀ ਦੂਜੀ, ਤੀਜੀ ਜਾਂ ਕਈ ਜਗ੍ਹਾ ਤਾਂ ਚੌਥੀ ਪੰਜਵੀਂ ਪੀੜ੍ਹੀ ਇਸ ਆਧਾਰ 'ਤੇ ਉਸ ਦੇਸ਼ ਦੇ ਸਮਾਜ, ਸੰਸਕ੍ਰਿਤੀ ਨਾਲ ਇੱਕ-ਮਿੱਕ ਹੋ ਚੁਕੀ ਹੈ। ਪਰ ਲੱਗਦਾ ਹੈ ਅਸੀਂ ਇਸ ਹਕੀਕਤ ਨੂੰ ਸਮਝ ਨਹੀਂ ਰਹੇ, ਜੇ ਸਮਝ ਰਹੇ ਹਾਂ ਤਾਂ ਸਵੀਕਾਰ ਨਹੀਂ ਕਰਨਾ ਚਾਹੁੰਦੇ। ਇਸ ਕਾਰਨ ਹੀ ਸਿੱਖ ਕੌਮ ਦੀ ਛਵੀ ਇੱਕ ਕੌਮਾਂਤਰੀ, ਗਲੋਬਲ ਕੌਮ ਦੀ ਨਹੀਂ ਬਣ ਪਾ ਰਹੀ। ਬੁੱਧ ਧਰਮ ਦਾ ਮੂਲ ਵੀ ਭਾਰਤ ਹੈ। ਪਰ ਕਿਸੇ ਦੇਸ਼ ਵਿਚ ਬੁੱਧ ਧਰਮ ਦੇ ਅਨੁਆਈ ਨੂੰ ਅਜਿਹੇ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਿਆ। ਧਰਮ ਇੱਕ ਹੋ ਸਕਦਾ ਹੈ ਪਰ ਨਾਗਰਿਕਤਾ ਨਾਲ ਸਬੰਧਤ ਫਰਜ਼ ਵੱਖ ਵੱਖ ਹੋ ਜਾਂਦੇ ਹਨ। ਧਰਮ ਤੇ ਦੇਸ਼ ਵਿਚ ਫਰਕ ਹੈ। ਭਾਰਤ ਦੇ ਸਿੱਖ ਦਾ ਪੂਰਾ ਸਮਰਪਣ ਭਾਰਤ ਪ੍ਰਤੀ ਹੈ ਇਸ ਬਾਰੇ ਕੋਈ ਦੂਜੀ ਰਾਇ ਨਹੀਂ। ਇਵੇਂ ਹੀ ਦੂਜੇ ਦੇਸ਼ਾਂ ਦੇ ਸਿੱਖ ਹਨ। ਪਰ ਇੱਕ ਸਿੱਖ ਦੇ ਤੌਰ 'ਤੇ ਸਰਬਤ ਦੇ ਭਲੇ ਦਾ ਸੰਕਲਪ ਪੂਰੇ ਜਗਤ, ਪੂਰੀ ਮਨੁੱਖਤਾ ਨਾਲ ਜੋੜ ਦਿੰਦਾ ਹੈ। ਇਸ ਦੇ ਲਾਭ ਹਾਨੀ ਬਾਰੇ ਵਿਚਾਰਿਆ ਜਾਣਾ ਚਾਹੀਦੈ ਤੇ ਕੌਮ ਦੇ ਧਾਰਮਕ ਫੈਸਲੇ ਵੀ ਕੌਮ ਦੇ ਵਿਸ਼ਵ ਵਿਆਪੀ ਧਾਰਮਕ, ਸਮਾਜਕ ਹਿੱਤਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਲਏ ਜਾਣੇ ਚਾਹੀਦੇ ਹਨ। ਬਾਹਰ ਦੇ ਦੇਸ਼ਾਂ ਵਿਚ ਸਿੱਖ ਆਪਣੀ ਸਵਰੂਪਕ ਪਛਾਣ ਕਾਇਮ ਕਰਨ 'ਚ ਤਾਂ ਸਫਲ ਰਹੇ ਹਨ ਪਰ ਸਿਧਾਂਤਕ ਪਛਾਣ ਤੋਂ ਅਵੇਸਲੇ ਹੋ ਗਏ। ਇਹ ਸੰਦੇਸ਼ ਗਿਆ ਹੀ ਨਹੀਂ ਕਿ ਸਿੱਖ ਧਰਮ ਮਨੁੱਖਤਾ ਦਾ ਧਰਮ ਹੈ, ਮਨੁੱਖਤਾ ਦੇ ਭਲੇ ਨੂੰ ਸਮਰਪਿਤ ਧਰਮ ਹੈ।

ਨਵਾਂ ਸਾਲ ਨਵੀਂ ਦ੍ਰਿਸ਼ਟੀ ਦਾ ਸਾਲ ਹੋਣਾ ਚਾਹੀਦੈ। ਗੁਰੂ ਨਾਨਕ ਸਾਹਿਬ ਦੇ ਚਿੰਤਨ ਤੇ ਮਨੋਰਥ ਨੂੰ ਪੁਨਰ ਜੀਵਤ ਕਰਨ ਦੀ ਲੋੜ ਹੈ। ਗੁਰੂ ਨਾਨਕ ਸਾਹਿਬ ਮਨੁੱਖੀ ਫਿਤਰਤ ਨੂੰ ਗਹਿਰਾਈ ਨਾਲ ਜਾਣਦੇ ਸਨ ਤਾਂ ਹੀ ਵਚਨ ਕੀਤਾ ਸੀ 'ਗ਼ਲੀ ਜੋਗੁ ਨ ਹੋਈ''। ਮਨੁੱਖ ਜੇ ਨਿਰੀਆਂ ਗੱਲਾਂ ਨਾਲ ਹੀ ਪਰਮਾਤਮਾ ਨਾਲ ਮਿਲਾਪ ਦਾ ਸੁਪਨਾ ਲੈ ਸਕਦਾ ਹੈ ਤਾਂ ਕੋਈ ਅਚਰਜ ਨਹੀਂ ਕਿ ਜੀਵਨ ਵਿਵਹਾਰ ਵਿਚ ਤਾਂ ਉਹ ਇੱਕਦਮ ਲਾਪਰਵਾਹ ਹੋ ਜਾਏ। ਜਿਸ ਰਾਹ 'ਤੇ ਚੱਲ ਕੇ ਪਰਮਾਤਮਾ ਨਾਲ ਮੇਲ ਹੋਣਾ ਹੈ 'ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ'' ਉਹ ਸਮ ਦ੍ਰਿਸ਼ਟੀ ਜੀਵਨ ਦੇ ਹਰ ਖੇਤਰ ਵਿਚ ਸਫਲਤਾ ਦਾ ਕਾਰਨ ਬਣਦੀ ਹੈ। ਪੰਥ ਅੰਦਰ ਧਾਰਮਕ, ਸਮਾਜਕ ਤਰੇੜਾਂ ਸਮਦ੍ਰਿਸ਼ਟੀ ਨਾ ਹੋਣ ਕਾਰਨ ਹੀ ਆਈਆਂ ਹਨ ਜੋ ਲਗਾਤਾਰ ਵੱਡੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸ 'ਚ ਵਿਸ਼ਵਾਸ ਦੀ ਘਾਟ, ਕਥਨ ਤੇ ਕਰਨ ਦਾ ਫਰਕ, ਨਿਜ ਸਵਾਰਥ ਨੇ ਫਰੇਬ ਤੇ ਧੋਖੇ ਦਾ ਵਾਤਾਵਰਨ ਬਣਾ ਦਿੱਤਾ ਹੈ। ਵਿਅਕਤੀ ਹੋਣ ਜਾਂ ਸੰਸਥਾਵਾਂ ਆਮ ਸਿੱਖ ਦਾ ਭਰੋਸਾ ਟੁੱਟਦਾ ਜਾ ਰਿਹਾ ਹੈ। ਆਪਣੇ ਆਪ ਦੀ ਸੋਚ ਨੇ ਪੰਥ ਦੀ ਸੋਚ ਨੂੰ ਤਾਕ 'ਤੇ ਰੱਖ ਦਿੱਤਾ ਹੈ। ਹਾਸੋਹੀਣੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਨੂੰ ਹੀ ਪੰਥ ਮੰਨ ਲਿਆ ਗਿਆ ਹੈ ਤੇ ਪੰਥ ਦੇ ਨਾਂ 'ਤੇ ਆਪਣੇ ਸਵਾਰਥ ਸਿੱਧ ਕੀਤੇ ਜਾ ਰਹੇ ਹਨ। ਇਹ ਚਤੁਰਾਈ, ਸਿਆਣਪ ਹੀ ਜਿਸ ਦਾ ਸਿੱਖ ਪੰਥ ਅੰਦਰ ਕੋਈ ਅਸਥਾਨ ਨਹੀਂ ਹੈ ਪੰਥਕ ਹਿੱਤਾਂ ਨਾਲ ਵੱਡਾ ਧ੍ਰੋਹ ਕਮਾ ਰਹੀ ਹੈ। ਕੌਮੀ ਫੈਸਲਿਆਂ ਵਿਚ ਸਮਦ੍ਰਿਸ਼ਟੀ ਅਪਣਾਈ ਜਾਵੇ ਤਾਂ ਵਿਵੇਕ ਆਪ ਹੀ ਲੀਹ 'ਤੇ ਆ ਜਾਵੇਗਾ। ਮਨੁੱਖ ਦੀ ਚਤੁਰਾਈ, ਸਿਆਣਪ ਉਸ ਨੂੰ ਭੁਲੇਖੇ ਵਿਚ ਰੱਖ ਸਕਦੀ ਹੈ ਪਰ ਅੰਤ ਕੰਮ ਨਹੀਂ ਆਉਂਦੀ 'ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ'। ਕੌਮ ਨੇ ਜੇ ਗੁਰੂ ਦੇ ਜੀਵਨ ਸਿਧਾਂਤ ਧਾਰਨ ਕੀਤੇ ਹੁੰਦੇ ਤਾਂ ਇਹ ਸਥਿਤੀ ਆਉਣੀ ਹੀ ਨਹੀਂ ਸੀ ਜੋ ਅੱਜ ਬਣ ਗਈ ਹੈ। ਧਰਮ ਪ੍ਰਚਾਰ ਦਾ ਕੰਮ ਆਪਣੇ ਆਪ ਤੋਂ ਆਰੰਭ ਕੀਤਾ ਜਾਣਾ ਚਾਹੀਦੈ। ਸਿੱਖ ਗੁਰੂ ਦੇ ਉਪਦੇਸ਼ਾਂ ਨੂੰ ਧਾਰਨ ਕਰ ਸੱਚਾ ਸਿੱਖ ਬਣ ਜਾਏ ਤਾਂ ਬਹੁਤ ਸਾਰੇ ਮਸਲੇ ਆਪ ਹੀ ਹੱਲ ਹੋ ਜਾਣ। ਗੁਰਦੁਆਰੇ ਦੇ ਰਹਿਤ, ਗੁਰਸਿੱਖ ਦੀ ਰਹਿਤ ਦਾ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਗੁਰੂ ਸਾਹਿਬਾਨ ਦੇ ਪ੍ਰਮਾਣਿਕ ਇਤਿਹਾਸ ਵਿਚ ਦਰਜ ਵਚਨ ਹਨ। ਗੁਰਮਤਿ ਦੀ ਮਨਚਾਹੀ ਵਿਆਖਿਆ ਕਰਨ 'ਤੇ ਅੰਕੁਸ਼ ਲਾਉਣ ਬਾਰੇ ਸੋਚਿਆ ਜਾਣਾ ਚਾਹੀਦੈ। ਨਵਾਂ ਸਾਲ ਇਸ ਸੰਕਲਪ ਦਾ ਸਾਲ ਹੋਣਾ ਚਾਹੀਦੈ।

ਸਿੱਖ ਪੰਥ ਇਮਾਨਦਾਰੀ ਨਾਲ ਪਿਛਲੀਆਂ ਗਲਤੀਆਂ, ਭੁੱਲਾਂ ਦੀ ਪਛਾਣ ਵੀ ਕਰੇ ਅਤੇ ਉਨ੍ਹਾਂ ਨੂੰ ਨਾ ਦੁਹਰਾਉਣ ਦੀ ਖੁੱਲ੍ਹੀ ਵਚਨਬੱਧਤਾ ਪ੍ਰਗਟ ਕਰੇ। ਆਮ ਸਿੱਖ ਅੰਦਰ ਭਰੋਸੇ ਤੇ ਆਸ ਦਾ ਭਾਵ ਪੈਦਾ ਕਰਨਾ ਸਭ ਤੋਂ ਵੱਡੀ ਲੋੜ ਹੈ। ਪੂਰੀ ਗੁਰਬਾਣੀ ਹੀ ਆਸ ਤੇ ਭਰੋਸੇ ਦੀ ਬਾਣੀ ਹੈ। ਗੁਰਬਾਣੀ ਨਾਲ ਜੁੜ ਕੇ ਵੀ ਜੇ ਮਨ ਅੰਦਰ ਆਸ ਤੇ ਭਰੋਸਾ ਨਹੀਂ ਤਾਂ ਘਾਟ ਆਪਣੇ ਅੰਦਰ ਹੀ ਹੈ। ਇਸ ਨੂੰ ਸਵੀਕਾਰ ਕਰ ਕੇ ਅੱਗੇ ਵਧਣ ਦੀ ਲੋੜ ਹੈ ਗੁਰੂ ਆਪ ਬਖਸ਼ਣਹਾਰ ਹੈ ਤੇ ਸਹਾਈ ਹੋਵੇਗਾ 'ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ'।

# ਨਵਾਂ ਸਾਲ 2026: ਨਵੀਂ ਸੋਚ ਤੇ ਨਵੀਂ ਸ਼ੁਰੂਆਤ

ਸਮਾਂ ਇੱਕ ਅਜਿਹੀ ਨਿਰੰਤਰ ਧਾਰਾ ਹੈ ਜੋ ਲਗਾਤਾਰ ਵਹਿੰਦੀ ਰਹਿੰਦੀ ਹੈ, ਜਿਸ ਨੂੰ ਨਾ ਕੋਈ ਰੋਕ ਸਕਿਆ ਹੈ ਅਤੇ ਨਾ ਹੀ ਬੰਨ੍ਹ ਸਕਿਆ ਹੈ। ਉਂਜ ਤਾਂ ਸੂਰਜ ਦਾ ਹਰ ਰੋਜ਼ ਉੱਗਣਾ ਇੱਕ ਨਵਾਂ ਦਿਨ ਅਤੇ ਨਵੀਂ ਸੰਭਾਵਨਾ ਲੈ ਕੇ ਆਉਂਦਾ ਹੈ, ਪਰ ਬਦਲਿਆ ਹੋਇਆ ਕੈਲੰਡਰ ਅਤੇ ਨਵੇਂ ਸਾਲ ਦਾ ਪਹਿਲਾ ਦਿਨ ਮਨੁੱਖ ਦੇ ਮਨ ਵਿਚ ਵਿਸ਼ੇਸ਼ ਉਮੰਗ ਭਰ ਦਿੰਦਾ ਹੈ। ਸਾਲ 2025 ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ, ਜੀਵਨ ਦੇ ਅਨਮੋਲ ਅਨੁਭਵਾਂ ਅਤੇ ਕੁਝ ਅਧੂਰੇ ਸੁਪਨਿਆਂ ਦੀ ਵਿਰਾਸਤ ਛੱਡ ਕੇ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋਣ ਜਾ ਰਿਹਾ ਹੈ।

**ਡਾ. ਸੰਦੀਪ ਸਿੰਘ ਮੁੰਡੇ**
**ਫੋਨ: 94136-52646**

ਹੁਣ ਸਾਡੇ ਸਾਹਮਣੇ ਸਾਲ 2026 ਦੀ ਇੱਕ ਨਵੀਂ ਸਵੇਰ ਹੈ, ਜੋ ਆਪਣੇ ਨਾਲ ਨਵੀਂ ਸੋਚ, ਨਵੇਂ ਸੰਕਲਪ ਅਤੇ ਉਮੀਦਾਂ ਦੀ ਇੱਕ ਤਾਜ਼ਾ ਲਹਿਰ ਲੈ ਕੇ ਆਈ ਹੈ। ਸਾਨੂੰ ਅਤੀਤ ਦੀਆਂ ਅਸਫਲਤਾਵਾਂ ਅਤੇ ਦੁੱਖਾਂ ਨੂੰ ਭੁੱਲ ਕੇ ਨਵੇਂ ਸਾਲ ਦਾ ਸਵਾਗਤ ਪੂਰੇ ਉਤਸ਼ਾਹ ਅਤੇ ਸਕਾਰਾਤਮਕਤਾ ਨਾਲ ਕਰਨਾ ਚਾਹੀਦਾ ਹੈ। ਇਹ ਸਿਰਫ਼ ਮਿਤੀ ਦਾ ਬਦਲਣਾ ਨਹੀਂ, ਸਗੋਂ ਜੀਵਨ ਨੂੰ ਨਵੇਂ ਸਿਰੇ ਤੋਂ ਸਜਾਉਣ ਦਾ ਸੁਨਹਿਰਾ ਅਵਸਰ ਹੈ।

ਭਾਰਤੀ ਸੱਭਿਆਚਾਰ ਅਤੇ ਪ੍ਰਾਚੀਨ ਪਰੰਪਰਾਵਾਂ ਅਨੁਸਾਰ ਸਾਲ ਦੇ ਪਹਿਲੇ ਦਿਨ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਪ੍ਰਾਚੀਨ ਕਾਲ ਤੋਂ ਹੀ ਇਹ ਮਾਨਤਾ ਰਹੀ ਹੈ ਕਿ ਜੇਕਰ ਸਾਲ ਦੀ ਸ਼ੁਰੂਆਤ ਸਾਤਵਿਕ ਅਤੇ ਨੇਕ ਕੰਮਾਂ ਨਾਲ ਹੋਵੇ, ਤਾਂ ਪੂਰਾ ਸਾਲ ਖੁਸ਼ਗਵਾਰ ਬੀਤਦਾ ਹੈ। ਅੱਜ ਦੇ ਦਿਨ ਲੋਕ ਆਪਣੇ ਇਸ਼ਟ ਦੇਵ ਦਾ ਆਸ਼ੀਰਵਾਦ ਲੈਣ ਲਈ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਅਤੇ ਚਰਚਾਂ ਵਿਚ ਸੀਸ ਨਿਵਾਉਂਦੇ ਹਨ ਅਤੇ ਸਮੁੱਚੀ ਮਨੁੱਖਤਾ ਦੇ ਕਲਿਆਣ, ਸੁਖ-ਸ਼ਾਂਤੀ ਅਤੇ ਖੁਸ਼ਹਾਲੀ ਦੀ ਅਰਦਾਸ ਕਰਦੇ ਹਨ।

ਨਵੇਂ ਸਾਲ ਦਾ ਉਤਸਵ ਮਨਾਉਣ ਦਾ ਇੱਕ ਪਹਿਲੂ ਜਿੱਥੇ ਮਨੋਰੰਜਨ ਹੈ, ਉੱਥੇ ਹੀ ਦੂਜਾ ਬਹੁਤ ਮਹੱਤਵਪੂਰਨ ਪਹਿਲੂ ਸੇਵਾ ਅਤੇ ਪਰਉਪਕਾਰ ਹੈ। ਸਮਾਜ ਦੇ ਜਾਗਰੂਕ ਲੋਕ ਅੱਜ ਦੇ ਦਿਨ ਯਤੀਮਖਾਨਿਆਂ, ਬਿਰਧ ਆਸ਼ਰਮਾਂ ਅਤੇ ਬੇਸਹਾਰਾ ਬਸਤੀਆਂ ਵਿਚ ਜਾ ਕੇ ਫਲ, ਮਿਠਾਈਆਂ ਅਤੇ ਭੋਜਨ ਵੰਡਦੇ ਹਨ। ਦਾਨ ਦੀ ਇਹ ਭਾਵਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੀਆਂ ਖੁਸ਼ੀਆਂ ਉਦੋਂ ਹੀ ਪੂਰੀਆਂ ਹੁੰਦੀਆਂ ਹਨ ਜਦੋਂ ਅਸੀਂ ਕਿਸੇ ਦੂਜੇ ਦੇ ਚਿਹਰੇ 'ਤੇ ਮੁਸਕਾਨ ਲਿਆ ਸਕੀਏ।

ਅੱਜ ਵਿਸ਼ਵੀਕਰਨ ਦੇ ਦੌਰ ਵਿਚ ਨਵੇਂ ਸਾਲ ਦਾ ਸਵਾਗਤ ਇੱਕ ਵਿਸ਼ਵਵਿਆਪੀ ਉਤਸਵ ਬਣ ਚੁੱਕਾ ਹੈ। ਨੌਜਵਾਨ ਪੀੜ੍ਹੀ ਇਸ ਦਿਨ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ। ਚਾਰੇ ਪਾਸੇ ਰੌਸ਼ਨੀਆਂ ਦੀ ਸਜਾਵਟ, ਹੋਟਲਾਂ ਅਤੇ ਕਲੱਬਾਂ ਵਿਚ ਸੰਗੀਤ ਦੀ ਗੂੰਜ ਅਤੇ ਆਪਣਿਆਂ ਨਾਲ ਮਿਲ ਕੇ ਕੇਕ ਕੱਟਣਾ ਆਦਿ-ਇਹ ਸਭ ਖੁਸ਼ੀਆਂ ਦਾ ਪ੍ਰਗਟਾਵਾ ਕਰਨ ਦੇ ਆਧੁਨਿਕ ਤਰੀਕੇ ਹਨ। ਲੋਕ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇੱਕ-ਦੂਜੇ ਨੂੰ ਗਲੇ ਲਾਉਂਦੇ ਹਨ ਅਤੇ ਸ਼ੁਭਕਾਮਨਾਵਾਂ ਸਾਂਝੀਆਂ ਕਰਦੇ ਹਨ। ਇਹ ਮਾਹੌਲ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਵਿਚ ਉਤਸਵ ਦਾ ਹੋਣਾ ਕਿੰਨਾ ਜ਼ਰੂਰੀ ਹੈ, ਕਿਉਂਕਿ ਇਹੀ ਉਤਸ਼ਾਹ ਸਾਨੂੰ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਨਾਲ ਲੜਨ ਦੀ ਸ਼ਕਤੀ ਦਿੰਦਾ ਹੈ। ਨਵੇਂ ਸਾਲ ਦਾ ਇਹ ਜਸ਼ਨ ਸਮਾਜ ਦੇ ਹਰ ਵਰਗ-ਚਾਹੇ ਉਹ ਅਮੀਰ ਹੋਵੇ ਜਾਂ ਗਰੀਬ, ਬੱਚਾ ਹੋਵੇ ਜਾਂ ਬਜ਼ੁਰਗ-ਨੂੰ ਇੱਕ ਸੂਤਰ ਵਿਚ ਪਰੋਣ ਦਾ ਕੰਮ ਕਰਦਾ ਹੈ।




ਨਵਾਂ ਸਾਲ ਸਿਰਫ਼ ਬਾਹਰੀ ਉਤਸਵ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਇਹ ਆਤਮ-ਮੰਥਨ ਦਾ ਵੀ ਸਮਾਂ ਹੈ। ਇਹ ਉਹ ਪਲ ਹੈ ਜਦੋਂ ਅਸੀਂ ਆਪਣੇ ਅੰਦਰ ਝਾਤ ਮਾਰ ਕੇ ਆਪਣੀਆਂ ਕਮੀਆਂ ਨੂੰ ਪਛਾਣੀਏ ਅਤੇ ਉਨ੍ਹਾਂ ਨੂੰ ਦੂਰ ਕਰਨ ਦਾ ਸੰਕਲਪ ਲਈਏ। ਸਾਨੂੰ ਆਪਣੇ ਹਿਰਦੇ ਵਿਚੋਂ ਈਰਖਾ, ਗੁੱਸਾ, ਹੰਕਾਰ ਅਤੇ ਦਵੈਸ਼ ਵਰਗੀਆਂ ਬੁਰਾਈਆਂ ਨੂੰ ਕੱਢ ਕੇ ਉੱਥੇ ਪਿਆਰ, ਕਰੁਣਾ ਅਤੇ ਖਿਮਾ ਨੂੰ ਥਾਂ ਦੇਣੀ ਚਾਹੀਦੀ ਹੈ। ਇਸ ਨਵੇਂ ਸਾਲ ਵਿਚ ਸਾਨੂੰ ਆਪਣੇ ਆਪ ਨਾਲ ਇਹ ਵਾਅਦਾ ਕਰਨਾ ਹੋਵੇਗਾ ਕਿ ਅਸੀਂ ਆਪਣੇ ਪਰਿਵਾਰ ਦੀ ਮਰਿਆਦਾ ਨੂੰ ਵਧਾਵਾਂਗੇ, ਆਪਣੇ ਬਜ਼ੁਰਗਾਂ ਨੂੰ ਉਹ ਸਤਿਕਾਰ ਅਤੇ ਸਮਾਂ ਦੇਵਾਂਗੇ ਜਿਸ ਦੇ ਉਹ ਹੱਕਦਾਰ ਹਨ, ਅਤੇ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰਾਂ ਦੀ ਸਿੱਖਿਆ ਦੇਵਾਂਗੇ। ਨਿੱਜੀ ਜੀਵਨ ਵਿਚ ਅਨੁਸ਼ਾਸਨ, ਸਖ਼ਤ ਮਿਹਨਤ, ਇਮਾਨਦਾਰੀ ਅਤੇ ਦ੍ਰਿੜ ਇਰਾਦੇ ਵਰਗੇ ਗੁਣਾਂ ਨੂੰ ਵਿਕਸਿਤ ਕਰਨਾ ਹੀ ਨਵੇਂ ਸਾਲ ਦੀ ਸੱਚੀ ਪ੍ਰਾਪਤੀ ਹੋਵੇਗੀ।

ਮੌਜੂਦਾ ਸਮੇਂ ਵਿਚ ਜਿੱਥੇ ਮਨੁੱਖ ਭੌਤਿਕ ਸੁੱਖਾਂ ਦੀ ਅੰਨ੍ਹੀ ਦੌੜ ਵਿਚ ਨੈਤਿਕਤਾ ਨੂੰ ਪਿੱਛੇ ਛੱਡਦਾ ਜਾ ਰਿਹਾ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਮੁੜ ਸਥਾਪਨਾ ਲਾਜ਼ਮੀ ਹੈ। ਸਾਨੂੰ ਬਿਨਾਂ ਕਿਸੇ ਭੇਦਭਾਵ ਦੇ ਆਪਸੀ ਭਾਈਚਾਰੇ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਅਜਿਹੇ ਕੰਮਾਂ ਤੋਂ ਬਚਣਾ ਚਾਹੀਦਾ ਹੈ ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਜਾਂ ਸਮਾਜ ਦੀ ਇਕਸੁਰਤਾ ਨੂੰ ਠੇਸ ਪਹੁੰਚੇ। ਇਸ ਦੇ ਨਾਲ ਹੀ ਸਾਨੂੰ ਆਪਣੀ ਧਰਤੀ ਅਤੇ ਵਾਤਾਵਰਣ ਦੀ ਰੱਖਿਆ ਦਾ ਵੀ ਸੰਕਲਪ ਲੈਣਾ ਚਾਹੀਦਾ ਹੈ। ਪਾਣੀ ਦੀ ਸੰਭਾਲ, ਰੁੱਖ ਲਗਾਉਣਾ ਅਤੇ ਕੁਦਰਤ ਪ੍ਰਤੀ ਸੰਵੇਦਨਸ਼ੀਲਤਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਅਸੀਂ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਸੁੰਦਰ ਬਣਾਉਣ ਦਾ ਯਤਨ ਕਰਾਂਗੇ, ਤਾਂ ਅਸੀਂ ਆਪਣੇ ਅੰਦਰ ਵੀ ਇੱਕ ਨਵੀਂ ਊਰਜਾ ਅਤੇ ਤਾਜ਼ਗੀ ਮਹਿਸੂਸ ਕਰਾਂਗੇ। ਸਾਨੂੰ ਇਹ ਸਮਝਣਾ ਹੋਵੇਗਾ ਕਿ ਨੇਕ ਕੰਮਾਂ ਲਈ 'ਕੱਲ੍ਹ' ਦਾ ਇੰਤਜ਼ਾਰ ਕਰਨਾ ਵਿਅਰਥ ਹੈ; ਚੰਗੇ ਕੰਮਾਂ ਦੀ ਸ਼ੁਰੂਆਤ ਅੱਜ ਅਤੇ ਇਸੇ ਪਲ ਤੋਂ ਹੋਣੀ ਚਾਹੀਦੀ ਹੈ।

ਆਓ, ਅਸੀਂ ਸਾਰੇ ਮਿਲ ਕੇ ਸਾਲ 2026 ਦੀ ਇਸ ਨਵੀਂ ਦਹਿਲੀਜ਼ 'ਤੇ ਕਦਮ ਰੱਖੀਏ ਅਤੇ ਪਿਛਲੇ ਸਾਲ ਦੇ ਉਨ੍ਹਾਂ ਅਧੂਰੇ ਕਾਰਜਾਂ ਅਤੇ ਸੰਕਲਪਾਂ ਨੂੰ ਪੂਰਾ ਕਰਨ ਦਾ ਪ੍ਰਣ ਲਈਏ ਜੋ ਕਿਸੇ ਕਾਰਨ ਪਿੱਛੇ ਰਹਿ ਗਏ ਸਨ। ਬਦਲਦੀਆਂ ਪ੍ਰਸਥਿਤੀਆਂ ਨਾਲ ਕਦਮ ਮਿਲਾਉਂਦੇ ਹੋਏ, ਆਪਣੀ ਉੱਚੀ ਸੋਚ ਅਤੇ ਅਟੁੱਟ ਆਤਮ-ਵਿਸ਼ਵਾਸ ਦੇ ਦਮ 'ਤੇ ਸਾਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨਾ ਹੈ। ਇਹ ਸਾਲ ਸੰਘਰਸ਼ਾਂ ਨੂੰ ਸਫਲਤਾ ਵਿਚ ਬਦਲਣ ਦਾ ਸਾਲ ਹੋਵੇ। ਪਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਇਸ ਵਿਸ਼ਵ ਵਿਚੋਂ ਜੰਗ, ਅਸ਼ਾਂਤੀ ਅਤੇ ਭੁੱਖਮਰੀ ਦਾ ਅੰਤ ਹੋਵੇ ਅਤੇ ਹਰ ਦੇਸ਼, ਹਰ ਘਰ ਵਿਚ ਖੁਸ਼ਹਾਲੀ ਦਾ ਵਾਸ ਹੋਵੇ। ਇਹ ਨਵਾਂ ਸਾਲ ਆਪ ਸਭ ਦੇ ਜੀਵਨ ਵਿਚ ਸਿਹਤ, ਦੌਲਤ ਅਤੇ ਖੁਸ਼ੀਆਂ ਦੀ ਵਰਖਾ ਕਰੇ। ਇਸੇ ਕਾਮਨਾ ਨਾਲ ਨਵੇਂ ਸਾਲ 2026 ਨੂੰ 'ਜੀ ਆਇਆਂ' ਅਤੇ ਆਪ ਸਭ ਨੂੰ ਇਸ ਨਵੇਂ ਸਾਲ ਦੀਆਂ ਤਹਿ ਦਿਲੋਂ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ।

## ਨਵਾਂ ਸਾਲ ਸੱਚੇ ਪਾਤਸ਼ਾਹ

ਉੱਠ ਕੇ ਸਵੇਰੇ ਸਦਾ, ਨਿੱਤਨੇਮ ਕਰਾਂ ਮੈਂ
ਲੰਗਰਾਂ 'ਚ ਕਰਾਂ ਸੇਵਾ, ਬਾਣੀ ਨਿੱਤ ਪੜ੍ਹਾਂ ਮੈਂ।
ਸਦਾ ਰਹੇ ਤੇਰਾ ਹੀ, ਖਿਆਲ ਸੱਚੇ ਪਾਤਸ਼ਾਹ
ਸੁੱਖਾਂ ਦਾ ਚੜ੍ਹਾਵੀਂ ਨਵਾਂ ਸਾਲ, ਸੱਚੇ ਪਾਤਸ਼ਾਹ।

ਮੰਗਦੇ ਆਂ ਤੇਰੇ ਤੋਂ, ਰਿਹਾਈ ਬੰਦੀ ਸਿੰਘਾਂ ਦੀ
ਜੇਹਲਾਂ ਵਿਚ ਹੋਵੇ ਜੀ, ਚੜ੍ਹਾਈ ਬੰਦੀ ਸਿੰਘਾਂ ਦੀ
ਸਿੰਘਾਂ ਦਾ ਨਾ ਹੋਵੇ ਵਿੰਗਾ, ਵਾਲ ਸੱਚੇ ਪਾਤਸ਼ਾਹ
ਚੜ੍ਹਦੀ ਕਲਾ 'ਚ ਲੰਘੇ, ਸਾਲ ਸੱਚੇ ਪਾਤਸ਼ਾਹ।

ਸੁੱਖ ਹੋਵੇ ਸਦਾ ਮੇਰੇ ਲਾਡਲੇ ਪੰਜਾਬ ਦੀ
ਖੈਰ ਹੋਵੇ ਦੁਨੀਆ 'ਤੇ ਖਾਲਸੇ ਦੇ ਰਾਜ ਦੀ
ਯੋਧਿਆਂ ਦੀ ਹੋਵੇ ਪੂਰੀ, ਘਾਲ ਸੱਚੇ ਪਾਤਸ਼ਾਹ
ਸੁੱਖਾਂ ਦਾ ਲਿਆਵੀਂ ਨਵਾਂ ਸਾਲ ਸੱਚੇ ਪਾਤਸ਼ਾਹ।

ਖੁਸ਼ੀਆਂ ਤੇ ਖੇੜਿਆਂ ਦੇ, ਦੀਵੇ ਰਹਿਣ ਜਗਦੇ
ਮਿਹਰਾਂ ਵਾਲੇ ਸਿਰਾਂ ਉੱਤੇ, ਹੜ੍ਹ ਰਹਿਣ ਵਗਦੇ
ਰਹੀਂ ਕੁਲਵੀਰ 'ਤੇ, ਦਿਆਲ ਸੱਚੇ ਪਾਤਸ਼ਾਹ
ਚੜ੍ਹਦੀ ਕਲਾ 'ਚ ਲੰਘੇ ਸਾਲ ਸੱਚੇ ਪਾਤਸ਼ਾਹ।

*-ਕੁਲਵੀਰ ਸਿੰਘ ਡਾਨਸੀਵਾਲ*

# ਵਿਸ਼ਵ ਦੀ ਸਰਬੋਤਮ ਅਥਲੀਟ ਜੈਕੀ ਜੋਏਨਰ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜੈਕੀ ਜੋਏਨਰ ਦਾ ਪੂਰਾ ਨਾਂ ਜੈਕੁਲਿਨ ਜੋਏਨਰ ਕਰਸੀ ਹੈ। ਉਹਦੀ ਦਾਦੀ ਨੇ ਉਸ ਦਾ ਨਾਂ ਜੈਕੁਲਿਨ 'ਜੈਕੀ' ਅਮਰੀਕਾ ਦੀ ਪ੍ਰਥਮ ਲੇਡੀ ਜੈਕੁਲਿਨ ਕਨੇਡੀ ਦੇ ਨਾਂ ਦੀ ਨਕਲ ਕਰਦਿਆਂ ਰੱਖਿਆ ਸੀ। ਉਦੋਂ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਹੋਣਾ ਕਿ ਪਛੜੇ ਗਰੀਬ ਘਰ ਦੀ ਬੱਚੀ 20ਵੀਂ ਸਦੀ ਦੀ ਸਭ ਤੋਂ ਤਕੜੀ ਅਥਲੀਟ ਬਣੇਗੀ ਜੋ ਖੇਡਾਂ 'ਚ ਸੱਚੀਂ ਅਮਰੀਕਾ ਦੀ ਪ੍ਰਥਮ ਲੇਡੀ ਸਾਬਤ ਹੋਵੇਗੀ। ਉਹ ਆਪਣੀ ਸਖ਼ਤ ਮਿਹਨਤ ਤੇ ਕੋਚਾਂ ਦੀ ਸੁਚੱਜੀ ਕੋਚਿੰਗ ਨਾਲ ਐਸੀ ਸਰਬਪੱਖੀ ਅਥਲੀਟ ਬਣੀ ਕਿ ਉਸ ਨੂੰ ਮਿਲੇ ਵਿਸ਼ਵ ਪੱਧਰ ਦੇ ਮਾਣ ਸਨਮਾਨਾਂ ਦਾ ਕੋਈ ਅੰਤ ਨਾ ਰਿਹਾ। ਹੁਣ ਉਹ ਪੁੰਗਰਦੇ ਖਿਡਾਰੀਆਂ ਨੂੰ ਵੱਡੀਆਂ ਮੱਲਾਂ ਮਾਰਨ ਲਈ ਤਿਆਰ ਕਰ ਰਹੀ ਹੈ।

ਜਿਵੇਂ ਮਰਦਾਂ ਦਾ ਸਭ ਤੋਂ ਔਖਾ ਈਵੈਂਟ ਡੀਕੈਥਲਨ ਗਿਣਿਆ ਜਾਂਦਾ ਹੈ ਉਵੇਂ ਔਰਤਾਂ ਦਾ ਸਭ ਤੋਂ ਔਖਾ ਈਵੈਂਟ ਹੈਪਟੈਥਲਨ ਹੈ। ਉਸ ਵਿਚ 100 ਮੀਟਰ ਹਰਡਲਜ਼ ਦੌੜ, ਉੱਚੀ ਛਾਲ, ਗੋਲਾ ਸੁੱਟਣਾ, 200 ਮੀਟਰ ਦੌੜ, ਲੰਮੀ ਛਾਲ, ਜੈਵਲਿਨ ਸੁੱਟਣਾ ਤੇ 800 ਮੀਟਰ ਦੌੜ ਦੇ ਈਵੈਂਟ ਹੁੰਦੇ ਹਨ। ਹਰੇਕ ਈਵੈਂਟ ਦੀ ਕਾਰਗੁਜ਼ਾਰੀ ਅਨੁਸਾਰ ਅੰਕ ਜੋੜੇ ਜਾਂਦੇ ਹਨ। ਸਿਓਲ-1988 ਦੀਆਂ ਓਲੰਪਿਕ ਖੇਡਾਂ 'ਚ ਹੈਪਟੈਥਲਨ ਦਾ 7291 ਅੰਕਾਂ ਦਾ ਵਿਸ਼ਵ ਰਿਕਾਰਡ ਅਜੇ ਵੀ ਉਹਦੇ ਨਾਂ ਖੜ੍ਹਾ ਹੈ। ਉਥੇ ਉਸ ਨੇ 100 ਮੀਟਰ ਹਰਡਲਜ਼ ਦੌੜ 12.69 ਸਕਿੰਟ, 200 ਮੀਟਰ 22.56 ਸਕਿੰਟ, 800 ਮੀਟਰ 2 ਮਿੰਟ 8.51 ਸਕਿੰਟ, ਲੰਮੀ ਛਾਲ 7.27 ਮੀਟਰ ਤੇ ਉੱਚੀ ਛਾਲ 1.86 ਮੀਟਰ ਵਿਚ ਲਾਈ। ਗੋਲ਼ਾ 15.80 ਮੀਟਰ ਤੇ ਜੈਵਲਿਨ 45.66 ਮੀਟਰ ਸੁੱਟਿਆ। ਉਹਦੇ ਸਭ ਤੋਂ ਵੱਧ ਅੰਕ ਲੰਮੀ ਛਾਲ ਦੇ ਹੁੰਦੇ ਸਨ ਜਿਸ ਵਿਚ ਉਹ ਵਿਸ਼ਵ ਚੈਂਪੀਅਨ ਵੀ ਬਣਦੀ ਰਹੀ।

ਉਂਜ ਉਸ ਦਾ 100 ਮੀਟਰ ਹਰਡਲਜ਼ ਦੌੜ ਦਾ ਬਿਹਤਰੀਨ ਸਮਾਂ 12.61 ਸਕਿੰਟ, ਲੰਮੀ ਛਾਲ 7.49 ਮੀਟਰ, ਉੱਚੀ ਛਾਲ 1.93 ਮੀਟਰ, 200 ਮੀਟਰ ਦੌੜ 22.30 ਸਕਿੰਟ, ਸ਼ਾਟ ਪੁੱਟ 16.84 ਮੀਟਰ, ਜੈਵਲਿਨ ਥਰੋਅ 50.12 ਮੀਟਰ ਤੇ 800 ਮੀਟਰ ਦੌੜ 2 ਮਿੰਟ 8.51 ਸਕਿੰਟ ਹੈ।

ਸਿਆਹਫਾਮ ਨਸਲ ਦੀ ਸਧਾਰਨ ਕੁੜੀ ਨੇ ਉਹ ਕੁਝ ਕਰ ਵਿਖਾਇਆ ਜੋ ਕਰੋੜਾਂ ਕੁੜੀਆਂ ਲਈ ਲਟ-ਲਟ ਜਗਦੀ ਮਿਸਾਲ ਹੈ। ਉਸ ਨੇ ਚਾਰ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਨ੍ਹਾਂ ਵਿਚੋਂ 3 ਗੋਲਡ, 1 ਸਿਲਵਰ ਤੇ 2 ਬ੍ਰੌਂਜ਼ ਮੈਡਲ ਜਿੱਤੇ। ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਦੇ ਅਨੇਕ ਮੈਡਲ ਜਿੱਤਣ ਨਾਲ ਉਸ ਨੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ ਵੀ 4 ਗੋਲਡ ਮੈਡਲ ਜਿੱਤੇ। ਉਹ ਹੁਣ 64ਵੇਂ ਸਾਲ 'ਚ ਵਿਚਰ ਰਹੀ ਹੈ ਅਤੇ ਗਰੀਬ ਬੱਚਿਆਂ ਲਈ ਭਲਾਈ ਸਕੀਮਾਂ ਤੇ ਕਈ ਹੋਰ ਪ੍ਰੋਗਰਾਮ ਚਲਾ ਰਹੀ ਹੈ।

ਉਸ ਦਾ ਜਨਮ ਅਮਰੀਕਾ ਦੀ ਸਟੇਟ ਇਲੀਨੌਇ ਦੇ ਸ਼ਹਿਰ ਈਸਟ ਸੇਂਟ ਲੂਈਸ ਵਿਚ 3 ਮਾਰਚ 1963 ਨੂੰ ਮੇਰੀ ਜੋਏਨਰ ਦੀ ਕੁੱਖੋਂ ਐਲਫ੍ਰੈੱਡ ਜੋਏਨਰ ਦੇ ਘਰ ਹੋਇਆ ਸੀ। ਉਨ੍ਹਾਂ ਦੇ ਤਿੰਨ ਬੱਚੇ ਹੋਰ ਹਨ। ਅਲ ਜੋਏਨਰ, ਡੇਬਰਾ ਮੈਕਨਾਇਰ ਤੇ ਅੰਗੇਲਾ ਜੋਏਨਰ। ਅਲ ਜੋਏਨਰ ਤੀਹਰੀ ਛਾਲ ਦਾ ਓਲੰਪਿਕ ਚੈਂਪੀਅਨ ਬਣ ਚੁੱਕਾ ਹੈ। ਜੈਕੀ ਨੇ ਆਪਣੀ ਪੜ੍ਹਾਈ ਈਸਟ ਸੇਂਟ ਲੂਈਸ ਸਕੂਲ ਤੋਂ ਕੀਤੀ ਜਿਥੇ ਉਸ ਨੂੰ ਵਾਲੀਬਾਲ, ਬਾਸਕਟਬਾਲ ਤੇ ਅਥਲੈਟਿਕਸ ਆਦਿ ਖੇਡਾਂ ਦੀ ਜਾਗ ਲੱਗੀ।

ਉਹ ਅਜੇ 9 ਸਾਲ ਦੀ ਸੀ ਕਿ ਸਪੈਸ਼ਲ ਕਮਿਊਨਿਟੀ ਪ੍ਰੋਗਰਾਮ ਵਿਚ ਸ਼ਾਮਲ ਹੋ ਗਈ। ਪਹਿਲਾਂ ਉਹ ਦੁਬਲੀ ਪਤਲੀ ਲੜਕੀ ਸੀ ਪਰ ਖੇਡਾਂ ਖੇਡਦੀ ਦਾ ਸਰੀਰ ਭਰਦਾ ਗਿਆ ਤੇ ਕੱਦ ਕਾਠ ਵੀ ਵਧਦਾ ਗਿਆ। ਉਹਦਾ ਕੱਦ 5 ਫੁੱਟ 10 ਇੰਚ ਹੋ ਗਿਆ ਤੇ ਵਜ਼ਨ ਵੀ 70 ਕਿਲੋ ਦੇ ਨੇੜੇ ਪੁੱਜ ਗਿਆ। ਅੱਲ੍ਹੜ ਉਮਰੇ ਉਹ ਜੂਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ



ਪੈਂਟੈਥਲਨ ਦੇ ਮੁਕਾਬਲੇ ਜਿੱਤਣ ਲੱਗ ਪਈ। ਚਾਰ ਵਾਰ ਉਹ ਜੂਨੀਅਰ ਪੈਂਟੈਥਲਨ ਚੈਂਪੀਅਨ ਬਣੀ। ਇਥੋਂ ਤਕ ਕਿ ਸਕੂਲ ਦੀਆਂ ਵਾਲੀਬਾਲ ਤੇ ਬਾਸਕਟਬਾਲ ਟੀਮਾਂ ਨੂੰ ਵੀ ਅੰਤਰ ਸਕੂਲ ਮੁਕਾਬਲਿਆਂ ਵਿਚ ਜਿਤਾਉਣ 'ਚ ਮੋਹਰੀ ਰਹੀ। ਸਕੂਲੀ ਵਿਦਿਆਰਥਣ ਹੁੰਦਿਆਂ ਉਹ ਅਥਲੈਟਿਕਸ ਦੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿਚ ਛਾ ਗਈ। ਉਸ ਨੇ ਅਜਿਹੀ ਹੋਣਹਾਰੀ ਵਿਖਾਈ ਕਿ 20 ਫੁੱਟ 7.5 ਇੰਚ ਲੰਮੀ ਛਾਲ ਲਾ ਕੇ ਇਲੀਨੌਇਸ ਸਟੇਟ ਦਾ ਨਵਾਂ ਜੂਨੀਅਰ ਰਿਕਾਰਡ ਰੱਖ ਦਿੱਤਾ। ਪੜ੍ਹਾਈ 'ਚ ਵੀ ਉਹ ਬੜੀ ਹੁਸ਼ਿਆਰ ਰਹੀ। ਸਕੂਲ ਦੀ ਗ੍ਰੈਜੂਏਸ਼ਨ ਕਰਦਿਆਂ ਉਸ ਨੂੰ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦਾ ਵਜ਼ੀਫ਼ਾ ਮਿਲ ਗਿਆ ਜਿਥੇ ਅਮਰੀਕਾ ਦਾ ਮੰਨਿਆ ਦੰਨਿਆ ਅਥਲੈਟਿਕਸ ਕੋਚ ਬੌਬ ਕਰਸੀ ਕੋਚਿੰਗ ਦਿੰਦਾ ਸੀ।

ਪਹਿਲਾਂ ਉਹ ਬਾਸਕਟਬਾਲ ਖੇਡਣ ਲੱਗੀ, ਫਿਰ ਵਾਲੀਬਾਲ, ਆਖ਼ਰ ਅਥਲੈਟਿਕਸ ਵੱਲ ਖਿੱਚੀ ਗਈ। ਹੈਰਾਨੀ ਦੀ ਗੱਲ ਇਹ ਹੋਈ ਕਿ ਸੇਂਟ ਲੂਈਸ ਲਿੰਕੋਲਨ ਸੀਨੀਅਰ ਹਾਈ ਸਕੂਲ ਵਿਚ ਪੜ੍ਹਦਿਆਂ ਉਹ 1980 ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਟੀਮ ਦੇ ਟਰਾਇਲਾਂ ਵੇਲੇ ਫਾਈਨਲ ਰਾਊਂਡ ਲਈ ਕੁਆਲੀਫਾਈ ਕਰ ਗਈ ਤੇ 8ਵੇਂ ਸਥਾਨ 'ਤੇ ਰਹੀ। ਉਹ ਟਰੈਕ ਸਟਾਰ ਬੇਬ ਡਿਡਰਿਕਸਨ ਤੋਂ ਪ੍ਰਭਾਵਿਤ ਹੋ ਕੇ ਹੈਪਟੈਥਲਨ ਕਰਨ ਲੱਗੀ ਸੀ। ਡਿਡਰਿਕਸਨ 20ਵੀਂ ਸਦੀ ਦੇ ਪਹਿਲੇ ਅੱਧ ਦੀ ਸਰਬੋਤਮ ਸਟਾਰ ਅਥਲੀਟ ਚੁਣੀ ਗਈ ਸੀ। ਇਹ ਮਾਣ ਉਸ ਨੂੰ ਸਪੋਰਟਸ ਇਲੱਸਟ੍ਰੇਟਡ ਫਾਰ ਵੋਮਿਨ ਮੈਗਜ਼ੀਨ ਨੇ ਦਿੱਤਾ ਸੀ। ਪੰਦਰਾਂ ਸਾਲਾਂ ਬਾਅਦ ਉਹਦੇ ਤੋਂ ਵੀ ਵੱਡਾ ਸਨਮਾਨ ਜੈਕੀ ਜੋਏਨਰ ਕਰਸੀ ਨੂੰ ਮਿਲਿਆ। ਉਸ ਨੂੰ 20ਵੀਂ ਸਦੀ ਦੀ ਸਰਬੋਤਮ ਅਥਲੀਟ ਐਲਾਨਿਆ ਗਿਆ।

ਜੈਕੀ 1980-85 ਵਿਚ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦੀ ਵਿਦਿਆਰਥਣ ਰਹੀ। ਉਥੇ ਉਹ ਅਥਲੈਟਿਕਸ ਨਾਲ ਯੂਨੀਵਰਸਿਟੀ ਦੀ ਬਾਸਕਟਬਾਲ ਟੀਮ ਵਿਚ ਵੀ ਖੇਡਦੀ ਰਹੀ। ਹਾਲਾਂਕਿ ਵਜ਼ੀਫ਼ਾ ਉਸ ਨੂੰ ਅਥਲੀਟ ਵਜੋਂ ਮਿਲਿਆ ਸੀ। ਉਹ ਨਿੱਤ ਨਵੀਆਂ ਜਿੱਤਾਂ ਵੱਲ ਵਧ ਰਹੀ ਸੀ ਕਿ ਉਹਦੀ ਮਾਂ ਮੈਨਿਨਜਾਈਟਸ ਦੀ ਬਿਮਾਰੀ ਨਾਲ ਅਚਾਨਕ ਮਰ ਗਈ। ਉਥੇ ਬੌਬ ਕਰਸੀ ਉਹਦਾ ਹਮਦਰਦ ਬਣਿਆ ਰਿਹਾ। ਉਸ ਨੇ ਜੈਕੀ ਨੂੰ ਹੌਂਸਲਾ ਤੇ ਦਿਲਾਸਾ ਦਿੱਤਾ। ਔਖੇ ਸਮੇਂ ਕੋਚ ਨੇ ਆਪਣੇ ਟ੍ਰੇਨੀ ਦਾ ਦਿਲ ਧਰਾਇਆ ਤੇ ਉਸ ਨੂੰ ਆਪਣੀ ਖੇਡ ਤੋਂ ਡੋਲਣ ਨਾ ਦਿੱਤਾ। ਇੰਜ ਉਹ ਇਕ ਦੂਜੇ ਦੇ ਹੋਰ ਨੇੜੇ ਆ ਗਏ ਤੇ ਕੁਝ ਸਮੇਂ ਬਾਅਦ ਵਿਆਹ ਬੰਧਨ ਵਿਚ ਬੱਝ ਗਏ। ਉਨ੍ਹਾਂ ਦਾ ਵਿਆਹ ਜੋਏਨਰ ਤੇ ਕਰਸੀ ਪਰਿਵਾਰ ਦੇ ਐਸਾ ਰਾਸ ਆਇਆ ਕਿ ਦੋਹਾਂ ਪਰਿਵਾਰਾਂ ਵਿਚ ਓਲੰਪਿਕ ਚੈਂਪੀਅਨ ਬਣਨ ਲੱਗੇ। ਜੈਕੀ ਜੋਏਨਰ ਦੀ ਨਨਾਣ ਫਲੋਰੈਂਸ ਗ੍ਰਿਫਥ ਜੋਏਨਰ ਵੀ ਓਲੰਪਿਕ ਖੇਡਾਂ 'ਚੋਂ ਮੈਡਲ 'ਤੇ ਮੈਡਲ ਜਿੱਤੀ। ਉਹ ਪਾਲਸ਼ ਕੀਤੇ ਰੰਗੀਨ ਲੰਮੇ ਨਹੁੰਆਂ ਤੇ ਲੰਮੇ ਵਾਲਾਂ ਨਾਲ ਦੌੜਦੀ ਟ੍ਰੈਕ ਨੂੰ ਰੰਗ ਭਾਗ ਲਾਉਂਦੀ। ਉਸ ਨੂੰ ਟ੍ਰੈਕ ਦੀ ਰਾਣੀ ਕਿਹਾ ਜਾਂਦਾ ਪਰ ਉਹਦੀ ਅਧਖੜ ਉਮਰ ਵਿਚ ਹੀ ਸੁੱਤੀ ਪਈ ਦੀ ਮ੍ਰਿਤੂ ਹੋ ਗਈ। ਕਈ ਉਸ ਦੀ ਮ੍ਰਿਤੂ ਨੂੰ ਵਰਜਿਤ ਡੋਪਿੰਗ ਨਾਲ ਵੀ ਜੋੜਦੇ ਰਹੇ।

ਜੈਕੀ ਜੋਏਨਰ ਦੀ ਟ੍ਰੇਨਿੰਗ ਤਾਂ ਭਾਵੇਂ ਸਕੂਲੇ ਪੜ੍ਹਦਿਆਂ ਵੀ ਚਲਦੀ ਸੀ ਪਰ ਵਧੇਰੇ ਸਾਇੰਟੇਫਿਕ ਸਿਖਲਾਈ ਲਾਸ ਏਂਜਲਸ ਦੀ ਯੂਨੀਵਰਸਿਟੀ ਵਿਚ ਸ਼ੁਰੂ ਹੋਈ। ਉਥੇ ਉਹਦਾ ਕੋਚ ਬੌਬ ਕਰਸੀ ਨੂੰ ਮਿਲਣਾ ਉਹਦੇ ਜੀਵਨ 'ਚ ਅਹਿਮ ਮੋੜ ਸੀ। ਤਦ ਤਕ ਉਹ 18 ਸਾਲਾਂ ਦੀ ਹੋ ਗਈ ਸੀ। ਮਾਸਕੋ ਦੀਆਂ ਓਲੰਪਿਕ ਖੇਡਾਂ ਲੰਘ ਗਈਆਂ ਸਨ ਜਿਨ੍ਹਾਂ 'ਚ ਅਮਰੀਕਾ ਨੇ ਭਾਗ ਨਹੀਂ ਸੀ ਲਿਆ। ਉਦੋਂ ਉਸ ਨੇ 1984 ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਟੀਚਾ ਮਿੱਥ ਲਿਆ ਜੋ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਹੀ ਹੋਣੀਆਂ ਸਨ। ਉਹਦੇ ਭਾਗਾਂ ਨੂੰ 1981 ਤੋਂ ਔਰਤਾਂ ਲਈ ਪੈਂਟੈਥਲਨ ਦੀ ਥਾਂ ਹੈਪਟੈਥਲਨ ਈਵੈਂਟ ਸ਼ੁਰੂ ਹੋ ਗਿਆ ਸੀ। ਜੈਕੀ ਜੋਏਨਰ ਬਚਪਨ ਤੋਂ ਦਮੇ ਦੀ ਮਰੀਜ਼ ਸੀ। ਫਿਰ ਵੀ ਉਸ ਨੇ ਦਮੇ ਨੂੰ ਆਪਣੀ ਖੇਡ ਵਿਚ ਰੋੜਾ ਨਾ ਬਣਨ ਦਿੱਤਾ। ਪਰ 1984 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾ ਉਹ ਹੈਮਸਟਰਿੰਗ ਖਿੱਚੇ ਜਾਣ ਕਾਰਨ ਕਾਫੀ ਸਮਾਂ ਪ੍ਰੈਕਟਿਸ ਨਹੀਂ ਸੀ ਕਰ ਸਕੀ। ਜਦੋਂ ਠੀਕ ਹੋਈ ਤਾਂ ਮੁੜ ਮੈਦਾਨ ਵਿਚ ਆ ਨਿੱਤਰੀ ਤੇ ਟਰਾਇਲਾਂ ਵਿਚ ਹੈਪਟੈਥਲਨ ਈਵੈਂਟ ਦੇ ਲੋੜੀਂਦੇ ਅੰਕ ਬਣਾ ਕੇ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਓਲੰਪਿਕ ਖੇਡਾਂ ਵਿਚ ਬੜਾ ਜ਼ਬਰਦਸਤ ਮੁਕਾਬਲਾ ਹੋਇਆ। ਕੇਵਲ 5 ਅੰਕਾਂ ਦੇ ਫਰਕ ਨਾਲ ਉਹ ਗੋਲਡ ਮੈਡਲ ਜਿੱਤਦੀ-ਜਿੱਤਦੀ ਸਿਲਵਰ ਮੈਡਲ ਹੀ ਜਿੱਤ ਸਕੀ। ਪਰ ਉਸ ਜਿੱਤ ਨਾਲ ਉਹਦਾ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਦੌਰ ਸ਼ੁਰੂ ਹੋ ਗਿਆ। 1985 ਵਿਚ ਉਸ ਨੇ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰ ਲਈ ਤੇ 1986 ਵਿਚ ਉਹਦਾ ਕੋਚ ਬੌਬ ਕਰਸੀ ਨਾਲ ਵਿਆਹ ਹੋ ਗਿਆ। ਤਦ ਤਕ ਉਹ 23 ਸਾਲਾਂ ਦੀ ਹੋ ਚੁੱਕੀ ਸੀ। 7 ਜੁਲਾਈ 1986 ਨੂੰ ਮਾਸਕੋ ਦੀਆਂ ਗੁਡਵਿੱਲ ਗੇਮਜ਼ ਵਿਚ ਉਸ ਨੇ ਹੈਪਟੈਥਲਨ ਦੇ ਈਵੈਂਟ 'ਚੋਂ 7148 ਅੰਕ ਹਾਸਲ ਕਰ ਕੇ ਨਵਾਂ ਵਿਸ਼ਵ ਰਿਕਾਰਡ ਸਥਾਪਿਤ ਕਰ ਦਿੱਤਾ। ਉਹ ਪਹਿਲੇ ਵਿਸ਼ਵ ਰਿਕਾਰਡ ਤੋਂ 202 ਅੰਕ ਵੱਧ ਸੀ। ਇਹ ਵਰਣਨਯੋਗ ਹੈ ਕਿ ਹੈਪਟੈਥਲਨ ਵਿਚ 7000 ਅੰਕਾਂ ਦਾ ਬੈਰੀਅਰ ਪਹਿਲੀ ਵਾਰ ਜੈਕੀ ਜੋਏਨਰ ਨੇ ਹੀ ਤੋੜਿਆ ਜੋ ਬਾਅਦ ਵਿਚ ਟੁੱਟਦਾ ਹੋਇਆ 7291 ਅੰਕਾਂ ਤਕ ਜਾ ਪੁੱਜਾ। ਇਹ ਮਾਅਰਕਾ ਜੈਕੀ ਨੇ ਸਿਓਲ-1988 ਦੀਆਂ ਓਲੰਪਿਕ ਖੇਡਾਂ ਵਿਚ ਮਾਰਿਆ। ਉਥੇ ਉਸ ਨੇ 2 ਗੋਲਡ ਮੈਡਲ ਜਿੱਤੇ। ਦੂਜਾ ਗੋਲਡ ਮੈਡਲ ਲੰਮੀ ਛਾਲ ਲਾਉਣ ਵਿਚ ਜਿੱਤਿਆ ਤੇ ਦੋਹਾਂ ਈਵੈਂਟਾਂ 'ਚ ਨਵੇਂ ਓਲੰਪਿਕ ਤੇ ਵਿਸ਼ਵ ਰਿਕਾਰਡ ਸਥਾਪਿਤ ਕੀਤੇ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਬਣਾਇਆ ਉਸ ਦਾ 7291 ਅੰਕਾਂ ਦਾ ਰਿਕਾਰਡ 9 ਓਲੰਪਿਕਸ ਲੰਘ ਜਾਣ ਬਾਅਦ ਵੀ ਕਾਇਮ ਹੈ। ਸਿਓਲ ਵਿਚ ਹੈਪਟੈਥਲਨ ਤੋਂ 5 ਦਿਨਾਂ ਬਾਅਦ ਲੰਮੀ ਛਾਲ ਦਾ ਮੁਕਾਬਲਾ ਸੀ। ਉਸ ਵਿਚ ਵੀ ਜੈਕੀ ਨੇ 7.40 ਮੀਟਰ ਯਾਨੀ 24 ਫੁੱਟ ਸਵਾ 3 ਇੰਚ ਲੰਮੀ ਛਾਲ ਲਾ ਕੇ ਨਵਾਂ ਓਲੰਪਿਕ ਰਿਕਾਰਡ ਰੱਖਿਆ ਸੀ। ਜੈਕੀ ਜੋਇਨਰ ਅਮਰੀਕਾ ਦੀ ਪਹਿਲੀ ਔਰਤ ਅਥਲੀਟ ਹੈ ਜਿਸ ਨੇ ਪਹਿਲੀ ਵਾਰ ਹੈਪਟੈਥਲਨ ਤੇ ਪਹਿਲੀ ਵਾਰ ਹੀ ਲੰਮੀ ਛਾਲ 'ਚੋਂ ਅਮਰੀਕਾ ਲਈ ਗੋਲਡ ਮੈਡਲ ਜਿੱਤੇ। ਇਹ ਵੱਖਰੀ ਗੱਲ ਹੈ ਕਿ ਜੈਕੀ ਜੋਏਨਰ ਉਤੇ ਦੋਸ਼ ਲੱਗਦੇ ਰਹੇ ਕਿ ਉਸ ਦਾ ਕੋਚ ਪਤੀ ਉਸ ਨੂੰ ਪ੍ਰਫਾਰਮੈਂਸ ਵਧਾਉਣ ਵਾਲੀਆਂ ਦਵਾਈਆਂ ਦਿੰਦਾ ਸੀ। ਪਰ ਪੜਤਾਲ ਕਰਨ ਉਤੇ ਅਜਿਹੇ ਦੋਸ਼ ਸੱਚੇ ਸਾਬਤ ਨਾ ਹੋ ਸਕੇ। 1992 'ਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਵਿਚ ਜੈਕੀ ਪਹਿਲੀ ਅਥਲੀਟ ਸੀ ਜਿਹੜੀ ਲਗਾਤਾਰ ਦੂਜੀ ਵਾਰ ਓਲੰਪਿਕ ਖੇਡਾਂ 'ਚੋਂ ਹੈਪਟੈਥਲਨ ਦਾ ਸੋਨ ਤਗ਼ਮਾ ਜਿੱਤੀ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਲੰਮੀ ਛਾਲ ਲਾਉਣ 'ਚ ਤਾਂਬੇ ਦਾ ਤਗ਼ਮਾ ਜਿੱਤਿਆ। ਉਸ ਈਵੈਂਟ ਵਿਚ ਹੈਮਸਟਰਿੰਗ ਖਿੱਚੇ ਜਾਣ ਕਾਰਨ ਉਹ ਹੈਪਟੈਥਲਨ ਦੇ ਅਗਲੇ ਈਵੈਂਟਾਂ ਵਿਚ ਭਾਗ ਨਾ ਲੈ ਸਕੀ ਜਿਸ ਨਾਲ ਉਸ ਦਾ ਹੈਪਟੈਥਲਨ 'ਚੋਂ ਤੀਜਾ ਮੈਡਲ ਜਿੱਤਣ ਦਾ ਸੁਫਨਾ ਸਾਕਾਰ ਨਾ ਹੋ ਸਕਿਆ। ਹੈਪਟੈਥਲੋਨ ਵਿਚ ਪਹਿਲੇ ਦਿਨ 100 ਮੀਟਰ ਹਰਡਲਾਂ ਦੀ ਦੌੜ, ਉੱਚੀ ਛਾਲ, ਗੋਲਾ ਸੁੱਟਣ ਤੇ 200 ਮੀਟਰ ਦੀ ਦੌੜ ਲੱਗਦੀ ਹੈ ਅਤੇ ਦੂਜੇ ਦਿਨ ਲੰਮੀ ਛਾਲ, ਜੈਵਲਿਨ ਥਰੋਅ ਤੇ 800 ਮੀਟਰ ਦੀ ਦੌੜ ਹੁੰਦੀ ਹੈ। ਜੈਕੀ ਦੇ ਤਿੰਨ ਈਵੈਂਟ ਲੰਮੀ ਛਾਲ, 100 ਮੀਟਰ ਹਰਡਲਜ਼, 200 ਮੀਟਰ ਦੌੜ ਤੇ ਉੱਚੀ ਛਾਲ ਹੋਰਨਾਂ ਨਾਲੋਂ ਬਿਹਤਰ ਅੰਕ ਲੈਂਦੇ ਸਨ। ਲੰਮੀ ਛਾਲ ਲਾਉਣ ਵਿਚ ਤਾਂ ਉਹਦਾ ਵਿਸ਼ਵ ਰਿਕਾਰਡ ਸੀ ਜੋ 7.45 ਮੀਟਰ ਤਕ ਪੁੱਜ ਗਿਆ ਸੀ। 2000 ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚ ਉਹ ਪੰਜਵੀਂ ਵਾਰ ਭਾਗ ਲੈਣਾ ਚਾਹੁੰਦੀ ਸੀ ਪਰ ਵਧਦੀ ਉਮਰ ਨੇ ਉਹਦਾ ਸਾਥ ਨਾ ਦਿੱਤਾ। ਅਮਰੀਕਾ ਦੀ ਅਥਲੈਟਿਕਸ ਵਿਚ ਚੁਣੇ ਜਾਣ ਲਈ ਟਰਾਇਲ ਦਿੱਤੇ ਪਰ ਚੁਣੀ ਨਾ ਜਾ ਸਕੀ। ਉਸ ਨੇ ਅਥਲੈਟਿਕਸ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ ਹੈਪਟੈਥਲਨ ਤੇ ਲੰਮੀ ਛਾਲ ਦੇ ਈਵੈਂਟਾਂ 'ਚੋਂ 4 ਗੋਲਡ ਮੈਡਲ ਜਿੱਤੇ। ਆਖ਼ਰ ਉਹ ਸਰਗਰਮ ਅਥਲੈਟਿਕਸ ਤੋਂ ਰਿਟਾਇਰ ਹੋ ਗਈ ਤੇ ਦਾਨੀ ਸੰਸਥਾਵਾਂ ਨਾਲ ਜੁੜ ਗਈ। 1988 ਵਿਚ ਉਸ ਨੇ ਆਪਣੇ ਪਤੀ ਨਾਲ ਰਲ ਕੇ ਜੈਕੀ ਜੋਏਨਰ ਕਰਸੀ ਨਾਂ ਦੀ ਫਾਊਂਡੇਸ਼ਨ ਸਥਾਪਿਤ ਕਰ ਲਈ ਸੀ। ਉਸ ਰਾਹੀਂ ਉਹ ਬਿਮਾਰ ਤੇ ਗਰੀਬ ਬੱਚਿਆਂ ਦੀ ਮਦਦ ਕਰਦੇ ਖ਼ਾਸ ਕਰਕੇ ਆਪਣੇ ਸ਼ਹਿਰ ਈਸਟ ਸੇਂਟ ਲੂਈਸ ਦੇ ਬੱਚਿਆਂ ਨੂੰ ਇਮਦਾਦ ਦਿੰਦੇ। 2007 ਵਿਚ ਉਸ ਨੇ 'ਹੋਪ' ਨਾਂ ਹੇਠ ਅਥਲੀਟਾਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਲਈ। 1997 ਵਿਚ ਉਸ ਨੇ ਸੋਂਜਾ ਸਟੈਪਟੋ ਨਾਲ ਮਿਲ ਕੇ ਆਪਣੀਆਂ ਯਾਦਾਂ ਦੀ ਪੁਸਤਕ 'ਏ ਕਾਈਂਡ ਆਫ਼ ਗ੍ਰੇਸ: ਦਿ ਆਟੋਗਰਾਫੀ ਆਫ਼ ਦਾ ਵਰਲਡ'ਜ਼ ਗ੍ਰੇਟੈਸਟ ਫੀਮੇਲ ਅਥਲੀਟ ਪ੍ਰਕਾਸ਼ਿਤ ਕਰਵਾਈ। 'ਸਪੋਰਟਸ ਇਲੱਸਟ੍ਰੇਟਡ' ਮੈਗਜ਼ੀਨ ਨੇ ਉਸ ਨੂੰ 'ਗ੍ਰੇਟੈਸਟ ਫੀਮੇਲ ਅਥਲੀਟ ਆਫ਼ ਦਾ 20ਵੀਂ ਸਦੀ' ਲਿਖ ਕੇ ਵਡਿਆਇਆ। ਅਥਲੈਟਿਕਸ ਤੋਂ ਬਿਨਾਂ ਜੋਇਨਰ ਕਰਸੀ ਬਾਸਕਟਬਾਲ ਦੀ ਖੇਡ ਵਿਚ ਵੀ ਵਿਸ਼ਵ ਪੱਧਰ ਦੀ ਖਿਡਾਰਨ ਰਹੀ। 21 ਫਰਵਰੀ 1998 ਨੂੰ ਲਾਸ ਏਂਜਲਸ ਯੂਨੀਵਰਸਿਟੀ ਨੇ ਜਿਨ੍ਹਾਂ 15 ਸਰਬੋਤਮ ਬਾਸਕਟਬਾਲ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਉਨ੍ਹਾਂ ਜੈਕੀ ਵੀ ਸ਼ਾਮਲ ਸੀ। 1 ਅਪ੍ਰੈਲ 2001 ਨੂੰ ਯੂਨੀਵਰਸਿਟੀ ਨੇ ਉਸ 25 ਸਾਲਾਂ ਦੀ ਸਰਬੋਤਮ ਖਿਡਾਰਨ ਵਜੋਂ ਵਡਿਆਇਆ। 1983 ਤੇ 85 ਵਿਚ ਹੀ ਜੋਏਨਰ ਨੂੰ ਨੇਸ਼ਨ ਦੀ ਹੋਣਹਾਰ ਅਥਲੀਟ ਹੋਣ ਦਾ ਅਵਾਰਡ ਮਿਲ ਗਿਆ ਸੀ। 1986 'ਚ ਉਸ ਨੇ ਹਿਸਟਰੀ ਵਿਚ ਬੈਚਲਰ ਦੀ ਡਿਗਰੀ ਹਾਸਲ ਕਰ ਲਈ ਸੀ। ਉਸੇ ਸਾਲ ਉਸ ਨੂੰ ਜੇਮਸ ਈ ਸੁਲੀਵਨ ਅਵਾਰਡ ਮਿਲਿਆ। ਜੋਏਨਰ ਕਰਸੀ ਯੂਐੱਸਏ ਟ੍ਰੈਕ ਐਂਡ ਫੀਲਡ ਦੇ ਬੋਰਡ ਆਫ਼ ਡਾਇਰੈਕਟਰਜ਼ ਵਿਚ ਵੀ ਸੇਵਾ ਨਿਭਾਉਂਦੀ ਰਹੀ। ਜੋਏਨਰ ਕਰਸੀ ਨੂੰ ਮਿਲੇ ਅਵਾਰਡਾਂ ਦੀ ਸੂਚੀ ਲੰਮੀ ਹੈ। ਮਸਲਨ ਹੋਂਡਾ ਸਪੋਰਟਸ ਅਵਾਰਡ, ਜੇਮਸ ਈ ਸੁਲੀਵਨ ਅਵਾਰਡ, ਜੈਸੀ ਓਵੇਂਜ਼ ਅਵਾਰਡ, ਸਪੋਰਟਸ ਪਰਸਨੈਲਟੀ ਆਫ਼ ਦਾ ਈਅਰ ਅਵਾਰਡ, ਜਾਰਜ ਥੌਮਸ ਅਵਾਰਡ 1992, ਵਰਲਡ ਅਥਲੈਟਿਕਸ ਆਫ਼ ਦਾ ਈਅਰ ਅਵਾਰਡ ਫਾਰ ਵੋਮਿਨ 1994, ਜੈਕ ਕੈਲੀ ਫੇਅਰ ਪਲੇਅ ਅਵਾਰਡ 1997, ਸੇਂਟ ਲੂਈਸ ਵਾਰਕ ਆਫ ਫੇਮ 2000, ਲੌਰੀਏਟ ਆਫ਼ ਲਿੰਕਨ ਅਕੈਡਮੀ ਆਫ ਇਲੀਨੌਇਸ ਅਵਾਰਡ ਤੇ ਅਨੇਕ ਹੋਰ ਮਾਨ ਸਨਮਾਨ ਮਿਲੇ। 1981 ਤੋਂ ਜਿਹੜਾ ਅਵਾਰਡ ਜੈਸੀ ਓਵੇਂਜ਼ ਦੇ ਨਾਂ ਉੱਤੇ ਅਥਲੀਟ ਆਫ਼ ਦਾ ਯੀਅਰ ਨੂੰ ਦਿੱਤਾ ਜਾਂਦਾ ਸੀ, 1996 ਤੋਂ ਉਹ ਡਬਲ ਕਰ ਦਿੱਤਾ ਗਿਆ। ਪੁਰਸ਼ ਅਥਲੀਟ ਨੂੰ ਅੱਡ ਤੇ ਔਰਤ ਅਥਲੀਟ ਨੂੰ ਅੱਡ। 2013 ਤੋਂ ਔਰਤ ਅਥਲੀਟ ਆਫ਼ ਦਾ ਯੀਅਰ ਅਵਾਰਡ ਦਾ ਨਾਂ ਜੈਕੀ ਜੋਏਨਰ-ਕਰਸੀ ਅਵਾਰਡ ਰੱਖ ਦਿੱਤਾ ਗਿਆ। ਮਾਰਚ 2023 ਵਿਚ ਜੈਕੀ ਜੋਏਨਰ ਕਰਸੀ ਦਾ ਨਾਂ ਇੰਟਰਨੈਸ਼ਲ ਸਪੋਰਟਸ ਹਾਲ ਵਿਚ ਸੁਸ਼ੋਭਿਤ ਕੀਤਾ ਗਿਆ।

## ਜੀਵਨ ਨੂੰ ਰੱਜ ਕੇ ਜੀਓ

ਲਾਲ ਸਿੰਘ ਕਮਲ਼ਾ ਅਕਾਲੀ ਦੀ ਕਿਤਾਬ ਹੈ 'ਮੌਤ ਰਾਣੀ ਦਾ ਘੁੰਢ'। ਉਹਦੇ 'ਚ ਉਹਨੇ ਮੌਤ ਬਾਰੇ ਬਹੁਤ ਕੁਝ ਖੁਲ੍ਹ ਕੇ ਲਿਖਿਆ ਕਿ ਕਿਵੇਂ ਸੂਰਮੇ ਮੌਤ ਨੂੰ ਹੱਸ ਕੇ ਜਰਦੇ ਰਹੇ ਨੇ ਤੇ ਕਈਆਂ ਨੂੰ ਰੋਂਦਿਆਂ-ਕੁਰਲਾਉਂਦਿਆਂ ਨੂੰ ਚੁੱਕ ਕੇ ਫਾਂਸੀ ਲਾਉਂਦੇ ਨੇ। ਫਰਾਂਸ ਵਿਚ ਲੋਕਾਂ ਲਈ ਲੜਦੀ ਸ਼ਹਿਜ਼ਾਦੀ ਨੂੰ ਜਿਸ ਦਿਨ ਫਾਂਸੀ ਦੇਣੀ ਸੀ, ਤਾਂ ਉਹਨੂੰ ਉਠਾਉਣ ਲੱਗੇ ਤਾਂ ਕਹਿੰਦੀ ਇੱਡੀ ਵੀ ਕੀ ਕਾਹਲੀ ਹੈ ਉੱਠਣ ਵਿਚ ਹਾਲੇ ਸਮਾਂ ਪਿਆ। ਫੇਰ ਉਹ ਤਿਆਰ ਹੋਈ ਤੇ ਨੌਕਰਾਣੀ ਨੇ ਉਹਦੇ ਜਦੋਂ ਤਸਮੇ ਬੰਨੇ ਤਾਂ ਉਹਨੇ ਖੋਲ੍ਹ ਕੇ ਦੁਬਾਰਾ ਬੰਨੇ ਕਿ ਤੂੰ ਠੀਕ ਤਰ੍ਹਾਂ ਨਹੀਂ ਬੰਨੇ। ਉਹ ਲਿਖਦਾ ਕਿ ਆਖ਼ਰੀ ਸਾਹ ਤੱਕ ਉਹਦੇ ਚਿਹਰੇ ਤੇ ਕੋਈ ਡਰ-ਭਉ ਨਹੀਂ ਸੀ। ਕਹਿੰਦੀ ਜਿੰਨਾ ਚਿਰ ਜ਼ਿੰਦਗੀ ਹੈ ਮੈਂ ਰੱਜ ਕੇ ਜੀਵਾਂਗੀ।

ਸਿੱਖ ਪੰਥ 'ਚ ਹਜ਼ਾਰਾਂ ਸੂਰਮੇ ਹੋਏ ਨੇ ਜਿਨਾ ਨੂੰ ਮੌਤ ਨਾ ਡਰਾ ਸਕੀ ਤੇ ਨਾ ਡੁਲਾ ਸਕੀ। ਜਿੰਨੇ ਮਰਜ਼ੀ ਗਿਣ ਲਉ। ਅੱਜ ਗੱਲ ਕਰਨੀ ਇਸ 15 ਸਾਲ ਦੀ ਕੁੜੀ ਦੀ, ਜੋ ਯਹੂਦੀ ਸੀ। ਜਦੋਂ ਹਜ਼ਾਰਾਂ ਲੋਕਾਂ ਨੂੰ ਭੱਠ ਚ ਸਾੜਨ ਲਈ ਲਿਜਾਇਆ ਜਾ ਰਿਹਾ ਸੀ ਤੇ ਲੋਕ ਪੀਲ਼ੇ ਭੂਕ ਡਰ ਨਾਲ ਕੰਬ ਰਹੇ ਸਨ ਤੇ ਇਹ ਕੁੜੀ ਦੇ ਕੱਪੜੇ ਫਟੇ ਹੋਏ, ਪੈਰ ਜ਼ਖ਼ਮੀ, ਖ਼ੂਨ ਨਾਲ ਭਿੱਜੇ ਹੋਏ। ਪਰ ਜਦੋਂ ਸਿਪਾਹੀ ਲਾਈਨ ਨੂੰ ਧੱਕਦੇ ਅੱਗੇ ਵਧਾਉਂਦੇ, ਉਹ ਨੇੜੇ ਖੜਿਆਂ ਨੂੰ ਹੌਸਲਾ ਦਿੰਦੀ ਹੋਈ ਹੌਲੀ ਜਿਹੇ ਕਹਿੰਦੀ: 'ਦੇਖੋ।' ਤੇ ਫਿਰ ਇਹ ਕੁੜੀ ਮੋਹਰੇ ਹੋ ਕੇ ਨੱਚਣ ਲੱਗ ਪਈ। ਨੱਚਦੀ ਰਹੀ, ਨੱਚਦੀ ਰਹੀ। ਜਿਵੇਂ ਕੁਦਰਤ ਨਾਲ ਇਕ-ਮਿਕ ਹੋ ਗਈ ਹੋਵੇ। ਹੌਲੀ-ਹੌਲੀ ਲੋਕਾਂ 'ਚ ਦੁਬਾਰਾ ਜੀਵਨ ਆਉਣਾ ਸ਼ੁਰੂ ਹੋ ਗਿਆ। ਮਨ ਨੇ ਹੌਸਲਾ ਫੜਿਆ ਕਿ ਮੌਤ ਅਟੱਲ ਹੈ। ਜਿੰਨਾ ਚਿਰ ਜੀਵਨ ਹੈ ਉਹ ਰੱਜ ਕੇ ਜੀਓ। ਇੱਕ 'ਚ ਜੁੜ ਕੇ ਰਹੋ। ਆਪਣੇ ਆਪ ਨਾਲ ਜੁੜ ਕੇ ਰਹੋ। ਅੰਦਰ ਨਿਰਭੈਤਾ ਕਾਇਮ ਰੱਖੋ। ਉਸ ਥਾਂ 'ਤੇ, ਜਿੱਥੇ ਸਰੀਰਾਂ ਨੂੰ ਮਿਟਾਇਆ ਜਾਂਦਾ ਸੀ, ਉਹ ਇਸ ਤਰ੍ਹਾਂ ਨੱਚੀ ਜਿਵੇਂ ਜੀਵਨ



ਨੂੰ ਕਿਸੇ ਨੇ ਦੱਸਿਆ ਹੋਵੇ। ਬਾਂਹਾਂ ਪੰਛੀਆਂ ਵਾਂਗ ਹਵਾ ਵਿਚ ਖੁੱਲ੍ਹੀਆਂ, ਕਦਮ ਹੌਲੀ ਹੌਲੀ, ਜਿਵੇਂ ਉਹ ਦੁਨੀਆ ਦਾ ਹੋਰ ਰੰਗ ਖੋਲ੍ਹ ਰਹੀ ਹੋਵੇ।

ਉਹ ਨੱਚੀ-ਭੱਜਣ ਲਈ ਨਹੀਂ,

ਪਰ ਇਨਕਾਰ ਕਰਨ ਲਈ ਕਿ ਮੈਂ ਤੁਹਾਡੇ ਦਿੱਤੇ ਦੁੱਖਾਂ ਤੋਂ, ਮੌਤ ਤੋਂ ਪਰੇ ਹਾਂ। ਜੋ ਲੋਕ ਉਸ ਦੇ ਆਸ-ਪਾਸ ਖੜੇ ਸਨ— ਕਿਸੇ ਦੀਆਂ ਅੱਖਾਂ ਚੁੱਪ-ਚੁੱਪ ਰੋਈਆਂ, ਕਿਸੇ ਨੇ ਆਪਣੀ ਪਿੱਠ ਘੁਮਾਈ ਤੇ ਉਹਨੂੰ ਦੇਖ ਅੰਦਰ ਕੁਝ ਮੁੜ ਜਿੰਦਾ ਹੋਇਆ।

ਇਕ ਪਲ ਲਏ-ਬਹੁਤ ਹੀ ਛੋਟਾ ਪਲ —

ਉਹ ਆਪਣੇ ਆਪ ਨੂੰ ਇਹ ਮਹਿਸੂਸ ਕਰਨ ਲੱਗੇ ਕਿ ਉਹ ਨਾ ਕੈਦੀ, ਨਾ ਨੰਬਰ, ਸਗੋਂ ਇਨਸਾਨ।

ਜੋ ਉੱਥੋਂ ਇੱਕ ਬਚ ਗਿਆ ਉਹ ਲਿਖਦਾ ਕਿ 'ਉਹ ਨੱਚਦੀ ਨਹੀਂ ਸੀ...ਉਹ ਵਿਰੋਧ ਸੀ।'

ਉਹ ਆਪਣੀ ਕਹਾਣੀ ਆਪ ਨਹੀਂ ਦੱਸ ਸਕੀ। ਭਾਵੇਂ ਹਜ਼ਾਰਾਂ ਲੋਕਾਂ ਦੇ ਨਾਲ ਉਹਨੂੰ ਵੀ ਸਾੜ ਦਿੱਤਾ ਗਿਆ ਪਰ ਉਹ ਸੱਚ, ਜੋ ਉਸ ਨੇ ਹਵਾ ਵਿਚ ਲਿਖਿਆ, ਉਹ ਮਿਟਾਇਆ ਨਹੀਂ ਜਾ ਸਕਿਆ: ਕਿ ਮੌਤ ਦੇ ਕੰਢੇ 'ਤੇ ਵੀ, ਰੂਹ ਉੱਚਾ ਉੱਠਣ ਨੂੰ ਚੁਣ ਸਕਦੀ ਹੈ। ਤੇ ਪਹਿਚਾਣ ਬਿਨਾਂ ਬੋਲਿਆਂ ਵੀ ਬੋਲੀ ਜਾ ਸਕਦੀ ਹੈ। ਕਿ ਵਿਰੋਧ ਕਦੇ-ਕਦੇ—ਨੱਚ ਵੀ ਸਕਦਾ ਹੈ।

ਅਤੇ ਇਸ ਕਰਕੇ ਉਹ ਅੱਜ ਵੀ ਜਿੰਦਾ ਹੈ-

ਨਾ ਕਿਸੇ ਪੱਥਰ 'ਚ, ਨਾ ਕਬਰ 'ਚ,

ਨਾ ਰਿਕਾਰਡਾਂ 'ਚ—ਪਰ ਯਾਦ ਵਿਚ,

ਗਵਾਹੀ ਵਿਚ, ਉਸ ਹਰ ਆਵਾਜ਼ ਵਿਚ, ਜੋ ਚੁੱਪ ਹੋਣ ਤੋਂ ਇਨਕਾਰ ਕਰਦੀ ਹੈ। ਉਹ ਨੱਚੀ ਸੀ।ਅਤੇ ਉਹ ਬਗਾਵਤ ਸੀ। ਜਿਵੇਂ ਸਾਹਿਬਜ਼ਾਦੇ ਜੈਕਾ ਰਾ ਲਾ ਗਏ ਨੇ।

ਇਹੋ ਜਹਿਆਂ ਸੂਰਮਿਆਂ ਬਾਰੇ ਯਕੀਨ ਨ ਆਵੇ ਤਾਂ ਕਦੀ ਕਦੀ ਸਰਹੰਦ ਜ਼ਰੂਰ ਜਾ ਆਉਣਾ ਚਾਹੀਦਾ॥

*- ਸੁਰਜੀਤ ਸਿੰਘ ਵਿਰਕ*

# ਚੁਣੌਤੀਆਂ ਤੇ ਸੰਭਾਵਨਾਵਾਂ ਦਾ ਪ੍ਰਯੋਜਨਮੁਖੀ ਪ੍ਰਵਚਨ: ਪਰਵਾਸ ਦੇ ਸਰੋਕਾਰ

## ਪੁਸਤਕ ਸਮੀਖਿਆ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 98885-10185

ਪੁਸਤਕ ਦਾ ਸਿਰਲੇਖ: ਪਰਵਾਸ ਦੇ ਸਰੋਕਾਰ
ਲੇਖਕ ਦਾ ਨਾਂ: ਮਲਵਿੰਦਰ
ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
ਪੰਨੇ: 116, ਮੁੱਲ: 220 ਰੁਪਏ ($ 10)

'ਪਰਵਾਸ ਦੇ ਸਰੋਕਾਰ' ਪੁਸਤਕ ਦੀ ਆਮਦ ਨਾਲ ਮਲਵਿੰਦਰ ਆਪਣੀ 11ਵੀਂ ਪੁਸਤਕ ਲੈ ਕੇ ਆਪਣੇ ਪਾਠਕਾਂ ਨੂੰ ਮੁਖ਼ਾਤਿਬ ਹੋ ਰਿਹਾ ਹੈ। ਅਜੋਕੀ ਪੰਜਾਬੀ ਕਵਿਤਾ ਵਿਚ ਉਹ ਸਨਮਾਨਯੋਗ ਸਥਾਨ ਰੱਖਦਾ ਹੈ ਤੇ 9 ਪੁਸਤਕਾਂ ਦੀ ਰਚਨਾ ਕਰਕੇ ਪੰਜਾਬੀ ਕਾਵਿ ਸਾਹਿਤ ਵਿਚ ਉਸਨੇ ਚੰਗਾ ਨਾਮ ਕਮਾਇਆ ਹੈ। ਵਾਰਤਕ ਦੀ ਇਹ ਉਸਦੀ ਦੂਜੀ ਪੁਸਤਕ ਹੈ। ਇਸ ਵਿਚ ਉਹ ਕੈਨੇਡਾ ਜਾ ਕੇ ਰਹਿਣ ਦੇ ਆਪਣੇ ਕੁਝ ਕਠੋਰ ਤੇ ਕੁਝ ਖੁਸ਼ਨੁਮਾ ਅਨੁਭਵ ਉਲੀਕਦਾ ਹੈ। ਮਲਵਿੰਦਰ ਦੇ ਵਿਚਾਰ ਅਨੁਸਾਰ ਬਰੈਂਪਟਨ ਨਵਾਂ ਆਬਾਦ ਹੋ ਰਿਹਾ ਪੰਜਾਬ ਹੈ। ਉਥੇ ਪੰਜਾਬੀ ਜੀਵਨ ਦੇ ਵਿਭਿੰਨ ਰੰਗ-ਢੰਗ ਵੇਖੇ ਜਾ ਸਕਦੇ ਹਨ। ਨੂੰਹਾਂ-ਪੁੱਤਰਾਂ, ਧੀਆਂ-ਜਵਾਈਆਂ ਦੇ ਮਾਪੇ ਉਥੇ ਬੜੀ ਤਾਂਘ ਨਾਲ ਜਾਂਦੇ ਹਨ। ਸੁਭਾਵਿਕ ਹੈ ਕਿ ਉਥੇ ਉਨ੍ਹਾਂ ਦਾ ਦਿਲ ਨਹੀਂ ਲੱਗਦਾ। ਜਦੋਂ ਪਰਿਵਾਰ ਦਾ ਪਰਵਾਸ ਹੁੰਦਾ ਹੈ ਤਾਂ ਨਵੀਆਂ ਚੁਣੌਤੀਆਂ ਆ ਘੇਰਦੀਆਂ ਹਨ। ਆਪਣਿਆਂ ਦੇ ਵਿਵਹਾਰ ਵਿਚੋਂ ਰਿਸ਼ਤਿਆਂ ਦੇ ਸਵਾਰਥੀ ਤੇ ਮਸਨੂਈ ਹੋਣ ਦੀ ਅਸਲੀਅਤ ਸਮਝ ਆਉਣ ਲੱਗਦੀ ਹੈ। ਲੇਖਕ ਹਿਤਾਂ ਦੇ ਟਕਰਾਓ ਤੇ ਸਵਾਰਥੀ ਬਿਰਤੀ ਤੋਂ ਪੀੜਤ ਲੋਕਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਮਲਟੀਕਲਚਰਡ ਸਮਾਜ ਵਿਚ ਰਹਿਣਾ ਉਨ੍ਹਾਂ ਲਈ ਕਈ ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਪੈਦਾ ਕਰਦਾ ਹੈ। ਮਲਵਿੰਦਰ ਲਿਖਦਾ ਹੈ-"ਇਸ ਪੁਸਤਕ ਵਿਚ ਮੈਂ ਪਰਵਾਸ ਹੰਢਾ ਰਹੇ ਵੱਖ-ਵੱਖ ਉਮਰ ਵਰਗ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਨ ਦਾ ਯਤਨ ਕੀਤਾ ਹੈ। "(ਪੰਨਾ 11)।

ਮਲਵਿੰਦਰ 2018 ਵਿਚ ਪਹਿਲੀ ਵਾਰ ਕੈਨੇਡਾ ਜਾਂਦਾ ਹੈ। ਉਸ ਪਿੱਛੋਂ ਉਸਦਾ ਉਥੇ ਜਾਣਾ-ਆਉਣਾ ਹੁਣ ਤੱਕ ਜਾਰੀ ਹੈ। ਆਪਣੀਆਂ ਕੈਨੇਡਾ ਦੀਆਂ ਫੇਰੀਆਂ ਦੌਰਾਨ ਮਲਵਿੰਦਰ ਵੱਖ ਵੱਖ ਤਰ੍ਹਾਂ ਦੇ ਅਨੁਭਵ ਗ੍ਰਹਿਣ ਕਰਦਾ ਹੈ। ਦੋ ਸੌ ਦੇ ਕਰੀਬ ਮੁਲਕਾਂ ਤੋਂ ਪਰਵਾਸ ਕਰਕੇ ਉਥੇ ਜਾ ਵੱਸੇ ਲੋਕ ਉਸ ਮੁਲਕ ਨੂੰ ਮਲਟੀਕਲਚਰਡ ਦੇਸ਼ ਬਣਾਉਂਦੇ ਹਨ। ਪੀੜ੍ਹੀ ਪਾੜੇ ਨਾਲ ਕਦਰਾਂ-ਕੀਮਤਾਂ ਤੇ ਸੱਭਿਆਚਾਰਕ ਮਾਨਤਾਵਾਂ ਵਿਚ ਤਣਾਓ ਆਉਂਦਾ ਹੈ ਤਾਂ ਘਰ-ਪਰਿਵਾਰ ਹਿੱਲਦੇ ਹਨ, ਰਿਸ਼ਤੇ ਲੜਖੜਾਉਂਦੇ ਹਨ ਤੇ ਸਮਾਜਿਕ ਤਾਣਾ-ਬਾਣਾ ਉਲਝਦਾ ਹੈ। ਮਲਵਿੰਦਰ ਲਿਖਦਾ ਹੈ-"ਸਾਡਾ ਸੱਭਿਆਚਾਰ ਤੇ ਕਦਰਾਂ-ਕੀਮਤਾਂ, ਜਿਸਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਸਾਡੇ ਘਰਾਂ ਵਿਚ, ਸੰਸਥਾਵਾਂ ਵਿਚ ਤੇ ਸਮਾਜ ਵਿਚ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ। ...ਕਿੱਲੇ ਨਾਲ ਬੱਧੇ ਸੱਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ-ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ। ...ਜਿਨ੍ਹਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿਚ ਹੀ ਸਮੱਸਿਆਵਾਂ ਦਾ ਹੱਲ ਸੰਭਵ ਹੈ।" (ਪੰਨੇ 13-14)। ਪਿਛਲੇ ਕੁਝ ਦਹਾਕਿਆਂ ਤੋਂ ਪੀੜ੍ਹੀ ਪਾੜੇ ਕਾਰਨ ਪੈਦਾ ਹੁੰਦਾ ਸੱਭਿਆਚਾਰਕ ਸੰਕਟ/ਤਣਾਓ ਹੁਣ ਵਿਸ਼ਵ ਵਿਆਪੀ ਚਲਨ ਬਣ ਗਿਆ ਹੈ। ਕੈਨੇਡਾ ਜਾ ਵੱਸੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਆਉਂਦੇ ਵਿਗਾੜਾਂ ਨੂੰ ਸਮਝਦਿਆਂ ਸੁੱਖ-ਸ਼ਾਂਤੀ ਪੂਰਵਕ ਜੀਵਨ ਜੀਉਣ ਦੀ ਸਲਾਹ ਦਿੰਦਿਆਂ ਮਲਵਿੰਦਰ ਲਿਖਦਾ ਹੈ-"ਇਸ ਮਲਟੀਕਲਚਰਡ ਸਿਸਟਮ ਵਿਚ ਵੀ ਕੁਝ ਗੱਲਾਂ ਚੰਗੀਆਂ ਹਨ। ਚੰਗੀਆਂ ਗੱਲਾਂ ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ।" (ਪੰਨਾ 16)।

'ਸਾਡੇ ਰਹਿਣ-ਸਹਿਣ ਵਿਚ ਮੰਡੀ ਦਾ ਦਖ਼ਲ' ਵਿਚ ਮਲਵਿੰਦਰ ਕਬੀਲਾ ਸੱਭਿਆਚਾਰ ਤੋਂ ਲੈ ਕੇ ਮੰਡੀ ਸੱਭਿਆਚਾਰ, ਖਪਤ ਸੱਭਿਆਚਾਰ ਤੇ ਮਨੁੱਖ ਵੱਲੋਂ ਅਖੌਤੀ 'ਸਟੇਟਸ ਸਿੰਬਲ' ਦੇ ਸਿਰਜੇ ਜਾ ਰਹੇ ਭਰਮ ਦੀ ਗੱਲ ਕਰਦਾ ਹੈ। ਸਮਾਜਕ ਵਿਗਾੜ ਦੇ ਵਧ ਰਹੇ ਕਾਰਨਾਂ ਵਿਚੋਂ ਇਕ ਲੇਖਕ ਅਜਿਹੇ ਰੁਝਾਨ ਨੂੰ ਵੀ ਮੰਨਦਾ ਹੈ। ਲੇਖਕ ਇਸਨੂੰ 'ਵਿਕਸਤ ਸਮਾਜ ਦੀ ਅਵਿਕਸਿਤ ਜੀਵਨ ਜਾਚ' (ਪੰਨੇ 20-21) ਕਹਿੰਦਾ ਹੈ। 'ਪਰਵਾਸ ਦੀਆਂ ਚੁਣੌਤੀਆਂ ਦੇ ਨਵੇਂ ਮੁਹਾਂਦਰੇ' ਵਿਚ ਲੇਖਕ ਪਰਵਾਸ ਧਾਰਨ ਕਰਨ ਵਾਲੇ ਲੋਕਾਂ ਨੂੰ ਦਰਪੇਸ਼ ਨਿੱਤ ਨਵੀਆਂ ਚੁਣੌਤੀਆਂ ਵੱਲ ਸੰਕੇਤ ਕਰਦਾ ਹੈ। ਉਹ ਲਿਖਦਾ ਹੈ-"ਪਰਵਾਸੀ ਬੰਦੇ ਨੂੰ ਬਹੁਤੇ ਝੱਖੜ ਆਪਣੇ ਨੰਗੇ ਪਿੰਡੇ 'ਤੇ ਆਪ ਹੀ ਝੱਲਣੇ ਪੈਂਦੇ ਹਨ।" (ਪੰਨਾ 22)। ਉਥੋਂ ਦੀਆਂ ਕਠਿਨ ਤੇ ਕਠੋਰ ਜੀਵਨ ਹਾਲਤਾਂ ਦੀ ਗੱਲ ਛੋਹ ਕੇ ਉਸਨੇ ਪਰਵਾਸ ਧਾਰਨ ਕਰਨ ਦੀਆਂ ਵਿਉਂਤਾਂ ਬਣਾ ਰਹੇ ਲੋਕਾਂ ਨੂੰ ਆਗਾਹ ਕਰਨ ਦਾ ਯਤਨ ਕੀਤਾ ਹੈ। 'ਭਾਈਚਾਰਕ ਸਾਂਝ ਤੋੜਦੀਆਂ ਭੀੜਾਂ' ਵਿਚ ਲੇਖਕ ਨੇ ਅਮਨ ਕਾਨੂੰਨ ਦੀ ਪ੍ਰਵਾਹ ਨਾ ਕਰਨ ਵਾਲੇ ਤੇ ਹੁੜਦੰਗ ਮਚਾਉਣ ਵਾਲੇ ਸਵਾਰਥੀ ਲੋਕਾਂ ਦੀ ਮਾਨਸਿਕਤਾ ਦੀ ਗੱਲ ਕੀਤੀ ਹੈ। ਪਵਿੱਤਰ ਅਸਥਾਨਾਂ ਦੀ ਆੜ ਹੇਠ ਅਜਿਹੇ ਲੋਕ ਚੱਲਦੇ ਕੰਮ ਵਿਚ ਵਿਘਨ ਪਾਉਣ ਦੀ ਤਾਕ ਵਿਚ ਰਹਿੰਦੇ ਹਨ। ਅਸੁਵਿਧਾਜਨਕ ਹਾਲਾਤ ਪੈਦਾ ਕਰਨਾ ਹੀ ਇਨ੍ਹਾਂ ਲੋਕਾਂ ਦਾ ਮੰਤਵ ਹੁੰਦਾ ਹੈ। ਇਸ ਪਿੱਛੇ ਏਜੰਸੀਆਂ ਵੀ ਕੰਮ ਕਰ ਰਹੀਆਂ ਹੋ ਸਕਦੀਆਂ ਹਨ। ਸਥਿਤੀ ਦੀ ਵਿਡੰਬਨਾ ਤੇ ਹੈਰਾਨੀ ਵਾਲੀ ਗੱਲ ਇਹ ਕਿ ਮੀਡੀਆ ਬਲਦੀ 'ਤੇ ਤੇਲ ਪਾਉਣ ਦੀ ਭੂਮਿਕਾ ਨਿਭਾ ਰਿਹਾ ਹੁੰਦਾ ਹੈ। ਲੇਖਕ ਦੇਸ਼ ਵਿਦੇਸ਼ ਵਿਚ ਕਾਰਜਸ਼ੀਲ ਅਜਿਹੀਆਂ ਫੁੱਟ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਵੱਲ ਧਿਆਨ ਦੇਣ 'ਤੇ ਬਲ ਦਿੰਦਾ ਹੈ। 'ਕੈਨੇਡਾ ਵਿਚ ਪੰਜਾਬੀ ਮਾਤ-ਭਾਸ਼ਾ ਦਾ ਵਰਤਮਾਨ ਤੇ ਭਵਿੱਖ' ਵਿਚ ਲੇਖਕ




ਲਿਖਦਾ ਹੈ-"ਵਿਦੇਸ਼ੀ ਭੋਇੰ 'ਤੇ ਜਾ ਕੇ ਆਪਣੀ ਭੋਇੰ, ਭਾਸ਼ਾ ਤੇ ਸੱਭਿਆਚਾਰ ਦਾ ਹੇਰਵਾ ਜਾਗਦਾ ਹੈ। ਅਸੀਂ ਇਸ ਗੱਲ ਲਈ ਫਿਕਰਮੰਦ ਹੁੰਦੇ ਹਾਂ ਕਿ ਸਾਡੇ ਬੱਚੇ ਆਪਣੀ ਭਾਸ਼ਾ ਅਤੇ ਰਿਸ਼ਤਿਆਂ ਨੂੰ ਵਿਸਰ ਨਾ ਜਾਣ।" ਪਿਛਲੇ ਤੀਹ ਸਾਲਾਂ ਤੋਂ 'ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ' ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਮੋਟ ਕਰਨ ਦੇ ਮੰਤਵ ਹਿਤ ਸਿਫਤੀ ਭੂਮਿਕਾ ਨਿਭਾ ਰਹੀ ਹੈ। ਕੁਝ ਗੁਰਦੁਆਰੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਘਰਾਂ ਵਿਚ ਪੰਜਾਬੀ ਬੋਲਣ, ਪੰਜਾਬੀ ਅਖਬਾਰਾਂ ਪੜ੍ਹਨ, ਰੇਡੀਓ ਅਤੇ ਟੈਲੀਵਿਜ਼ਨ 'ਤੇ ਪੰਜਾਬੀ ਪ੍ਰੋਗਰਾਮ ਸੁਣਨ, ਵੇਖਣ ਨਾਲ ਵੀ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਪੈਦਾ ਕੀਤਾ ਜਾ ਸਕਦਾ ਹੈ ਤੇ ਇਸਨੂੰ ਆਪਣੇ ਬੱਚਿਆਂ ਦੇ ਦਿਲਾਂ ਤੱਕ ਅਸਰ ਕਰਨ ਯੋਗ ਬਣਾਇਆ ਜਾ ਸਕਦਾ ਹੈ। ਲੇਖਕ ਤਸੱਲੀ ਪ੍ਰਗਟ ਕਰਦਾ ਹੈ ਕਿ ਕੈਨੇਡਾ ਵਿਚ ਜੰਮੇ-ਪਲੇ ਬੱਚਿਆਂ ਨੂੰ ਪੰਜਾਬੀ ਪੜ੍ਹਨ, ਲਿਖਣ, ਬੋਲਣ ਲਈ ਸਿੱਖਿਆ ਪ੍ਰਦਾਨ ਕਰਨ ਦੇ ਉਚਿਤ ਉਪਰਾਲੇ ਹੋ ਰਹੇ ਹਨ ਤੇ ਬਿਹਤਰ ਨਤੀਜੇ ਵੀ ਸਾਹਮਣੇ ਆ ਰਹੇ ਹਨ।

ਬਰੈਂਪਟਨ ਨੂੰ ਕੇਂਦਰ ਵਿਚ ਰੱਖ ਕੇ ਮਲਵਿੰਦਰ ਦੱਸਦਾ ਹੈ ਕਿ ਪੰਜਾਬੀ ਦੀਆਂ ਦਰਜਨ ਤੋਂ ਵੱਧ ਹਫ਼ਤਾਵਾਰੀ ਅਖਬਾਰਾਂ ਉਥੋਂ ਛਪਦੀਆਂ ਹਨ। ਪੰਜਾਬ ਦੀਆਂ ਖਬਰਾਂ ਦੇ ਨਾਲ-ਨਾਲ ਉਹ ਵਿਸ਼ਵੀ ਪਾਸਾਰ ਵਾਲੇ ਸਰੋਕਾਰਾਂ ਨੂੰ ਵੀ ਉਭਾਰਦੀਆਂ ਹਨ। ਏਨੀਆਂ ਕੁ ਪੰਜਾਬੀ ਸਾਹਿਤ ਸਭਾਵਾਂ ਵੀ ਉਥੇ ਸਰਗਰਮ ਹਨ। ਪੰਜਾਬ ਦੀਆਂ ਸਾਹਿਤ ਸਭਾਵਾਂ ਵਾਂਗ ਉਥੇ ਵੀ ਧੜੇਬੰਦੀਆਂ ਹਨ। ਮਲਵਿੰਦਰ ਲਿਖਦਾ ਹੈ-"ਅਜਿਹੇ ਸਮਾਗਮ ਕੁਝ ਸਰਮਾਏਦਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕਰਵਾਏ ਜਾਂਦੇ ਮੇਲੇ ਬਣ ਕੇ ਰਹਿ ਜਾਂਦੇ ਹਨ।"

ਭਾਰਤ ਵਿਚ ਚੋਣਾਂ ਦਾ ਐਲਾਨ ਹੋਣ ਸਾਰ ਹੀ ਰਾਜਸੀ ਪਾਰਟੀਆਂ ਤੇ ਨੇਤਾਵਾਂ ਦਾ ਧੱਮੜਧੱਸਾ ਸ਼ੁਰੂ ਹੋ ਜਾਂਦਾ ਹੈ। ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਹੋਣੀਆਂ ਆਮ ਜਿਹੀ ਗੱਲ ਬਣ ਗਈ ਹੈ। ਧਰਮ, ਜਾਤ, ਭਾਸ਼ਾ, ਖਿੱਤੇ, ਕਿੱਤੇ, ਨਸਲ ਆਦਿ ਦੇ ਆਧਾਰ 'ਤੇ ਨਫਰਤ ਫੈਲਾਉਣ ਵਾਲੇ ਭਾਸ਼ਣ ਕੀਤੇ ਜਾਂਦੇ ਹਨ। ਵੋਟਰਾਂ ਨੂੰ ਉਕਸਾਇਆ ਜਾਂਦਾ ਹੈ। ਆਮ ਨਾਗਰਿਕ ਲਈ ਦੋ-ਢਾਈ ਮਹੀਨੇ ਤ੍ਰਭਕੀ ਅਵਸਥਾ ਵਿਚੋਂ ਗੁਜ਼ਰਨ ਵਾਲੇ ਹੁੰਦੇ ਹਨ। ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ/ਮੁਲਾਜ਼ਮਾਂ ਦੀ ਹਾਲਤ ਵੀ ਲਾਮ 'ਤੇ ਜਾਣ ਵਾਲੇ ਸਿਪਾਹੀ ਵਰਗੀ ਹੁੰਦੀ ਹੈ। ਲੇਖਕ ਇਸ ਦੇਸ਼ ਦੇ ਚੋਣ ਅਮਲ ਨੂੰ ਵਿਕਸਿਤ ਦੇਸ਼ਾਂ ਦੇ ਚੋਣ ਅਮਲ ਨਾਲ ਤੁਲਨਾਉਂਦਾ ਹੈ ਤੇ ਸਵਾਲ ਕਰਦਾ ਹੈ ਕਿ ਉਨ੍ਹਾਂ ਦੇਸ਼ਾਂ ਵਰਗਾ ਚੋਣ ਅਮਲ ਇਥੇ ਕਿਉਂ ਨਹੀਂ ਲਾਗੂ ਕੀਤਾ ਜਾ ਸਕਦਾ? ਸਿਹਤਮੰਦ ਸਾਹਿਤ ਸਵਾਲ ਉਠਾਉਂਦਾ ਹੈ ਤੇ ਸਿਸਟਮ ਕੋਲੋਂ ਜਵਾਬਾਂ ਦੀ ਤਵੱਕੋ ਵੀ ਕਰ ਰਿਹਾ ਹੁੰਦਾ ਹੈ।

ਲੇਖਕ ਨੂੰ ਰੰਜ ਹੈ ਕਿ ਉਸਨੂੰ ਸਕੂਲਾਂ ਦੀ ਉਸ ਸ਼੍ਰੇਣੀ ਦੇ ਸਕੂਲ ਵਿਚ ਪੜ੍ਹਨ ਦਾ ਮੌਕਾ ਮਿਲਿਆ, ਜਿਨ੍ਹਾਂ ਵਿਚ ਲਾਇਬਰੇਰੀ ਦਾ ਸੰਕਲਪ ਹੀ ਨਹੀਂ ਸੀ ਹੁੰਦਾ! ਲਾਇਬਰੇਰੀ ਦਾ ਪਤਾ ਹੀ ਉਸਨੂੰ ਕਾਲਜ ਆ ਕੇ ਲੱਗਦਾ ਹੈ। ਯੂਨੀਵਰਸਿਟੀ ਦੀ ਲਾਇਬਰੇਰੀ ਤਾਂ ਬਹੁਪੱਖੀ ਗਿਆਨ ਦਾ ਅਥਾਹ ਸਮੁੰਦਰ ਹੈ, ਜਿਸ ਨੂੰ ਵੇਖ ਕੇ ਉਹ ਅਚੰਭਿਤ ਹੁੰਦਾ ਹੈ। ਕੈਨੇਡਾ ਵਿਚ ਲਾਇਬਰੇਰੀਆਂ ਵਿਚ ਪ੍ਰਾਪਤ ਵਿਵਸਥਾ, ਸਹੂਲਤਾਂ ਤੇ ਸਿਸਟਮ ਦੀ ਗੱਲ ਕਰਦਿਆਂ ਉਹ ਖੁਸ਼ੀ ਵੀ ਮਹਿਸੂਸ ਕਰ ਰਿਹਾ ਹੈ ਤੇ ਹੈਰਾਨੀ ਵੀ ਕਿ ਅਸੀਂ ਉਸ ਪੱਧਰ ਤੱਕ ਪਹੁੰਚ ਸਕਣ ਦੀ ਕਲਪਨਾ ਵੀ ਨਹੀਂ ਕਰ ਸਕਦੇ!

ਕੈਨੇਡਾ ਗਏ ਵਿਦਿਆਰਥੀਆਂ ਨੂੰ ਜਦੋਂ ਮਹਿੰਗਾਈ, ਨਿੱਤ ਵਧਦੇ ਖਰਚਿਆਂ ਤੇ ਬੇਰੁਜ਼ਗਾਰੀ ਵਰਗੀਆਂ ਤਲਖ਼ ਤੇ ਕਠੋਰ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਗ਼ੈਰ ਸਮਾਜਿਕ ਕੰਮ ਕਰਨ ਲੱਗਦੇ ਹਨ। ਕਾਰਾਂ ਚੋਰੀ ਕਰਨ, ਸਟੋਰ ਲੁੱਟਣ, ਡਰੱਗਜ਼ ਦਾ ਧੰਦਾ ਕਰਨ, ਕਾਰਾਂ ਵਿਚ ਉੱਚੀ ਆਵਾਜ਼ ਵਿਚ ਗਾਣੇ ਲਗਾਉਣ, ਪਾਰਕਾਂ/ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿਚ ਗੇੜੇ ਲਗਾਉਣ, ਮਕਾਨ ਮਾਲਕਾਂ ਨਾਲ ਉਲਝਣ, ਉਨ੍ਹਾਂ ਨੂੰ ਬੇਸਮੈਂਟਾਂ ਦਾ ਕਿਰਾਇਆ ਦੇਣ ਤੋਂ ਟਾਲ਼ਾ ਵੱਟਣ, ਬੇਸਮੈਂਟਾਂ ਵਿਚ ਗੰਦ ਖਿਲਾਰਨ ਤੇ ਹੁੜਦੰਗ ਮਚਾਉਣ ਵਰਗੀਆਂ ਖਬਰਾਂ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਕੁਝ ਲੋਕ ਕਾਨੂੰਨ ਦੀ ਉਲੰਘਣਾ ਵੀ ਕਰਦੇ ਹਨ। ਅਜਿਹਾ ਕਰਨ ਵਾਲੇ ਅਨਸਰ ਬਹੁਤ ਘੱਟ ਹਨ ਪਰ ਖਬਰ ਛਪਦੀ ਹੈ ਤਾਂ ਬਦਨਾਮੀ ਸਾਰੇ ਭਾਈਚਾਰੇ ਦੀ ਹੁੰਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਪੱਕੇ ਹੋਣ ਲਈ ਲੋਕ ਜਾਇਜ਼-ਨਾਜਾਇਜ਼ ਢੰਗ-ਤਰੀਕੇ ਵਰਤਦੇ ਹਨ। ਅਜਿਹੇ ਕੰਮ ਕਰਵਾਉਣ ਦੇ ਲਾਰੇ ਲਾਉਣ ਵਾਲੇ ਵੀ ਉਨ੍ਹਾਂ ਦੀ ਚੰਗੀ ਲੁੱਟ ਕਰਦੇ ਹਨ। ਅਸਲੀਅਤ ਦਾ ਬੇਬਾਕੀ ਨਾਲ ਬਿਆਨ ਕਰਨਾ ਲੇਖਕ ਦੀ ਬਿਰਤਾਂਤਕਾਰੀ ਦਾ ਉਘੜਵਾਂ ਲੱਛਣ ਬਣਦਾ ਹੈ।

'ਫੁੱਲਾਂ ਦਾ ਸ਼ਹਿਰ ਬਰੈਂਪਟਨ' ਜਿਸਨੂੰ ਲੇਖਕ 'ਨਵਾਂ ਆਬਾਦ ਹੋ ਰਿਹਾ ਪੰਜਾਬ' ਕਹਿੰਦਾ ਹੈ, ਦੇ ਬਹੁਤੇ ਖੇਤਰਾਂ 'ਤੇ ਪੰਜਾਬੀਆਂ ਦਾ ਦਬਦਬਾ ਹੈ। ਰਾਜਸੀ ਖੇਤਰ, ਵਪਾਰਕ ਅਦਾਰੇ, ਬਿਜਲਈ ਮੀਡੀਆ, ਪ੍ਰਿੰਟ ਮੀਡੀਆ, ਪੱਤਰਕਾਰਿਤਾ, ਕਲਾ, ਖੇਡਾਂ, ਸੰਗੀਤ, ਟ੍ਰਾਂਸਪੋਰਟ ਆਦਿ ਖੇਤਰਾਂ ਵਿਚ ਪੰਜਾਬੀਆਂ ਦਾ ਬੋਲਬਾਲਾ ਹੈ। ਇਹ ਬਰੈਂਪਟਨ ਦੇ ਮਾਣ ਵਿਚ ਵਾਧਾ ਕਰਨ ਵਾਲੀ ਗੱਲ ਹੈ ਕਿ ਇਸ ਸ਼ਹਿਰ ਵਿਚ ਪੰਜਾਬੀ ਦੇ ਕਈ ਸੁਪ੍ਰਸਿੱਧ ਲੇਖਕ ਰਹਿ ਰਹੇ ਹਨ। ਇੰਜ, ਇਹ ਸ਼ਹਿਰ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਝੀਲਾਂ ਇਥੋਂ ਦੇ ਕੁਦਰਤੀ ਸੁਹੱਪਣ ਵਿਚ ਵਾਧਾ ਕਰਦੀਆਂ ਹਨ। ਇਸ ਸ਼ਹਿਰ ਵਿਚ ਸਥਿਤ ਗੁਰਦੁਆਰੇ ਤੇ ਮੰਦਿਰ ਸ਼ਰਧਾਲੂਆਂ ਲਈ ਆਸਥਾ ਦੇ ਕੇਂਦਰ ਹਨ।

ਕੈਨੇਡਾ ਮਾੜੇ ਦੌਰ ਵਿਚੋਂ ਲੰਘ ਰਿਹਾ ਹੈ। ਪਰਵਾਸੀਆਂ ਦੀ ਵਧ ਰਹੀ ਗਿਣਤੀ, ਮਹਿੰਗਾਈ, ਬੇਰੁਜ਼ਗਾਰੀ, ਪੂੰਜੀਵਾਦ ਦੇ ਪਸਾਰੇ ਅਤੇ ਹੋਰ ਕਾਰਨਾਂ ਕਰਕੇ ਕੈਨੇਡਾ ਸਰਕਾਰ ਉਸ ਦੇਸ਼ ਵਿਚ ਪੜ੍ਹਨ ਤੇ ਰੁਜ਼ਗਾਰ ਦੀ ਭਾਲ ਵਿਚ ਗਏ ਵਿਦਿਆਰਥੀਆਂ ਉੱਤੇ ਲਗਾਈਆਂ ਜਾਂਦੀਆਂ ਸ਼ਰਤਾਂ ਨੂੰ ਸਖਤ ਕਰ ਰਹੀ ਹੈ, ਫੀਸਾਂ ਤੇ ਹੋਰ ਖਰਚਿਆਂ ਵਿਚ ਵਾਧਾ ਹਰ ਰਹੀ ਹੈ। ਇਸ ਨਾਲ ਕੈਨੇਡਾ ਜਾ ਕੇ ਵੱਸਣ ਦੇ ਚਾਹਵਾਨ ਪੰਜਾਬੀਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਪੰਜਾਬ ਵਿਚ ਚੰਗੀਆਂ ਨੌਕਰੀਆਂ ਕਰਕੇ, ਸੇਵਾ ਨਵ੍ਰਿਤੀ ਪਿੱਛੋਂ ਪੈਨਸ਼ਨ ਧਾਰਕ ਬਣਨ ਪਿੱਛੋਂ ਆਪਣੇ ਪੁੱਤਰਾਂ-ਨੂੰਹਾਂ, ਧੀਆਂ-ਜਵਾਈਆਂ ਕੋਲ ਕੈਨੇਡਾ ਜਾ ਕੇ ਰਹਿਣ ਵਾਲੇ ਲੋਕਾਂ ਦਾ ਅਕਸਰ ਉਧਰ ਦਿਲ ਨਹੀਂ ਲੱਗਦਾ। ਕੈਨੇਡਾ ਜਾ ਕੇ ਰਹਿ ਰਹੇ ਮਾਪਿਆਂ ਦੇ ਜੀਵਨ ਦੀ ਅਸਲੀਅਤ, ਕੈਨੇਡਾ ਵਿਚ ਵਧ ਰਹੇ ਅਪਰਾਧਾਂ, ਨਾਜਾਇਜ਼ ਢੰਗ-ਤਰੀਕੇ ਅਪਣਾਅ ਕੇ ਉਥੇ ਪੱਕੇ ਹੋਣ ਲਈ ਹੀਲੇ-ਵਸੀਲੇ ਜੁਟਾਉਣ ਤੇ ਉਥੋਂ ਦੀ ਅਰਥਵਿਵਸਥਾ ਦੇ ਲੜਖੜਾਉਣ ਦੀ ਅਸਲੀਅਤ ਬਾਰੇ ਇਸ ਪੁਸਤਕ ਦੀ ਬਿਰਤਾਂਤਕਾਰੀ ਉਦਾਹਰਣਾਂ ਸਹਿਤ ਉਸਰਦੀ ਹੈ।

ਕੈਨੇਡਾ ਨੂੰ ਸੁਪਨ ਲੋਕ ਤਸੱਵਰ ਕਰਨ ਵਾਲੇ ਪੰਜਾਬੀ ਜਦੋਂ ਉਥੇ ਪਹੁੰਚ ਕੇ ਪੰਜਾਬੀਆਂ ਦੀਆਂ 'ਖਰਮਸਤੀਆਂ, ਆਪਹੁਦਰਾਪਨ, ਫੁਕਰਾਪਨ ਅਤੇ ਹੁੱਲੜਬਾਜ਼ੀ' ਆਦਿ ਨੂੰ ਵੇਖਦੇ/ਜਾਣਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਸੁਪਨੇ ਚਕਨਾਚੂਰ ਹੁੰਦੇ ਜਾਪਦੇ ਹਨ। ਲੇਖਕ ਸਮਝਦਾ ਹੈ ਕਿ ਪਰਵਾਸ ਧਾਰਨ ਕਰਕੇ ਕੈਨੇਡਾ ਗਏ ਲੋਕਾਂ ਨੂੰ 'ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ' (ਪੰਨਾ 78) ਨੂੰ ਤਿਆਗਣਾ ਪਵੇਗਾ।

ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਵੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਜਾਣ ਦੇ ਰੁਝਾਨ ਵਿਚ ਬਹੁਤ ਵਾਧਾ ਹੋਇਆ ਹੈ। ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਹੋ ਜਾਣ ਦਾ ਫਿਕਰ ਸਤਾਉਂਦਾ ਰਹਿੰਦਾ ਹੈ। ਇਸ ਚਿੰਤਾ ਦਾ ਸੇਕ ਮਾਪਿਆਂ ਤੱਕ ਵੀ ਪਹੁੰਚਦਾ ਹੈ ਤਾਂ ਉਨ੍ਹਾਂ ਨੂੰ ਝੋਰਾ ਵੱਢ ਵੱਢ ਖਾਣ ਲੱਗਦਾ ਹੈ। ਸਵਾਲ ਬਹੁਤ ਵਾਜਬ ਹੈ ਕਿ ਕੀ ਥੁੜ੍ਹਿਆ ਇਹੋ ਜਿਹੇ ਕੈਨੇਡਾ ਜਾਣ ਦੇ ਝੱਲ ਤੋਂ? ਦੂਜੇ ਪਾਸੇ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਏ ਮਿਹਨਤ, ਸੰਘਰਸ਼ ਕਰਨ ਵਾਲੇ, ਨੌਕਰੀ ਲੱਭਣ, ਤਨਦੇਹੀ ਨਾਲ ਨੌਕਰੀ ਕਰਨ, ਰਹਿਣ, ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਕਾਮਯਾਬ ਹੋਣ ਵਾਲੇ ਬੱਚਿਆਂ ਨੂੰ ਲੇਖਕ ਸ਼ਾਬਾਸ਼ ਦਿੰਦਾ ਹੈ ਕਿ ਝੱਖੜ, ਹਨੇਰੀਆਂ ਵਿਚ ਵੀ ਉਹ ਲੜਖੜਾਏ ਨਹੀਂ, ਸਗੋਂ ਸਾਬਤ ਕਦਮੀ ਨਾਲ ਹਾਲਤਾਂ ਦਾ ਸਾਹਮਣਾ ਕਰਦੇ ਆਏ ਹਨ।

ਪੀ.ਆਰ. ਹਾਸਲ ਕਰਕੇ ਬੱਚੇ ਜਦੋਂ ਆਪਣੇ ਮਾਂ-ਬਾਪ ਨੂੰ ਆਪਣੇ ਕੋਲ ਕੈਨੇਡਾ (ਜਾਂ ਕਿਸੇ ਹੋਰ ਦੇਸ਼) ਬੁਲਾਉਂਦੇ ਹਨ ਤਾਂ ਪਹਿਲਾਂ ਇਕ-ਦੋ ਵਾਰ ਜਾਣ ਵੇਲੇ ਉਨ੍ਹਾਂ ਦਾ ਉਤਸ਼ਾਹ ਬਣਿਆ ਰਹਿੰਦਾ ਹੈ ਪਰ ਛੇਤੀ ਹੀ ਵਾਪਸ ਪੰਜਾਬ ਮੁੜਨ ਤੇ 'ਬਾਦਸ਼ਾਹਤ' ਵਰਗੀ ਜ਼ਿੰਦਗੀ ਦੇ ਰੰਗ ਮਾਨਣ ਲਈ ਕਾਹਲੇ ਪੈ ਜਾਂਦੇ ਹਨ। ਕੈਨੇਡਾ ਰਹਿ ਕੇ "ਭੈਣ ਦੇ ਘਰ ਭਾਈ ਤੇ ਸਹੁਰੇ ਘਰ ਜਵਾਈ" (ਪੰਨਾ 85) ਵਾਲੀ ਫੀਲਿੰਗ ਆਉਣ ਲੱਗਦੀ ਹੈ। ਬੱਚਿਆਂ ਨੇ ਉਥੇ ਖੂਬਸੂਰਤ ਘਰ ਬਣਾ ਲਏ ਹਨ ਪਰ ਮਾਪਿਆਂ ਨੂੰ ਉਹ ਘਰ 'ਆਪਣੇ' ਕਦੇ ਨਹੀਂ ਲੱਗਦੇ।"

ਇਹ ਜ਼ਿੰਦਗੀ ਦੀ ਅਸਲੀਅਤ ਹੈ। ਅਜਿਹੀ ਅਸਲੀਅਤ ਦੇ ਕੁਝ ਪਹਿਲੂ 'ਪਾਰਕਾਂ ਨੂੰ ਦੁੱਖ ਦੱਸਦੇ' ਵਿਚ ਵੀ ਪੇਸ਼ ਹੋਏ ਹਨ। ਪੰਜਾਬ ਤੋਂ ਆਪਣੇ ਧੀਆਂ-ਪੁੱਤਰਾਂ ਕੋਲ ਕੈਨੇਡਾ ਗਏ ਮਾਂ-ਬਾਪ ਬਹੁਤੀਆਂ ਹਾਲਤਾਂ ਵਿਚ ਉਥੇ ਘੁਟਨ ਮਹਿਸੂਸ ਕਰਦੇ ਹਨ। ਉਹ ਪੰਜਾਬ ਆਉਣ ਲਈ ਤਾਂਘਦੇ ਰਹਿੰਦੇ ਹਨ। ਆਪਣੇ ਦੁੱਖ ਦਰਦ ਉਹ ਪਾਰਕਾਂ, ਝੀਲਾਂ, ਬਿਰਖਾਂ, ਹਰਿਆਵਲ ਆਦਿ ਸਾਹਵੇਂ ਫਰੋਲਦੇ ਹਨ। ਔਖ ਤੇ ਮਜਬੂਰੀ ਦੀ ਜੂਨ ਹੰਢਾਅ ਰਹੇ ਮਾਪੇ ਜਿਵੇਂ ਉਸ 'ਨਿਰਦਈ ਧਰਤੀ' ਦੇ ਸਰਾਪ ਦੀ ਅਉਧ ਭੁਗਤ ਰਹੇ ਹੋਵਣ! ਇਸ ਪ੍ਰਸੰਗ ਵਿਚ ਲੇਖਕ ਲਿਖਦਾ ਹੈ-"ਠਰ ਗਏ ਰਿਸ਼ਤਿਆਂ ਤੇ ਟੁੱਟ ਗਏ ਸੁਪਨਿਆਂ ਦਾ ਕੋਈ ਹੱਲ ਨਹੀਂ ਹੁੰਦਾ। "(ਪੰਨਾ 87)।

ਕੈਸਲੋ ਬੀਚ ਪਾਰਕ ਦੇ ਕੁਦਰਤੀ ਸੁਹੱਪਣ ਨਾਲ ਸਰਸ਼ਾਰ ਚੌਗਿਰਦੇ ਦੇ ਦ੍ਰਿਸ਼ ਨੂੰ ਚਿਤਰਦਿਆਂ ਮਲਵਿੰਦਰ ਅੰਦਰਲਾ ਕਵੀ ਜਾਗ ਪੈਂਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਕਵਿਤਾ ਰਚ ਰਿਹਾ ਹੋਵੇ! ਉਹ ਮਨਮੋਹਕ ਸਥਾਨ ਉਸਨੂੰ ਜਸ਼ਨ ਮਨਾ ਰਿਹਾ ਪ੍ਰਤੀਤ ਹੋ ਰਿਹਾ ਹੈ। ਕੈਸਲੋ ਬੀਚ ਪਾਰਕ ਦੇ ਖੂਬਸੂਰਤ ਪ੍ਰਾਕਿਰਤਕ ਨਜ਼ਾਰਿਆਂ ਨੂੰ ਲੇਖਕ ਬਾਖੂਬੀ ਚਿਤਰਦਾ ਹੈ। ਇਹ ਪੁਸਤਕ ਮਨੁੱਖ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਤੇ ਆਪਸੀ ਸੰਚਾਰ ਸਥਾਪਤ ਕਰਨ ਦਾ ਕਾਰਗਰ ਮਾਧਿਅਮ ਬਣਦੀ ਹੈ। ਇਸ ਪੁਸਤਕ ਰਾਹੀਂ ਲੇਖਕ ਵੱਖ ਵੱਖ ਧਰਤੀਆਂ ਦੇ ਲੋਕਾਂ ਨੂੰ ਇਕ ਸੂਤਰ ਵਿਚ ਪਰੋਣ ਦਾ ਯਤਨ ਕਰਦਾ ਹੈ। "ਡੂੰਘਾ ਵਾਹ ਲੈ ਹਲ਼ ਵੇ, ਤੇਰੀ ਘਰੇ ਨੌਕਰੀ" ਗੱਲ ਤਾਂ ਠੀਕ ਹੈ ਪਰ ਮਨ ਨੂੰ ਕੌਣ ਸਮਝਾਵੇ! ਵੇਖੋ ਵੇਖੀ ਮਨ ਤਾਂ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਉਡਾਰੀ ਮਾਰ ਕੇ ਇੰਗਲੈਂਡ, ਆਸਟਰੇਲੀਆ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿਚ ਡੇਰਾ ਲਗਾ ਲੈਣਾ ਲੋਚਦਾ ਹੈ। ਲੋੜ ਹੈ ਕਿ ਘਰ ਰਹਿ ਕੇ, ਕਿਰਤ ਕਰਕੇ ਬਾਬੇ ਨਾਨਕ ਦੇ ਫਲਸਫੇ ਨੂੰ ਸਾਕਾਰ ਕਰਨ ਦਾ ਯਤਨ ਕਰਕੇ ਤਾਂ ਵੇਖੀਏ!

ਟੋਰਾਂਟੋ ਸ਼ਹਿਰ ਦੀ ਖੂਬਸੂਰਤੀ, ਵੰਨ-ਸਵੰਨਤਾ, ਸ਼ੁੱਧ ਕੁਦਰਤੀ ਵਾਤਾਵਰਣ, ਪਾਰਕਾਂ, ਝੀਲਾਂ, ਖੇਡ ਮੈਦਾਨਾਂ, ਸੜਕਾਂ, ਗਲੀਆਂ ਆਦਿ ਦੀ ਖੂਬਸੂਰਤੀ ਮਨ ਨੂੰ ਭਾਉਂਦੀ ਹੈ। ਸਭ ਤੋਂ ਵਧ ਕੇ ਨਿਆਗਰਾ ਫਾਲਜ਼ ਦੇ ਅਦੁੱਤੀ ਦ੍ਰਿਸ਼ ਪੇਸ਼ ਕਰਨ ਵਾਲੇ ਨਜ਼ਾਰੇ ਮਨ ਨੂੰ ਟੁੰਬਣ ਵਾਲੇ ਹਨ।

'ਸੁਪਨੇ ਅੰਦਰ ਬੈਠੇ ਡਰ' ਵਿਚ ਮਾਪਿਆਂ ਤੇ ਸਕੂਲ ਪੜ੍ਹਦੇ ਬੱਚਿਆਂ ਵਾਸਤੇ ਬੁਲਿੰਗ ਤੇ ਡਰੱਗਜ਼ ਦੀ ਸਮੱਸਿਆ ਦੀ ਵਿਆਪਕਤਾ ਨੂੰ ਲੇਖਕ ਫਿਕਰਮੰਦੀ ਵਾਲੀ ਗੱਲ ਦੱਸਦਾ ਹੈ। ਬੱਚਿਆਂ ਨੂੰ ਇਸ ਤੋਂ ਬਚ ਕੇ ਰਹਿਣ ਦੀ ਨਸੀਹਤ ਕੀਤੀ ਜਾਂਦੀ ਹੈ।

ਧੜਾ-ਧੜ ਵਧਦੇ ਪਰਵਾਸ ਨਾਲ ਕੰਮ-ਧੰਦਿਆਂ ਵਿਚ ਤੇ ਕਿਰਤ ਦੇ ਢੰਗ-ਤਰੀਕਿਆਂ ਵਿਚ ਬਹੁਤ ਵੱਡਾ ਪਰਿਵਰਤਨ ਵਾਪਰਿਆ ਹੈ। ਕਿਰਤ ਨੇ ਰੂਪ ਵਟਾ ਲਏ ਹਨ। ਕਿਰਤ ਵਿਚੋਂ ਕਿਰਤੀ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰ ਰਿਹਾ ਹੈ। ਕੰਮ ਬਹੁਤ ਹਨ। ਕੰਮ ਕਰਨ ਲਈ ਸਕਿੱਲ, ਇਰਾਦਾ ਤੇ ਇੱਛਾ ਸ਼ਕਤੀ ਚਾਹੀਦੀ ਹੈ। ਲੇਖਕ ਦਾ ਸਵਾਲ ਬਿਲਕੁਲ ਢੁੱਕਵਾਂ ਹੈ ਕਿ ਅੱਜ ਦੇ ਡਿਜੀਟਲ ਯੁੱਗ ਵਿਚ ਬੇਸ਼ੱਕ ਬਹੁਤ ਸਾਰੇ ਨਵੇਂ ਕਿੱਤੇ ਹੋਂਦ ਵਿਚ ਆ ਗਏ ਹਨ। ਪਰ ਅਸੀਂ ਕੰਮ ਕਰਨ ਤੋਂ ਝਿਜਕਦੇ ਕਿਉਂ ਹਾਂ?

ਕੈਨੇਡਾ ਦੇ ਸਮਾਜਕ-ਆਰਥਕ ਸਿਸਟਮ ਵਿਚ ਬਹੁਤ ਸਾਰੇ ਵਿਗਾੜ ਵੀ ਹਨ, ਜਿਨ੍ਹਾਂ ਬਾਰੇ ਮਲਵਿੰਦਰ ਖੁੱਲ੍ਹ ਕੇ ਗੱਲ ਕਰਦਾ ਹੈ। ਉਥੋਂ ਦੀ ਪ੍ਰਾਕ੍ਰਿਤਕ ਖੂਬਸੂਰਤੀ ਨੂੰ ਵੀ ਉਸਨੇ ਰੱਜ ਕੇ ਵੇਖਿਆ, ਮਾਣਿਆ ਤੇ ਸਲਾਹਿਆ ਹੈ ਅਤੇ ਉਸ ਬਾਰੇ ਲਿਖਿਆ ਵੀ ਹੈ। ਉਹ ਠੀਕ ਲਿਖਦਾ ਹੈ-"ਇਹ ਕਾਰਜ ਨਵੇਂ ਅਰਥਾਂ ਵਾਲਾ ਸਾਹਿਤ ਸਿਰਜਣ ਦੀਆਂ ਨਵੀਆਂ ਤੇ ਨਿਵੇਕਲੀਆਂ ਹੱਦਾਂ ਨਿਸਚਿਤ ਕਰਦਾ ਹੈ। "(ਪੰਨਾ 11)

ਮਲਵਿੰਦਰ ਦੀ ਕੈਨੇਡਾ ਫੇਰੀ ਕਿਸੇ ਸਾਧਾਰਨ ਵਿਅਕਤੀ ਦੀ ਫੇਰੀ ਨਹੀਂ, ਸਗੋਂ ਉਹ ਆਪਣੀ ਇਸ ਫੇਰੀ ਨੂੰ ਪ੍ਰਯੋਜਨਮੁਖੀ ਬਣਾਉਂਦਾ ਹੈ। ਆਪਣੀ ਯਾਤਰਾ ਤੇ ਠਾਹਰ ਦੇ ਅਨੁਭਵਾਂ ਨੂੰ ਆਪਣੀ ਕਲਾ ਦੀ ਛੋਹ ਪ੍ਰਦਾਨ ਕਰਦਾ ਹੈ ਤੇ ਲਿਖਦਾ ਹੈ। ਸਫ਼ਰ ਵਿਚ ਆਈਆਂ ਔਕੜਾਂ ਦੇ ਬਾਵਜੂਦ ਸਫ਼ਰ ਬਿਰਤਾਂਤ ਨੂੰ ਉਹ ਸੁਹਜ ਬਿਰਤੀ ਨਾਲ ਸਿਰਜਦਾ ਹੈ। ਉਸਦੀ ਲਿਖਤ ਵਿਚ ਉਸਦਾ ਸਵੈ ਸ਼ਾਮਲ ਰਹਿੰਦਾ ਹੈ। ਲੇਖਕ ਪਾਠਕ ਨੂੰ ਆਪਣੀ ਲਿਖਤ ਦੇ ਮੂਲ ਸੂਤਰ ਨਾਲ ਜੋੜ ਕੇ ਰੱਖਦਾ ਹੈ ਤੇ ਰੌਚਿਕਤਾ ਬਣਾਈ ਰੱਖਣ ਵਿਚ ਕਾਮਯਾਬ ਰਹਿੰਦਾ ਹੈ। ਆਪਣੇ ਵਿਚਾਰਾਂ ਦੇ ਸੁਹਜਮਈ ਪ੍ਰਗਟਾਵੇ ਲਈ ਉਹ ਉਨ੍ਹਾਂ ਦੀ ਕਲਾਤਮਿਕ ਅਭਿਵਿਅਕਤੀ ਕਰਦਾ ਹੈ। ਅਜਿਹਾ ਕੰਮ ਜਨੂੰਨ ਤੋਂ ਬਿਨਾਂ ਨਹੀਂ ਹੁੰਦਾ। ਆਪਣੇ ਵਿਚਾਰਾਂ ਨੂੰ ਉਹ ਤੱਤ, ਤੱਥ ਅਤੇ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਕਿਸੇ ਦੇ ਪੇਸ਼ ਕੀਤੇ ਮਤ, ਤੱਥ, ਵਿਚਾਰ ਆਦਿ ਦੀ ਤਰਕ ਆਧਾਰਿਤ ਨਵ-ਨਿਰਮਾਣਕਾਰੀ ਕਰਨਾ ਵੀ ਉਹ ਜਾਣਦਾ ਹੈ। ਮਲਵਿੰਦਰ ਸੁਹਜ ਭੁੱਖ ਦੀ ਤ੍ਰਿਪਤੀ

*(ਬਾਕੀ ਅਗਲੇ ਸਫੇ 'ਤੇ)*

# ਨਵਾਬ ਕਪੂਰ ਸਿੰਘ

ਜਸਵੰਤ ਸਿੰਘ ਘਰਿੰਡਾ

ਨਵਾਬ ਕਪੂਰ ਸਿੰਘ ਜੀ 18ਵੀਂ ਸਦੀ ਦੇ ਮਹਾਨ ਜੰਗੀ ਜਰਨੈਲ ਹੋਏ ਨੇ। ਜਿੱਥੇ ਉਹ ਸੰਗਤਾਂ ਦੀ ਸੇਵਾ ਤਨ-ਮਨ ਨਾਲ ਕਰਦੇ ਸਨ, ਉਥੇ ਜੰਗਾਂ ਵਿਚ ਵੀ ਅਜਿਹੀ ਬੀਰਤਾ ਨਾਲ ਲੜਦੇ ਸਨ ਕਿ ਵੱਡੇ-ਵੱਡੇ ਤੀਸਮਾਰ ਖਾਨ ਵੀ ਉਨ੍ਹਾਂ ਅੱਗੇ ਨਹੀਂ ਸਨ ਠਹਿਰਦੇ। ਨਾਦਰ ਸ਼ਾਹ ਵਰਗੇ ਜ਼ਾਲਮ ਵੀ ਉਨ੍ਹਾਂ ਦੇ ਨਾਮ ਤੋਂ ਘਬਰਾਉਂਦੇ ਸਨ, ਜਿਸ ਬਾਰੇ ਧਨੀ ਰਾਮ ਚਾਤ੍ਰਿਕ ਜੀ ਨੇ ਆਪਣੀ ਇੱਕ ਕਵਿਤਾ ਵਿਚ ਲਿਖਿਆ ਹੈ, 'ਹਿੰਮਤ ਕੀਤੀ ਆਜੜੀ ਦਿੱਲੀ ਵਿਚ ਆ ਕੇ, ਤਖ਼ਤ ਤਾਊਸ ਉਡਾਇਆ ਕਤਲਾਮ ਮਚਾ ਕੇ।'

1739 ਵਿਚ ਨਾਦਰਸ਼ਾਹ ਆਪਣੇ ਹਜ਼ਾਰਾਂ ਸੂਰਬੀਰਾਂ ਦੀ ਤਗੜੀ ਫੌਜ ਲੈ ਕੇ ਦਿੱਲੀ ਲੁੱਟਣ ਦੀ ਨੀਅਤ ਨਾਲ ਲਾਹੌਰੋਂ ਤੁਰਿਆ। ਉਸ ਵਕਤ ਦਿੱਲੀ ਦੇ ਹਾਕਮ ਅਯਾਸ ਮਹੁੰਮਦ ਸ਼ਾਹ ਰੰਗੀਲਾ ਸੀ। ਨਾਦਰਸ਼ਾਹ ਦੀ ਫ਼ੌਜ ਦਾ ਮੁਕਾਬਲਾ ਉਸ ਨੇ ਕਰਨਾਲ ਕੀਤਾ ਪਰ ਉਹ ਬੁਰੀ ਤਰ੍ਹਾਂ ਹਾਰ ਗਿਆ। ਨਾਦਰਸ਼ਾਹ ਨੇ ਲੜਾਈ ਦਾ ਸਾਰਾ ਖ਼ਰਚਾ ਵੀ ਲਿਆ ਤੇ ਦਿੱਲੀ ਵਿਚ ਕਤਲੇਆਮ ਕਰਕੇ ਇੱਕ ਲੱਖ ਤੋਂ ਉਪਰ ਮਰਦ-ਔਰਤਾਂ ਮੌਤ ਦੇ ਘਾਟ ਉਤਾਰ ਦਿੱਤੇ। ਐਸੇ ਜ਼ਾਲਮ ਨਾਦਰਸ਼ਾਹ ਨੂੰ ਸਿੰਘਾਂ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਅਜਿਹਾ ਸਬਕ ਸਿਖਾਇਆ ਕਿ ਸਿੰਘਾਂ ਦੇ ਉੱਚੇ ਆਚਰਣ ਬਾਰੇ ਸੁਣ ਕੇ ਉਸ ਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ, 'ਉਹ ਦਿਨ ਦੂਰ ਨਹੀਂ ਜਦ ਇਹ ਕੌਮ ਇਸ ਮੁਲਕ ਦੀ ਮਾਲਕ ਬਣ ਜਾਵੇਗੀ।' ਨਵਾਬ ਕਪੂਰ ਸਿੰਘ ਨੇ ਸਿੱਖ ਕੌਮ ਨੂੰ ਅਜਿਹੇ ਸਮੇਂ ਅਗਵਾਈ ਦਿੱਤੀ, ਜਦੋਂ ਵੱਡੇ-ਵੱਡੇ ਜਾਬਰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ 'ਤੇ ਲੱਗੇ ਹੋਏ ਸਨ।

ਉਨ੍ਹਾਂ ਦੇ ਸਮੇਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਖੋਪਰੀਆਂ ਲੱਥੀਆਂ, ਬੰਦ-ਬੰਦ ਕੱਟੇ ਗਏ, ਚਰੱਖੜੀਆਂ ਤੇ ਚਾੜ੍ਹੇ ਗਏ। ਸਿੰਘਣੀਆਂ ਦੇ ਗਲਾਂ ਵਿਚ ਮਾਸੂਮ ਬੱਚਿਆਂ ਦੇ ਟੋਟੇ-ਟੋਟੇ ਕਰਕੇ ਹਾਰ ਪਾਏ ਗਏ ਤੇ ਅਕਹਿ ਤੇ ਅਸਹਿ ਕਸ਼ਟ ਸਿੱਖ ਕੌਮ ਨੂੰ ਸਹਾਰਨੇ ਪਏ। ਪਰ ਆਪ ਦੀ ਸਮੁੱਚੀ ਅਗਵਾਈ ਕਾਰਨ ਕੌਮ ਕੁੰਦਨ ਹੋ ਕੇ ਪ੍ਰਗਟ ਹੋਈ ਤੇ ਸਿੱਖਾਂ ਦੇ ਸਾਰੇ ਵੈਰੀਆਂ ਤੋਂ ਗਿਣ-ਗਿਣ ਬਦਲੇ ਲਏ।

ਨਵਾਬ ਕਪੂਰ ਸਿੰਘ ਜੀ ਦਾ ਜਨਮ ਸੰਨ 1697 ਈ. ਨੂੰ ਚੌਧਰੀ ਦਲੀਪ ਸਿੰਘ ਦੇ ਘਰ ਪਿੰਡ ਕਾਲੇਕੇ ਪਰਗਨਾ ਸ਼ੇਖ਼ੂਪੁਰਾ ਵਿਚ ਹੋਇਆ। ਉਨ੍ਹਾਂ ਦਾ ਪਿਤਾ ਗੁਰੂ ਘਰ ਦਾ ਸਿਦਕੀ ਸਿੱਖ ਸੀ। ਸ. ਕਪੂਰ ਸਿੰਘ ਜੀ ਦਾ ਕੱਦ ਉੱਚਾ, ਚਿਹਰਾ ਭਰਵਾਂ ਤੇ ਜੁੱਸਾ ਤਕੜਾ ਸੀ। ਮਾਤਾ ਜੀ ਪਾਸੋਂ ਗੁਰਬਾਣੀ ਦੀ ਪਹੁਲ ਮਿਲੀ। 1721 ਵਿਚ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ।

ਉਸ ਸਮੇਂ ਖਾਲਸਾ ਛੋਟੇ-ਛੋਟੇ ਜਥਿਆਂ ਵਿਚ ਵੰਡਿਆ ਹੋਇਆ ਸੀ। 1716 ਵਿਚ ਬੰਦਾ ਸਿੰਘ ਜੀ ਤੇ 1726 ਵਿਚ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਹੋ ਗਈ। ਉਨ੍ਹਾਂ ਨੇ ਖਾਲਸੇ ਦਾ ਇਤਿਹਾਸਕ ਇਕੱਠ ਅੰਮ੍ਰਿਤਸਰ ਸਦ ਕੇ ਫ਼ੈਸਲਾ ਕੀਤਾ ਕਿ ਹਕੂਮਤ ਦੇ ਖ਼ਜ਼ਾਨੇ ਲੁੱਟੇ ਜਾਣ, ਸ਼ਾਹੀ ਹਥਿਆਰ ਤੇ ਘੋੜੇ ਪ੍ਰਾਪਤ ਕੀਤੇ ਜਾਣ। ਜਥੇਦਾਰ ਦਰਬਾਰਾ ਸਿੰਘ ਜੀ ਨੇ ਸ. ਕਪੂਰ ਸਿੰਘ ਦੀ ਯੋਗਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਮੁੱਖ ਸੇਵਾਦਾਰ ਦੇ ਰੂਪ ਵਿਚ ਪ੍ਰਵਾਨ ਕੀਤਾ। ਸ. ਕਪੂਰ ਸਿੰਘ ਦੀ ਜਥੇਦਾਰੀ ਵਿਚ ਇੱਕ ਤਕੜਾ ਨੌਜਵਾਨਾਂ ਦਾ ਜਥਾ ਮਾਝੇ ਵੱਲ ਨੂੰ ਨਿਕਲਿਆ, ਜਿਸ ਦਾ ਵੱਡਾ ਕੰਮ ਵੈਰੀਆਂ ਦੀਆਂ ਖ਼ਬਰਾਂ ਹੈੱਡ ਕਵਾਟਰ ਪਹੁੰਚਾਣ ਦਾ ਸੀ। ਉਲੀਕੇ ਪ੍ਰੋਗਰਾਮ ਮੁਤਾਬਕ 400 ਸਿੰਘਾਂ ਨੇ ਮਿਲ ਕੇ ਕਰੀਬ 4 ਲੱਖ ਰੁਪਏ ਦਾ ਪਹਿਲਾਂ ਸ਼ਾਹੀ ਖਜ਼ਾਨਾ, ਜੋ ਮੁਲਤਾਨ ਤੋਂ ਲਾਹੌਰ ਨੂੰ ਜਾ ਰਿਹਾ ਸੀ, ਖੁਫੀਆ ਪਰਗਨਾ ਲਾਹੌਰ ਦੇ ਮੁਕਾਮ 'ਤੇ ਲੁੱਟਿਆ। ਦੂਜੀ ਵਾਰ ਵਿਚ ਖਾਲਸੇ ਨੇ ਇੱਕ ਲੱਖ ਦਾ ਖ਼ਜ਼ਾਨਾ, ਜੋ ਕਸੂਰ ਤੋਂ ਲਾਹੌਰ ਨੂੰ ਜਾ ਰਿਹਾ ਸੀ, ਕਾਹਨੇ ਕਾਛੇ ਦੇ ਲਾਗੇ ਲੁੱਟਿਆ। ਤੀਜੀ ਸਫਲਤਾ ਇਹ ਹੋਈ ਕਿ 'ਮੁਰਤਜਾ ਖਾਨ ਉਚਕਜਈ' ਜੋ ਕਾਬਲ ਈਰਾਨ ਤੋਂ ਘੋੜੇ ਤੇ ਸ਼ਾਹੀ ਸੈਨਾ ਵਾਸਤੇ ਹਥਿਆਰ ਭੇਜਦਾ ਸੀ, ਉਸ ਦੀ ਸੁਧਾਈ ਕੀਤੀ ਤੇ ਸਭ ਕੁਝ ਲੁੱਟ ਲਿਆ। ਇਸ ਨਾਲ ਖਾਲਸੇ ਪਾਸ ਰੁਪਏ ਪੈਸੇ, ਘੋੜਿਆਂ ਤੇ ਹਥਿਆਰਾਂ ਦੀ ਭਰਮਾਰ ਹੋ ਗਈ।

ਸ਼ਾਹੀ ਖ਼ਜ਼ਾਨੇ ਲੁੱਟੇ ਜਾਣ ਕਰਕੇ ਹਕੂਮਤ ਦੇ ਖ਼ਜ਼ਾਨੇ ਵਿਚ ਪੈਸਾ ਜਾਣਾ ਬੰਦ ਹੋ ਗਿਆ। ਸਿੰਘਾਂ ਨੇ ਮੁਗਲ ਹਕੂਮਤ ਦਾ ਨੱਕ ਵਿਚ ਦਮ ਕਰ ਦਿੱਤਾ ਤਾਂ ਸੰਨ 1733 ਵਿਚ ਦਿੱਲੀ ਹਕੂਮਤ ਨੇ ਖਾਲਸੇ ਵਿਚ ਅਹੁਦਿਆਂ ਰਾਹੀਂ ਪਾਟਕ ਪਾ ਕੇ ਕਮਜ਼ੋਰ ਕਰਨ ਦੀ ਸਕੀਮ ਘੜੀ। ਭਾਈ ਸਬੇਗ ਸਿੰਘ ਰਾਹੀਂ ਖਾਲਸੇ ਨੂੰ ਇੱਕ ਲੱਖ ਦਾ ਪਰਗਨਾ ਦੀਪਾਲਪੁਰ, ਕੰਗਣਵਾਲ ਤੇ ਝਬਾਲ ਆਦਿ ਪਿੰਡਾਂ ਦੀ ਜਾਗੀਰ ਤੇ ਖਿਲਅਤ ਪੇਸ਼ ਕੀਤੀ। ਗੁਰਸਿੱਖੀ ਦੇ ਪ੍ਰਚਾਰ ਲਈ ਇਸ ਸਮੇਂ ਨੂੰ ਵਰਤਣ ਤੇ ਗੁਰਧਾਮਾਂ ਦੇ ਦਰਸ਼ਨ ਤੇ ਉਨ੍ਹਾਂ ਦੀ ਸੇਵਾ-ਸੰਭਾਲ ਤੇ ਨਵਾਬੀ ਦੀ ਇਹ ਜ਼ਿੰਮੇਵਾਰੀ ਦੇਣ 'ਤੇ ਵਿਚਾਰ ਹੋਈ। ਦੀਵਾਨ ਦਰਬਾਰਾ ਸਿੰਘ ਤੇ ਸ. ਕਪੂਰ ਸਿੰਘ ਜੀ ਦੇ ਨਾਂ ਸਾਹਮਣੇ ਆਏ। ਦੀਵਾਨ ਦਰਬਾਰਾ ਸਿੰਘ ਨੇ ਉਮਰ ਬਿਰਧ ਹੋਣ ਕਰਕੇ ਖਿਮਾਂ ਮੰਗੀ (ਬਾਦਲ ਨੇ ਤਾਂ ਇਸ ਉਮਰ ਵਿਚ ਵੀ ਨਾਂ ਛੱਡੀ ਮੁੱਖਮੰਤਰੀ ਦੀ ਗੱਦੀ) ਅਤੇ ਇਹ ਜ਼ਿੰਮੇਵਾਰੀ ਨਿਭਾਉਣ ਦੇ ਪੂਰੀ ਤਰ੍ਹਾਂ ਸਮਰੱਥ ਸ. ਕਪੂਰ ਸਿੰਘ ਨੂੰ ਦੇਣ ਦਾ ਫ਼ੈਸਲਾ ਕੀਤਾ। ਇਹ ਜਥੇਦਾਰ ਹਰ ਪ੍ਰਕਾਰ ਦੀ ਸੇਵਾ-ਲੰਗਰ ਦੇ ਭਾਂਡੇ ਮਾਂਜਣ, ਪਾਣੀ ਤੇ ਪੱਖੇ ਦੀ ਸੇਵਾ ਹੱਥੀਂ ਕਰਨ ਅਤੇ ਤਬੇਲੇ ਵਿਚ ਘੋੜਿਆਂ ਦੀ ਵੀ ਦੇਖਭਾਲ ਮਾਣ ਸਮਝਦਾ ਸੀ।

ਜਦ ਖਾਲਸੇ ਨੇ ਨਵਾਬੀ ਸ. ਕਪੂਰ ਸਿੰਘ ਜੀ ਨੂੰ ਬਖ਼ਸ਼ਣ ਦਾ ਫ਼ੈਸਲਾ ਕੀਤਾ, ਉਸ ਸਮੇਂ ਉਹ ਦੀਵਾਨ ਵਿਚ ਪੱਖੇ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਬੇਨਤੀ ਕੀਤੀ ਕਿ ਇਹ ਖਿਲਅਤ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਬਖ਼ਸ਼ੀ ਜਾਵੇ। ਅਰਦਾਸਾਂ ਸੋਧ ਕੇ ਪੰਜਾਂ ਪਿਆਰਿਆਂ ਨੇ ਨਵਾਬ ਕਪੂਰ ਸਿੰਘ ਨੂੰ ਪਹਿਨਾਈ। ਖਿਲਅਤ ਨਾਲ ਇਹ ਕੁਝ ਆਇਆ ਸੀ, ਸ਼ਾਨ ਦੀ ਪੱਗ, ਇਕ ਜੜਾਊ ਕਲਗੀ ਜਿਗਾ, ਇਕ ਜੋੜੀ ਸੁਨਹਿਰੀ ਕੰਗਣਾਂ ਸੀ, ਕੈਂਠਾ, ਇੱਕ ਬਹੁਮੁੱਲੀ ਮੋਤੀਆਂ ਦੀ ਮਾਲਾ, ਇਕ ਕੀਨਖੁਵਾਸ ਦਾ ਜਾਮਾ, ਇਕ ਜੜਾਊ ਸ਼ਮਸ਼ੀਰ। ਨਵਾਬੀ ਲੈਣ ਤੋਂ ਬਾਅਦ ਸ. ਕਪੂਰ ਸਿੰਘ ਜੀ ਨੇ ਖਾਲਸੇ ਦੀ ਹਜ਼ੂਰੀ



ਵਿਚ ਬੇਨਤੀ ਕੀਤੀ ਕਿ ਸੰਗਤਾਂ ਦੀ ਸੇਵਾ ਤੋਂ ਮੈਨੂੰ ਵਾਂਝਿਆ ਨਾ ਕੀਤਾ ਜਾਵੇ।

ਨਵਾਬੀ ਪ੍ਰਾਪਤ ਕਰਨ ਤੋਂ ਬਾਅਦ ਖਿੰਡੇ ਹੋਏ ਖਾਲਸੇ ਨੂੰ ਇੱਕ ਥਾਂ ਇਕੱਠਾ ਕਰਕੇ ਖਾਲਸੇ ਨੂੰ ਦੋ ਹਿੱਸਿਆਂ ਵਿਚ ਵੰਡਿਆ। 40 ਸਾਲ ਤੋਂ ਵਡੇਰੀ ਉਮਰ ਗੁਰਸਿੱਖਾਂ ਦਾ 'ਬੁੱਢਾ ਦਲ' ਤੇ ਨੌਜਵਾਨਾਂ ਦੇ ਦਲ ਦਾ ਨਾਂ 'ਤਰਨਾ ਦਲ' ਰੱਖਿਆ। ਬੁੱਢਾ ਦਲ ਗੁਰਦੁਆਰਿਆਂ ਦੀ ਦੇਖਭਾਲ ਤੇ ਧਰਮ ਪ੍ਰਚਾਰ, ਮਰਿਆਦਾ ਦੀ ਪਵਿੱਤਰਤਾ ਨੂੰ ਮਿਲਾਵਟ ਤੋਂ ਸੁਰੱਖਿਅਤ ਰੱਖਣਾ ਤੇ ਤਰਨਾ ਦਲ ਨੂੰ ਲੋੜ ਪੈਣ 'ਤੇ ਯੁੱਧ ਵਿਚ ਮਦਦ ਕਰਨ ਦੀ ਡਿਊਟੀ ਲਾਈ। ਤਰਨਾ ਦਲ ਦਾ ਮੁੱਖ ਕੰਮ ਦੀਨ-ਦੁਖੀਆਂ ਦੀ ਮਦਦ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਤੇ ਪੰਜਾਬ ਉੱਤੇ ਰਾਜ ਸਥਾਪਿਤ ਕਰਨਾ।

ਬੁੱਢਾ ਦਲ ਤੇ ਤਰਨਾ ਦਲ ਨੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਬੜਾ ਕੰਮ ਕੀਤਾ। ਜਦ ਤਰਨਾ ਦਲ ਦੀ ਗਿਣਤੀ 12 ਹਜ਼ਾਰ ਤੋਂ ਵੱਧ ਗਈ ਤਾਂ ਲੰਗਰ ਦੇ ਪਕਾਣ ਤੇ ਵਰਤਾਉਣ ਲਈ ਕਾਫੀ ਸਮਾਂ ਲੱਗ ਜਾਂਦਾ ਤਾਂ ਨਵਾਬ ਕਪੂਰ ਸਿੰਘ ਨੇ ਸਾਰੇ ਮੁਖੀਆਂ ਦੀ ਇਕੱਤਰਤਾ ਬੁਲਾ ਕੇ ਇੱਕ ਤਜਵੀਜ਼ ਪੇਸ਼ ਕੀਤੀ ਕਿ ਦਲ ਦੇ ਸਿੰਘਾਂ ਦੀ ਗਿਣਤੀ ਹੁਣ ਵਧ ਗਈ ਹੈ, ਇੱਕ ਥਾਂ ਲੰਗਰ ਦੇ ਪਕਾਉਣ ਤੇ ਵਰਤਾਉਣ ਵਿਚ ਚੋਖਾ ਸਮਾਂ ਲੱਗ ਜਾਂਦਾ ਹੈ, ਇਸ ਲਈ ਦਲ ਨੂੰ ਪੰਜ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ ਤੇ ਸਾਡੇ ਕੌਮੀ ਭੰਡਾਰੇ ਵਿਚੋਂ ਰਸਦ ਲੈ ਕੇ ਹਰ ਇੱਕ ਜਥਾ ਆਪ ਲੰਗਰ ਤਿਆਰ ਕਰੇ ਇਸ ਤਰ੍ਹਾਂ ਤਰੁਨਾ ਦਲ ਦੀ ਵੰਡ ਪੰਜ ਜਥਿਆਂ ਵਿਚ ਕੀਤੀ ਗਈ। ਇਨ੍ਹਾਂ ਦੇ ਮੁਖੀ ਬਾਬਾ ਦੀਪ ਸਿੰਘ, ਸ. ਕਰਮ ਸਿੰਘ, ਧਰਮ ਸਿੰਘ, ਬਾਬਾ ਕਾਹਨ ਸਿੰਘ ਤੇ ਬਿਨੋਦ ਸਿੰਘ, ਸ. ਦਸੌਂਦਾ ਸਿੰਘ ਅਤੇ ਭਾਈ ਵੀਰ ਸਿੰਘ ਤੇ ਜੀਵਨ ਸਿੰਘ। ਮਗਰੋਂ ਇਨ੍ਹਾਂ ਪੰਜਾਂ ਜਥਿਆਂ ਦੀਆਂ 12 ਮਿਸਲਾਂ ਬਣਾਈਆਂ ਗਈਆਂ। (ਮਿਸਲ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਬਰਾਬਰ)

ਇਸ ਸਮੇਂ ਦੌਰਾਨ ਜਦੋਂ ਸਿੰਘ ਦੀ ਤਾਕਤ ਵਧ ਗਈ ਤੇ ਲਾਹੌਰ ਦਾ ਹਾਕਮ ਖਾਨ ਬਹਾਦਰ ਸੜ ਬਲ ਗਿਆ। ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚਾਰ ਹਜ਼ਾਰ ਦੀ ਗਸ਼ਤੀ ਫ਼ੌਜ ਭੇਜੀ, ਜਿਸ ਨੇ ਬਹੁਤ ਸਾਰੇ ਸਿੱਖਾਂ ਨੂੰ ਕਤਲ ਕਰ ਦਿੱਤਾ ਤੇ ਨਾਲ ਹੀ ਜਿਹੜਾ ਬੰਦਾ ਕਿਸੇ ਸਿੱਖ ਨੂੰ ਜਿਉਂਦਾ ਫੜ ਕੇ ਲਿਆਵੇ ਜਾਂ ਸਿੱਖ ਦਾ ਸਿਰ ਵੱਢ ਕੇ ਲਿਆਵੇ, ਉਸ ਨੂੰ 50 ਰੁਪਏ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਦੇ ਘਰ-ਘਾਟ ਲੁੱਟਣ ਵਾਲੇ ਨੂੰ ਕੁਝ ਨਹੀਂ ਕਿਹਾ ਜਾਵੇਗਾ। ਜੇ ਕੋਈ ਸਿੱਖ ਨੂੰ ਪਨਾਹ ਦੇਵੇਗਾ, ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਭੈਅ ਤੇ ਲਾਲਚ ਨੇ ਸਭ ਨੂੰ ਸਿੱਖ ਕੌਮ ਦੇ ਦੁਸ਼ਮਣ ਬਣਾ ਦਿੱਤਾ। ਜਿਸ ਕਾਰਨ ਸਿੱਖ ਪੰਜਾਬ ਛੱਡ ਕੇ ਮੁੜ ਜੰਗਲਾਂ, ਪਹਾੜਾਂ, ਖੱਡਾ, ਡੱਲਾਂ, ਮਾਲਵੇ ਅਤੇ ਬੀਕੇਨੇਰ ਦੇ ਰੇਤਲੇ ਟਿੱਬਿਆਂ ਵਲ ਨਿਕਲ ਗਏ।

ਨਾਦਰਸ਼ਾਹ ਨੇ ਕਤਲੇਆਮ ਤੋਂ ਬਾਅਦ ਦਿੱਲੀ ਨੂੰ ਖੂਬ ਲੁੱਟਿਆ, ਜਿਸ ਵਿਚ 70 ਕਰੋੜ ਰੁਪਏ ਦਾ ਸੋਨਾ ਤੇ ਜਵਾਹਰਾਤ, ਪੰਜੀ ਕਰੋੜ ਰੁਪਿਆ ਤਾਵਾਨ ਜੰਗ, ਇੱਕ ਹਜ਼ਾਰ ਹਾਥੀ, ਸੱਤਰ ਹਜ਼ਾਰ ਘੋੜੇ, ਦਸ ਹਜ਼ਾਰ ਉਠ, ਦੋ ਸੌ ਚੰਗੇ ਕਾਰੀਗਰ ਤਰਖਾਣ, 30 ਖੁਸ਼ਨਵੀਸ, 2 ਸੌ ਲੁਹਾਰ, 3 ਸੌ ਰਾਜ ਸੌ ਹੀਜੜੇ ਹਰਮਾਂ ਦੀ ਸੇਵਾ ਲਈ ਲੈ ਕੇ ਇਰਾਨ ਪਰਤਿਆ। ਆਪਣੇ ਪੁੱਤਰ ਨਸਰੂਲਾ ਦਾ ਵਿਆਹ ਸਾਹਿਜ਼ਾਦੀ ਨਾਲ ਕੀਤਾ ਅਤੇ ਦੋ ਹਜ਼ਾਰ ਖ਼ੂਬਸੂਰਤ ਲੜਕੀਆਂ ਨਾਲ ਲੈ ਲਈਆਂ।

ਜਦ ਇਹ ਖ਼ਬਰ ਨਵਾਬ ਕਪੂਰ ਸਿੰਘ ਨੂੰ ਪਹੁੰਚੀ ਤਾਂ ਰੋਹ ਵਿਚ ਆ ਕੇ ਉਸ ਨੇ ਫ਼ੈਸਲਾ ਕਿ ਇਸ ਨਾਦਰ ਸ਼ਾਹ ਨੂੰ ਹੌਲਾ ਕਰਕੇ ਭੇਜਣਾ ਹੈ। ਆਪ ਨੇ ਦੋਹਾਂ ਦਲਾਂ ਨੂੰ ਇਕੱਠੇ ਕਰਕੇ ਐਲਾਨ ਕੀਤਾ ਕਿ ਨਾਰਦਸ਼ਾਹ ਦਾ ਇਹ ਖ਼ਿਆਲ ਬਦਲ ਦੇਣਾ ਹੈ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਲੰਮੀ ਸੋਚ ਵਿਚਾਰ ਪਿਛੋਂ ਵਿਉਂਤ ਬਣਾਈ ਕਿ ਹਰ ਦੂਜੀ-ਤੀਜੀ ਰਾਤ ਦਿਸ਼ਾ ਤੇ ਸਮਾਂ ਬਦਲ ਕੇ ਨਾਦਰ ਸ਼ਾਹ ਦੇ ਡੇਰੇ 'ਤੇ ਛਾਪੇ ਮਾਰੇ ਜਾਣ ਤੇ ਬੱਚੇ ਤੇ ਔਰਤਾਂ ਛੁੜਾ ਲਈਆਂ ਜਾਣ ਤੇ ਜਿਤਨੇ ਹਥਿਆਰ ਖੋਹੇ ਜਾ ਸਕਣ, ਖੋਹ ਲਏ ਜਾਣ।

ਨਾਦਰਸ਼ਾਹ ਨੇ ਦਰਿਆ ਝਨਾਂ ਦੇ ਕੰਢੇ 'ਤੇ ਡੇਰਾ ਕੀਤਾ ਤਾਂ ਪਹਿਲੀ ਰਾਤ ਬਹੁਤ ਮੀਂਹ ਪਿਆ ਅਤੇ ਸਿੱਖ ਮਾਰੋ-ਮਾਰ ਕਰਦੇ ਬੰਦੀਵਾਨਾਂ ਦੇ ਵਲਗਣ ਤੱਕ ਪਹੁੰਚ ਗਏ। ਭਾਰੀ ਗਿਣਤੀ ਵਿਚ ਔਰਤਾਂ ਤੇ ਕੈਦੀ ਛੁੜਾ ਕੇ ਸੋਨੇ ਦੇ ਸੰਦੂਕਾਂ ਨੂੰ ਜਾ ਪਏ ਅਤੇ ਬਹੁਤ ਸਾਰੇ ਘੋੜੇ ਤੇ ਅਸਲਾ ਸਾਂਭ ਲਿਆ। ਕੁਝ ਸਿੰਘ ਸ਼ਹੀਦ ਹੋ ਗਏ। ਨਾਦਰਸ਼ਾਹ ਬਹੁਤ ਲਾਲ-ਪੀਲਾ ਹੋਇਆ ਤੇ ਕਿਹਾ, 'ਇਨ੍ਹਾਂ ਦੇ ਘਰ-ਘਾਟ ਕਿਥੇ ਨੇ? ਮੈਂ ਇਨ੍ਹਾਂ ਨੂੰ ਖ਼ਤਮ ਕਰ ਦਿਆਂਗਾ। ਤਾਂ ਜਕਰੀਆਂ ਖਾਨ ਨੇ ਦਸਿਆ ਕਿ ਇਨ੍ਹਾਂ ਦੇ ਘਰ ਘਾਟ ਘੋੜਿਆ ਦੀਆਂ ਕਾਠੀਆਂ ਨੇ।

ਜਕਰੀਆਂ ਖਾਨ ਤੋਂ ਸਿੰਘਾਂ ਬਾਰੇ ਨਾਦਰਸ਼ਾਹ ਨੇ ਹੋਰ ਜਾਣਕਾਰੀ ਲੈਣੀ ਚਾਹੀ ਤਾਂ ਉਸ ਨੇ ਜੋ ਉੱਤਰ ਦਿੱਤਾ, ਉਸ ਦਾ ਵਰਣਨ ਗਿਆਨੀ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਇਉਂ ਕੀਤਾ ਹੈ:

ਚੌਪਈ॥

ਪੂਛਯੋ ਖਾਨੂ ਕੋ ਨਾਦਰ ਆਇ॥ ਹਮ ਕੋ ਲੂਟਨ ਹਾਰ ਬਤਾਇ।

ਜਿਨ ਲੁੱਟਖਾਯੋ ਹਮਰੇ ਰਾਹ ਮੁਲਕ ਉਸੇ ਕੀ ਉਡਾ ਦਿਉ ਸਵਾਹਿ॥3॥

ਤਬ ਖਾਨੂ ਨੇ ਐਸ ਬਖਾਨੀ। ਮੁਲਕ ਉਸੇ ਕੇ ਨਾਹਿ ਨਿਸ਼ਾਨੀ॥

ਖੜੇ ਸੋਵੇਂ ਔਰ ਚਲਤੇ ਖਾਹਿ। ਨਾਹਿ ਬੈਠੇ ਵੈ ਕਿਤੇ ਰਖਾਇ॥4॥

ਲੂਨ ਘਿਰਤ ਕੋ ਸੁਵਾਦ ਨ ਜਾਨੈ। ਹਮ ਦੁਖ ਦੇਵੈ ਵੈ ਸੁਖ ਮਾਨੈ॥

ਹਾੜ ਨਾ ਦਿਨ ਭਰ ਪੀਵੈ ਪਾਨੀ। ਸਿਆਲ ਰਖੈ ਨ ਅਗਨ ਨਿਸ਼ਾਨੀ॥5

ਨਹਿ ਖਾਵੈ ਵੈ ਪੀਸਯ ਨਾਜ ਲੜੈ ਬਹੁਤ ਵੈ ਕਰਕੇ ਭਾਜ॥

ਏਕ ਹੋਏ ਤਾਂ ਸੌ ਸੌ ਲਰੈ। ਮਰਨ ਮਾਰਨ ਤੇ ਮੂਲ ਨ ਡਰੈ॥6॥

ਦੋਹਰਾ॥

ਰਹੇ ਚਾਉ ਉਨ ਮਰਨ ਕਾ ਦੀਨ ਮਜਹਬ ਕੇ ਬਾਇ॥

ਹਮ ਮਾਰਤ ਉਨ ਥਕ ਗਏ ਉਇ ਘਟਤ ਨ ਕਿਤਹੂ ਜਾਇ ॥7॥

ਨਾਦਰਸ਼ਾਹ ਨੇ ਜਦ ਸਿੰਘਾਂ ਦੇ ਇਹ ਹਾਲਾਤ ਸੁਣੇ ਤਾਂ ਕਹਿਣ ਲੱਗਾ ਕਿ ਉਹ ਦਿਨ ਦੂਰ ਨਹੀਂ ਜਦ ਇਹ ਮੁਲਕ ਦੇ ਬਾਦਸ਼ਾਹ ਬਨਣਗੇ।

ਖਾਲਸੇ ਨੇ ਨਾਰਦਸ਼ਹ ਦਾ ਪਿੱਛਾ ਕਰਕੇ ਉਸ ਦਾ ਕਾਫੀ ਨੁਕਸਾਨ ਕਰਕੇ ਬਹੁਤ ਇਸਤਰੀਆਂ, ਧਨ, ਘੋੜੇ ਹਥਿਆਰ ਵਾਪਸ ਲੈ ਲਏ।

ਅੰਮ੍ਰਿਤਸਰ ਉੱਤੇ ਅਜੇ ਵੀ ਪਹਿਰਾ ਲੱਗਾ ਹੋਇਆ ਸੀ। ਕਾਜ਼ੀ ਅਬਦੁਲ ਰਹਿਮਾਨ ਦੇ ਖਾਲਸੇ ਹੱਥੋਂ ਮਾਰੇ ਜਾਣ ਮਗਰੋਂ ਮੱਸੇ ਰੰਗੜ ਮੰਡਿਆਲੀਏ ਨੂੰ ਮੁਕੱਰਰ ਕੀਤਾ ਗਿਆ, ਜੋ 1738 ਤੋਂ 1740 ਤਕ ਅੰਮ੍ਰਿਤਸਰ ਦਾ ਕੋਤਵਾਲ ਰਿਹਾ, ਜਿਸ ਨੂੰ ਸ. ਮਹਿਤਾਬ ਸਿੰਘ ਮੀਰਾਂਕੋਟੀਏ ਤੇ ਸ. ਸੁੱਖਾ ਸਿੰਘ ਮਾੜੀ ਕੰਬੋਕੇ ਵਾਲੇ ਨੇ ਦਿਨ-ਦਿਹਾੜੇ ਕਤਲ ਕੀਤਾ। ਜ਼ਕਰੀਆਂ ਖਾਨ 1 ਜੁਲਾਈ 1745 ਵਿਚ ਮਰ ਗਿਆ। 1747 ਦੇ ਅਖ਼ੀਰ ਵਿਚ ਠਰੂ ਪਿੰਡ ਦਾ ਮੁਸਲਿਮ ਰਾਜਪੂਤ ਸਲਾਬਤ ਖਾਨ ਅੰਮ੍ਰਿਤਸਰ ਦੀ ਸ਼ਾਹੀ ਫੌਜ ਦਾ ਹਾਕਮ ਨੀਯਤ ਹੋਇਆ। ਇਸ ਨੇ ਪਹਿਰਾ ਸਖ਼ਤ ਕਰ ਦਿੱਤਾ, ਜੋ ਵੀ ਸਿੱਖ ਸਰੋਵਰ ਤੱਕ ਪਹੁੰਚ ਜਾਂਦਾ, ਉਸ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਜਾਂਦਾ। ਇਸ ਦੀ ਸੁਧਾਈ ਕਰਨ ਹਿਤ ਨਵਾਬ ਕਪੂਰ ਸਿੰਘ ਨੇ ਖਾਲਸੇ ਦੇ ਦੋਹਾਂ ਦਲਾਂ ਦੇ ਮੁਖੀਆਂ ਨੂੰ ਇਕੱਠੇ ਕਰਕੇ ਅੰਮ੍ਰਿਤਸਰ ਨੂੰ ਅਜ਼ਾਦ ਕਰਾਉਣ ਦਾ ਮਤਾ ਪੰਥ ਸਾਹਮਣੇ ਰਖਿਆ ਕਿ ਭਾਵੇਂ ਕਿੰਨੀ ਵੀ ਕੁਰਬਾਨੀ ਦੇਣੀ ਪਵੇ, ਅੰਮ੍ਰਿਤਸਰ ਨੂੰ ਹੋਰ ਇੱਕ ਦਿਨ ਵੀ ਦੁਸ਼ਮਣ ਦੇ ਕਬਜ਼ੇ ਵਿਚ ਨਹੀਂ ਰਹਿਣ ਦੇਣਾ। ਸਾਰੇ ਖਾਲਸੇ ਨੇ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤਾ। ਇਸ ਮੁਹਿੰਮ ਦੀ ਅਗਵਾਈ ਲਈ ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਆਹਲੂਵਾਲੀਏ ਦੀ ਡਿਊਟੀ ਲਗਾਈ। ਮਾਰਚ 1748 ਵਿਚ ਪਹਿਰ ਕੁ ਰਾਤ ਰਹਿੰਦੀ ਸਮੇਂ ਵੈਰੀਆਂ ਉੱਤੇ ਕਹਿਰੀ ਹਮਲਾ ਕੀਤਾ। ਖਾਲਸਾ ਵੱਢ-ਟੁੱਕ ਕਰਦਾ ਸਿੱਧਾ ਸਲਾਬਤ ਖਾਨ ਦੀ ਗੜ੍ਹੀ ਉੱਤੇ ਜਾ ਪਿਆ। ਸਲਾਮਤ ਖਾਨ ਵੀ ਡੱਟ ਗਿਆ, ਪਰ ਖਾਲਸੇ ਨੇ ਸਲਾਮਤ ਖਾਨ ਦੇ ਪੈਰ ਉਖੇੜ ਦਿੱਤੇ। ਸ. ਜੱਸਾ ਸਿੰਘ ਆਹਲੂਵਾਲੀਏ ਨੇ ਬਾਜ ਵਾਂਗ ਅਜਿਹਾ ਵਾਰ ਕੀਤਾ, ਉਸ ਦੇ ਦੋ ਟੋਟੇ ਕਰਕੇ ਧਰਤੀ 'ਤੇ ਸੁੱਟ ਦਿੱਤਾ। ਉਸ ਦਾ ਭਤੀਜਾ ਨਜ਼ਾਬਤ ਖਾਨ ਗੁੱਸਾ ਖਾ ਕੇ ਸ. ਜੱਸਾ ਸਿੰਘ ਉਪਰ ਵਾਰ ਕਰਨ ਨੂੰ ਅੱਗੇ ਵਧਿਆ ਹੀ ਸੀ ਕਿ ਨਵਾਬ ਕਪੂਰ ਸਿੰਘ ਨੇ ਇਕੋ ਤੀਰ ਨਾਲ ਉਸ ਨੂੰ ਪਾਰ ਬੁਲਾਇਆ, ਵੈਰੀ ਦੀ ਫੌਜ ਸਿਰ 'ਤੇ ਪੈਰ ਰੱਖ ਕੇ ਦੌੜੀ ਅਤੇ ਖਾਲਸੇ ਦਾ ਅੰਮ੍ਰਿਤਸਰ ਉੱਤੇ ਕਬਜ਼ਾ ਹੋ ਗਿਆ।

ਸੰਨ 1753 ਵਿਚ ਅੰਮ੍ਰਿਤਸਰ ਵਿਖੇ ਇੱਕ ਵੱਡਾ ਇਕੱਠ ਹੋਇਆ ਅਤੇ ਨਵਾਬ ਨੇ ਖਾਲਸੇ ਨੂੰ ਦਸਿਆ ਕਿ ਮੇਰਾ ਸਮਾਂ ਹੁਣ ਨੇੜੇ ਹੈ, ਮੈਂ ਜਦ ਵੀ ਆਪ ਜੀ ਤੋਂ ਕਿਸੇ ਦਾਨ ਦੀ ਮੰਗ ਕੀਤੀ ਹੈ ਤਾਂ ਆਪ ਸਦਾ ਹੀ ਨਿਵਾਜਦੇ ਰਹੇ ਹੋ। ਪਰ ਹੁਣ ਮੈਂ ਅੰਤਿਮ ਦਾਨ ਮੰਗਦਾ ਹਾਂ (ਕੀ ਸਾਡੇ ਅਖਾਉਤੀ ਮੌਜੂਦਾ ਲੀਡਰਾਂ ਵਿਚ ਇਸ ਵਰਗੀ ਪੇਸ਼ਕਸ਼ ਦੀ ਜੁਅਰਤ ਹੈ? ਲੱਤਾਂ ਕਬਰਾਂ 'ਚ ਹੁੰਦੀਆਂ ਨੇ ਪਰ ਗੱਦੀ ਨਹੀਂ ਛੱਡਦੇ) ਪੂਰੀ ਆਸ ਹੈ ਕਿ ਆਪ ਮੈਨੂੰ ਇਹ ਦਾਨ ਬਖ਼ਸ਼ ਕੇ ਨਿਵਾਜੋਗੇ। ਉਹ ਮੰਗ ਇਹ ਹੈ ਕਿ ਆਪ ਨੇ ਇੱਕ ਮੁੱਠ ਰਹਿਣਾ ਹੈ। ਅੱਜ ਤੋਂ ਆਪ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਜੈਸੀ ਮਹਾਨ ਗੁਰਸਿੱਖ ਹਸਤੀ ਨੂੰ ਸੌਂਪਣਾ ਕੀਤੀ ਹੈ। ਉਪਰੰਤ ਆਪ ਨੇ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ, ਜੋ ਆਪ ਨੂੰ ਮਾਤਾ ਸੁੰਦਰ ਕੌਰ ਜੀ ਤੋਂ ਪ੍ਰਾਪਤ ਹੋਈ ਸੀ ਸ. ਜੱਸਾ ਸਿੰਘ ਨੂੰ ਬਖ਼ਸ਼ੀ। ਪੰਥ ਦੀ ਜਥੇਦਾਰੀ ਉਸ ਦੇ ਹੱਥ ਸੌਂਪ ਕੇ ਆਪ ਚੜ੍ਹਾਈ ਕਰ ਗਏ। ਆਪ ਜੀ ਦਾ ਸਸਕਾਰ ਬਾਬਾ ਅਟੱਲ ਦੇ ਗੁਰਦੁਆਰੇ ਪਾਸ ਕੀਤਾ ਗਿਆ।

ਇਹ ਸਨ ਨਵਾਬ ਕਪੂਰ ਸਿੰਘ ਜਿਨ੍ਹਾਂ 18ਵੀਂ ਸਦੀ ਵਿਚ ਖਾਲਸੇ ਪੰਥ ਨੂੰ ਯੋਗ ਅਗਵਾਈ ਦੇ ਕੇ ਪੰਥ ਨੂੰ ਚੜ੍ਹਦੀ ਕਲਾ ਵਿਚ ਪਹੁੰਚਾਇਆ। ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ। ਉਸ ਵਕਤ ਸਿੱਖ ਮੁਗਲਾਂ ਤੋਂ ਖ਼ਤਮ ਨਾ ਹੋਏ ਕਿਉਂਕਿ ਉਨ੍ਹਾਂ ਪਾਸ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਖਿਆਵਾਂ, 'ਸਚੁ ਉਰੈ ਸਭ ਕੋ ਊਪਰਿ ਸਚੁ ਆਚਾਰ' ਮੁਤਾਬਕ ਉੱਚਾ ਕਿਰਦਾਰ ਸੀ।

ਸਾਡੇ ਅੱਜ ਦੇ ਅਖਾਉਤੀ ਲੀਡਰ ਸਟੇਜਾਂ ਤੋਂ ਸਿੱਖ ਇਤਿਹਾਸ ਦੀਆਂ ਮਿਸਾਲਾਂ ਆਪਣੇ ਮਸ਼ੀਨੀ ਸ਼ਬਦਾਂ ਵਿਚ ਬੜੇ 'ਮਾਨ' ਨਾਲ ਕਰਦੇ ਨੇ ਪਰ ਉਸ 'ਤੇ ਅਮਲ ਨਹੀਂ ਕਰਦੇ। ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਨੇ ਇੱਕ ਵਾਰ ਸਟੇਜ ਤੋਂ ਕਿਹਾ ਸੀ, 'ਯਾਦ ਰੱਖੋ ਮੇਰੇ ਮਿੱਤਰੋ! ਪੁਰਾਤਨ ਕੁਰਬਾਨੀਆਂ ਤੁਹਾਨੂੰ ਪ੍ਰੇਰਨਾ ਤਾਂ ਦੇ ਸਕਦੀਆਂ ਨੇ, ਪਰ ਜ਼ਿੰਦਾ ਨਹੀਂ ਰੱਖ ਸਕਦੀਆਂ।' ਮਲਕ ਭਾਗੋ ਹਮੇਸ਼ਾ ਭਾਈ ਲਾਲੋਆਂ ਨੂੰ ਲੁੱਟਦੇ ਰਹੇ ਨੇ।

1947 ਤੋਂ ਬਾਅਦ ਪੰਜਾਬ ਦੇ ਬਹੁਤੇ ਮੁੱਖ ਮੰਤਰੀ ਸਿੱਖ ਹੀ ਰਹੇ ਨੇ। ਜੇ ਕਿਤੇ ਉਹ ਗੁਰਬਾਣੀ ਅਨੁਸਾਰ ਰਾਜ ਕਰਦੇ ਤਾਂ ਪੰਜਾਬ ਦੇ ਸਿੱਖ ਕੌਮ ਦੀ ਅਜੋਕੀ ਦੁਰਦਸ਼ਾ ਨਾ ਹੁੰਦੀ। ਸ਼੍ਰੋਮਣੀ ਕਮੇਟੀ ਦਾ ਸਲਾਨਾ ਬਜਟ ਅਰਬਾਂ ਦਾ ਹੈ ਪਰ ਭਾਈ ਲਾਲੋਆ ਵਾਸਤੇ ਕੋਈ ਮੁਫ਼ਤ ਕਾਲਜ ਤੇ ਨਾ ਹਸਪਤਾਲ ਪੇਂਡੂ ਇਲਾਕਿਆਂ ਵਿਚ ਖੋਲ੍ਹਿਆ ਹੈ ਤੇ ਸ਼ਿਕਾਇਤ ਕਰਦੇ ਨੇ ਦਲਿਤ ਸਿੱਖ ਈਸਾਈ ਬਣ ਰਹੇ ਨੇ? ਕਿਉਂਕਿ ਉਨ੍ਹਾਂ ਸਕੂਲਾਂ ਵਿਚ ਉਨ੍ਹਾਂ ਨੂੰ ਬੜੀਆਂ ਸਹੂਲਤਾਂ ਮਿਲਦੀਆਂ ਨੇ। ਯਾਦ ਰੱਖੋ! ਆਰਥਕ ਅਜ਼ਾਦੀ ਤੋਂ ਬਗੈਰ ਰਾਜਨੀਤਕ ਅਜ਼ਾਦੀ ਕੋਈ ਮਾਇਨਾ ਨਹੀਂ ਰੱਖਦੀ।

ਅੱਜ ਲੋੜ ਹੈ ਇਕ ਹੋਰ ਨਵਾਬ ਕਪੂਰ ਸਿੰਘ ਵਰਗੇ ਦੀ ਜੋ ਸਾਡੇ ਪਿਆਰੇ ਪੰਜਾਬ ਨੂੰ ਨਸ਼ਿਆਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਪਤਿਤਪੁਣੇ ਦੀ ਦਲਦਲ ਵਿਚੋਂ ਕੱਢ ਕੇ ਮਹਾਰਾਜਾ ਰਣਜੀਤ ਸਿੰਘ ਵਰਗਾ ਪੰਜਾਬੀਆਂ ਦਾ ਰਾਜ ਕਾਇਮ ਕਰ ਸਕੇ।

ਆਮੀਨ!

## ਪਰਵਾਸ ਦੇ ਸਰੋਕਾਰ

*(ਪਿਛਲੇ ਸਫੇ ਦਾ ਬਾਕੀ)*

ਲਈ ਲਿਖਦਾ ਹੈ। ਰੂਹ ਦੇ ਰੱਜ ਵਾਸਤੇ ਲਿਖਦਾ ਹੈ। ਸਮਾਜ ਦੇ ਹਿਤਾਂ ਲਈ ਲਿਖਦਾ ਹੈ। ਫਿਰ ਵੀ ਉਸਦੀ ਲਿਖਣ ਦੀ ਭੁੱਖ ਬਣੀ ਰਹਿੰਦੀ ਹੈ।

ਮਲਵਿੰਦਰ ਕੋਲ ਵਿਚਾਰ ਹਨ, ਭਾਸ਼ਾ ਹੈ, ਸ਼ੈਲੀ ਹੈ। ਲੋੜ ਅਨੁਸਾਰ ਵਿਚਾਰਾਂ ਨੂੰ ਨਵਿਆਉਣ ਤੇ ਉਨ੍ਹਾਂ ਦੀ ਨਵ-ਉਸਾਰੀ ਕਰਨ ਦੇ ਹੁਨਰ ਦੀ ਵਰਤੋਂ ਕਰਨ ਦੀ ਵੀ ਉਸਨੂੰ ਜਾਚ ਹੈ। ਭਾਸ਼ਾ ਉਪਰ ਉਸਨੂੰ ਪਕੜ ਹੈ। ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਗੱਲ ਕਰਨ ਦੀ ਕਲਾ ਵਿਚ ਉਹ ਮਾਹਿਰ ਹੈ। ਵਾਰਤਕ ਲਿਖਦਿਆਂ ਉਸ ਵਿਚ ਕਾਵਿਕ ਅੰਸ਼ਾਂ ਦਾ ਸਮਾਵੇਸ਼ ਕਰ ਲੈਣਾ ਉਸ ਵਾਸਤੇ ਬਹੁਤ ਸਹਿਜ ਕਿਸਮ ਦੀ ਪ੍ਰਕਿਰਿਆ ਹੈ। ਇਹ ਉਸਦੀ ਵਾਰਤਕ ਕਲਾ ਦਾ ਉਘੜਵਾਂ ਲੱਛਣ ਬਣ ਕੇ ਉਭਰਨ ਵਾਲਾ ਪਹਿਲੂ ਹੈ। ਮਲਵਿੰਦਰ ਜਿਉਂ ਜਿਉਂ ਲਿਖਦਾ ਜਾਂਦਾ ਹੈ, ਆਪਣੀ ਲਿਖਣ ਕਲਾ ਦੇ ਹੁਨਰ ਨੂੰ ਤਰਾਸ਼ਦਾ ਜਾਂਦਾ ਹੈ। ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਜਾਣਕਾਰੀ ਵਿਚ ਚੰਗਾ-ਚੋਖਾ ਵਾਧਾ ਕਰੇਗੀ, ਉਨ੍ਹਾਂ ਲਈ ਮਾਰਗ ਦਰਸ਼ਕ ਬਣੇਗੀ ਤੇ ਸੇਧ ਵੀ ਪ੍ਰਦਾਨ ਕਰੇਗੀ। ਨਾਲ ਹੀ, ਇਹ ਪੁਸਤਕ ਪਾਠਕਾਂ ਨੂੰ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਡੂੰਘੀ ਸੋਚ ਵਿਚਾਰ ਕਰਨ ਲਈ ਵੀ ਪ੍ਰੇਰਿਤ ਕਰੇਗੀ ਤੇ ਇਸ ਸਬੰਧ ਵਿਚ ਫੈਸਲਾ ਲੈਣ ਲਈ ਹਿੰਮਤ ਜੁਟਾਉਣ ਦਾ ਹੌਸਲਾ ਵੀ ਦੇਵੇਗੀ। ਮੈਂ ਉਮੀਦ ਕਰਦਾ ਹਾਂ ਕਿ ਪਰਵਾਸ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਨਾਲ ਓਤਪੋਤ ਇਹ ਪ੍ਰਯੋਜਨਮੁਖੀ ਤੇ ਪੁਖਤਾ ਪ੍ਰਵਚਨ ਪਾਠਕਾਂ ਦੇ ਹਿਰਦੇਪਟ 'ਤੇ ਚਿਰਾਂ ਤੱਕ ਅਸਰਅੰਦਾਜ਼ ਹੁੰਦੇ ਰਹਿਣਗੇ। ਮੈਂ ਇਸ ਮੁੱਲਵਾਨ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ। ਫ਼ਖ਼ਰ ਮਹਿਸੂਸ ਕਰਨ ਵਾਲੀ ਗੱਲ ਹੈ ਕਿ ਇਸ ਅਨੂਠੇ ਕਾਰਜ ਸਮੇਤ ਮਲਵਿੰਦਰ ਆਪਣੇ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਇਸ ਬਹੁਮੁੱਲੇ ਦਸਤਾਵੇਜ਼ ਦੀ ਸਿਰਜਣਾ ਲਈ ਮੈਂ ਉਸਨੂੰ ਮੁਬਾਰਕਬਾਦ ਭੇਟ ਕਰਦਾ ਹਾਂ ਤੇ ਇਸ ਪੁਸਤਕ ਨੂੰ ਖੁਸ਼ਆਮਦੀਦ ਕਹਿੰਦਿਆਂ ਹੋਇਆਂ ਅਥਾਹ ਖੁਸ਼ੀ ਅਨੁਭਵ ਕਰ ਰਿਹਾ ਹਾਂ।

# ਛੁਪ ਗਿਆ ਚਾਨਣੀ ਰਾਤ ਦਾ ਸੰਗੀਤਕ ਚੰਦਰਮਾ – ਪੂਰਨ ਸ਼ਾਹਕੋਟੀ

ਦੁਨੀਆਂ ਦੀ ਬਹੁ ਗਿਣਤੀ ਨੂੰ ਹਾਲੇ ਵੀ ਸ਼ਾਇਦ ਇਹ ਵਹਿਮ ਹੈ ਕਿ ਅਭਿਆਸ ਤੋਂ ਬਿਨਾਂ ਕੰਮ ਕਰਨ ਦਾ ਸਹੀ ਤਰੀਕਾ ਆ ਸਕਦਾ ਹੈ ਤੇ ਸੰਗੀਤ 'ਚ ਤਾਂ ਅਜਿਹਾ ਕਦੇ ਸੰਭਵ ਹੀ ਨਹੀਂ। ਸੋ ਜਿਨ੍ਹਾਂ ਨੇ ਵੀ ਜ਼ਿੰਦਗੀ ਆਪਣੀ ਕਲਾ ਦੇ ਲੇਖੇ ਲਾਈ ਹੈ ਉਨ੍ਹਾਂ ਨੂੰ ਹਮੇਸ਼ਾ ਯਾਦ ਹੀ ਨਹੀਂ ਰੱਖਿਆ ਜਾਂਦਾ ਸਗੋਂ ਉਨ੍ਹਾਂ ਦਾ ਜ਼ਿਕਰ ਵੀ ਹੋਣਾ ਹੁੰਦਾ ਹੈ। ਪੰਜਾਬੀ ਗਾਇਕੀ ਵਿਚ ਸਾਡੀ ਵਰਤਮਾਨ ਸਥਿਤੀ ਇਹ ਹੈ ਕਿ ਨਬਜ਼ ਤਾਂ ਚੱਲ ਰਹੀ ਹੈ ਪਰ ਸਾਹ ਬੜਾ ਔਖਾ ਆ ਰਿਹੈ। ਹੁਣ



ਐਸ ਅਸ਼ੋਕ ਭੌਰਾ

ਅਸੀਂ ਸੰਗੀਤ ਨਾਲ ਜੁੜ ਕੇ ਵੀ ਕਈ ਵਾਰੀ ਟੁੱਟੇ ਹੋਏ ਮਹਿਸੂਸ ਕਰਦੇ ਹਾਂ।


ਪੰਜਾਬੀ ਗਾਇਕੀ ਦੀ ਮਾਣ-ਮਰਿਆਦਾ ਦੀ ਗੱਲ ਜਿੱਥੋਂ ਸ਼ੁਰੂ ਹੁੰਦੀ ਹੈ, ਉਥੋਂ ਹੀ ਪੂਰਨ ਸ਼ਾਹਕੋਟੀ ਦਾ ਜ਼ਿਕਰ ਛਿੜਦਾ ਹੈ। ਧਾਹ ਨਿਕਲਦੀ ਹੈ ਕਿ ਹਾਲੇ ਚਰਨਜੀਤ ਅਹੂਜਾ, ਜਸਵਿੰਦਰ ਭੱਲਾ, ਰਾਜਵੀਰ ਜਵੰਦਾ ਤੇ ਗੁਰਮੀਤ ਮਾਨ ਦਾ ਸਿਵਾ ਵੀ ਠੰਡਾ ਨਹੀਂ ਹੋਇਆ ਸੀ ਕਿ ਇਸ ਸਾਲ ਨੇ ਜਾਂਦਿਆਂ ਜਾਂਦਿਆਂ ਸਾਡੇ ਤੋਂ ਪੰਜਾਬੀ ਗਾਇਕੀ ਦਾ ਵਾਰਿਸ, ਸਾਡੀ ਅਮੀਰ ਤੇ ਮਹਾਨ ਵਿਰਾਸਤ ਪੂਰਨ ਸ਼ਾਹਕੋਟੀ ਨੂੰ ਵੀ ਖੋਹ ਲਿਆ। ਉਸ ਨੇ ਸੰਗੀਤਕ ਪ੍ਰੰਪਰਾਵਾਂ ਨੂੰ ਜਿਉਂਦਾ ਰੱਖਣ ਲਈ ਹਰ ਹੀਲਾ-ਵਸੀਲਾ ਵਰਤਿਆ, ਸਬਰ ਰੱਖਿਆ ਤੇ ਕਿਤੇ ਵੀ ਜ਼ਿੰਦਗੀ ਵਿਚ ਅਜਿਹਾ ਸਮਝੌਤਾ ਨਹੀਂ ਕੀਤਾ ਕਿ ਕਲਾਤਮਕ ਸੰਗੀਤਕ ਕੈਰੀਅਰ ਨੂੰ ਕੋਈ ਜਰਕ ਆ ਸਕੇ।

ਪੰਜਾਬੀ ਗਾਇਕੀ ਦੀ ਗੱਲ ਜਿੱਥੋਂ ਸ਼ੁਰੂ ਹੁੰਦੀ ਹੈ ਉਥੋਂ ਹੀ ਪੂਰਨ ਸ਼ਾਹਕੋਟੀ ਦਾ ਜ਼ਿਕਰ ਮਾਣ ਨਾਲ ਛਿੜਦਾ ਹੈ। ਇਸ ਖੇਤਰ ਵਿਚ ਸੰਗੀਤ ਤੇ ਸੁਰ ਸਾਧਨਾ ਨੂੰ ਸ਼ਿੰਗਾਰ 'ਚ ਢਕਣ ਵਾਲੀ ਉਹਦੀ ਚਾਦਰ ਇੰਨੀ ਵੱਡੀ ਹੈ ਕਿ ਇਸ ਦੀਆਂ ਚਾਰੇ ਕੰਨੀਆਂ ਨੂੰ ਇੱਕੋ ਵੇਲੇ ਘੁੱਟ ਕੇ ਫੜ੍ਹਨਾ ਬਹੁਤ ਔਖਾ ਤੇ ਅਸੰਭਵ ਹੈ। ਹੁਣ ਦੇ ਗਾਇਕ ਪਹਿਲਾਂ ਰਿਕਾਰਡ ਕਰਵਾ ਕੇ ਹਿੱਟ ਹੋਣ ਦਾ ਫੱਟਾ ਲਗਾਉਂਦੇ ਹਨ ਪਰ ਯਕੀਨ ਕਰੋਗੇ ਕਿ ਪੂਰਨ ਸ਼ਾਹਕੋਟੀ ਨੇ ਰਿਕਾਰਡਿੰਗ ਵੱਲ ਧਿਆਨ ਹੀ ਨਹੀਂ ਦਿੱਤਾ। ਇਹ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਹਫੜਾ-ਦਫੜੀ ਵਾਲੀ ਇਸ ਗਾਇਕੀ ਦੀ ਸਥਿਤੀ ਵਿਚ ਵੀ ਉਹ ਸਾਡੀਆਂ ਯਾਦਾਂ ਦੇ ਬਹੁਤ ਨੇੜੇ ਹੈ ਤੇ ਸੰਗੀਤ ਨੂੰ ਪਿਆਰ ਕਰਨ ਵਾਲਾ ਕੋਈ ਵੀ ਮਨੁੱਖ ਪੂਰਨ ਸ਼ਾਹਕੋਟੀ ਨੂੰ ਕਦੇ ਵਿਸਾਰ ਨਹੀਂ ਸਕਦਾ। ਅੱਜ ਵੀ ਸਾਨੂੰ ਉਹ ਪੰਜਾਬੀ ਸੰਗੀਤ ਦਾ 'ਸਭੋ ਕੁਝ' ਲੱਗਦਾ ਹੈ ਜਾਂ ਇਉਂ ਕਿ ਉਹਦੀ ਬੁੱਕਲ ਵਿਚ ਕੁਝ ਅਜਿਹੀਆਂ ਸੁਰਾਂ ਦੀ ਸਿਰਜਣਾ ਵੀ ਹੋਈ ਹੈ ਕਿ ਪੰਜਾਬੀ ਗਾਇਕੀ ਦੇ ਆਂਗਣ ਵਿਚ ਤਪਸ ਪਿੱਛੋਂ ਠੰਡ ਵਰਤਦੀ ਰਹੀ ਹੈ। ਅਸਲ ਵਿਚ ਕਹਿ ਸਕਦੇ ਹਾਂ ਕਿ ਪੂਰਨ ਸ਼ਾਹਕੋਟੀ ਚਾਨਣੀ ਰਾਤ ਵਰਗਾ ਪੰਜਾਬੀ ਗਾਇਕੀ ਦਾ ਚੰਦਰਮਾ ਸੀ।

22 ਦਸੰਬਰ ਨੂੰ ਜਦੋਂ ਉਸਨੇ ਆਖਰੀ ਸਾਹ ਲਿਆ ਤਾਂ ਇਦਾਂ ਲੱਗਾ ਕਿ ਪੰਜਾਬੀ ਗਾਇਕੀ ਇੱਕ ਮਹਾਨ ਸੁਰ ਤੋਂ ਵਿਰਵੀ ਹੋ ਗਈ ਹੈ ਜਾਂ ਇਉਂ ਕਿ ਪੰਜਾਬੀ ਗਾਇਕੀ ਦਾ ਇੱਕ ਅਮੀਰ ਯੁਗ ਮੁੱਕ ਗਿਆ ਹੈ ਤੇ ਕਿਹਾ ਇਹ ਵੀ ਗਿਆ ਕਿ ਮਾਸਟਰ ਸਲੀਮ ਦਾ ਪਿਤਾ ਚਲੇ ਗਿਆ ਹੈ। ਇੱਥੇ ਇੱਕ ਗੱਲ ਯਾਦ ਆ ਰਹੀ ਹੈ ਕਿ ਸਾਰੀ ਉਮਰ ਬਾਪ ਦੀ ਅਕਲ 'ਤੇ ਹੀ ਮਾਣ ਨਾ ਕਰੀ ਜਾਓ ਸਗੋਂ ਅਜਿਹਾ ਵੀ ਕੁਝ ਕਰੋ ਕਿ ਬਾਪ ਤੁਹਾਡੇ 'ਤੇ ਮਾਣ ਕਰ ਸਕੇ। ਜਦੋਂ ਭਾਰਤੀ ਫਿਲਮੀ ਸੰਗੀਤ ਵਿਚ ਐਸ.ਡੀ. ਬਰਰਮਨ ਦਾ ਨਾਂ ਬਣਿਆ ਤੇ ਜਦੋਂ ਉਹ ਸੜ੍ਹਕ 'ਤੇ ਜਾਂਦਾ ਤਾਂ ਲੋਕੀਂ ਕਹਿੰਦੇ ਸੀ ਐਸ.ਡੀ. ਬਰਮਨ ਜਾ ਰਿਹਾ ਹੈ। ਪਰ ਜਦੋਂ ਉਸਦੇ ਪੁੱਤਰ ਆਰ.ਡੀ. ਬਰਮਨ ਨੇ ਇਸ ਖੇਤਰ ਵਿਚ ਨਵੀਆਂ ਬੁਲੰਦੀਆਂ ਨੂੰ ਛੋਹਿਆ ਤੇ ਫਿਰ ਜਦੋਂ ਐਸ.ਡੀ. ਬਰਮਨ ਘਰੋਂ ਨਿਕਲਦਾ ਤਾਂ ਲੋਕੀਂ ਕਹਿੰਦੇ ਸਨ ਆਰ.ਡੀ. ਬਰਮਨ ਦਾ ਪਿਓ ਜਾ ਰਿਹੈ। ਸੋ ਮਾਸਟਰ ਸਲੀਮ ਨੇ ਅਜਿਹੀਆਂ ਪੈੜਾਂ ਪਾਈਆਂ ਕਿ ਬਾਪੂ ਨੂੰ ਵੀ ਮਾਣ ਹੋਇਆ ਤੇ ਅੱਜ ਕਹਿਣਾ ਪਿਆ ਕਿ 'ਮਾਸਟਰ ਸਲੀਮ ਦਾ ਪਿਤਾ ਚਲੇ ਗਿਆ ਹੈ।' ਪੂਰਨ ਸ਼ਾਹਕੋਟੀ ਨੇ ਤੰਗੀਆਂ ਤੁਰਸ਼ੀਆਂ ਵੇਖੀਆਂ ਨੇ, ਫਾਕੇ ਕੱਟੇ ਨੇ ਪਰ ਸਮਝੌਤੇ ਨਹੀਂ ਕੀਤੇ। ਉਹਨੇ ਜ਼ਿੰਦਗੀ ਦਾ ਸਾਰੰਗੀ ਵਾਲਾ ਸਮਾਂ ਵੀ ਵੇਖਿਆ, ਖੁਸ਼ਹਾਲੀ ਵੀ ਵੇਖੀ ਤੇ ਆਪਣੇ ਸ਼ਾਗਿਰਦਾਂ ਨੂੰ ਪੁੱਤਰਾ ਵਾਂਗ ਪਾਲ ਕੇ ਟੀਸੀ ਵਾਲਾ ਬੇਰ ਵੀ ਟੁੱਟਦਾ ਦੇਖਿਆ। ਸੱਚੀ ਮੁੱਚੀ ਪੂਰਨ ਸ਼ਾਹਕੋਟੀ ਦਾ ਚਲੇ ਜਾਣਾ ਸਾਡੇ ਸਾਰਿਆਂ ਲਈ ਬਹੁਤ ਵੱਡਾ ਘਾਟਾ ਹੀ ਨਹੀਂ, ਇੱਕ ਕਲਾ ਦੇ ਯੁੱਗ ਦਾ ਮੁੱਕ ਜਾਣਾ ਵੀ ਹੈ।

ਪੂਰਨ ਸ਼ਾਹਕੋਟੀ ਸਾਡੀ ਗਾਇਕੀ ਵਿਚ ਸਰਬ-ਪ੍ਰਵਾਨਿਤ ਹੈ, ਉਹਦੀ ਹਾਜ਼ਰੀ ਕਰਕੇ ਹੀ ਪੰਜਾਬੀ ਗਾਇਕੀ ਵਿਚ ਸਾਡਾ ਵਿਸ਼ਵਾਸ ਬਹੁਤ ਵੱਡਾ ਹੋਇਆ ਹੈ। ਉਹ ਸੁਰ ਸਾਧਨਾ ਦੀ ਜਿਉਂਦੀ ਜਾਗਦੀ ਮੂਰਤੀ ਸੀ, ਉਹਦੀ ਉਹ ਸਥਿਤੀ ਸੰਗੀਤਕ ਖੇਤਰ ਵਿਚ ਉਹ ਵੀ ਹੈ ਜੋ ਸਵਰਗ ਦੇ ਨਰਕ ਦਰਮਿਆਨ ਬੈਕੁੰਠ ਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਅਸੀਂ ਸੂਫੀਆਨਾ ਗਾਇਕੀ ਵਿਚ ਬਹੁਤ ਪਛੜ ਗਏ ਹਾਂ ਤਾਂ ਪੂਰਨ ਸ਼ਾਹਕੋਟੀ, ਪੂਰਨ ਚੰਦ ਵਡਾਲੀ ਤੇ ਪਿਆਰੇ ਲਾਲ ਜਾਂ ਬਰਕਤ ਸਿੱਧੂ ਦੀ ਬਾਤ ਪਾ ਕੇ ਅਸੀਂ ਇਸ ਉਲਾਂਭੇ ਤੋਂ ਮੁਕਤ ਹੋਣ ਦੀ ਅੰਗੜਾਈ ਲੈਂਦੇ ਹਾਂ।

'ਫੱਕਰਾਂ ਦੀ ਕੁੱਲੀ ਵਿਚ ਰੱਬ ਵੱਸਦਾ, ਜੱਗ ਭੈੜਾ ਐਵੇਂ ਸਾਨੂੰ ਗੱਲਾਂ ਦੱਸਦਾ...' ਗਾਉਣ ਵੇਲੇ ਉਹਦਾ ਅਜਿਹਾ ਫਕੀਰਾਨਾ ਅੰਦਾਜ ਸੀ ਕਿ ਕੁਝ ਪਲ ਅਜਿਹੇ ਆ ਜਾਂਦੇ ਸਨ ਕਿ 'ਹਾਤ-ਹੂਤ' ਵਾਲਾ ਸਾਰਾ ਕੁਝ ਦੱਬਿਆ ਜਾਂਦਾ ਸੀ। ਉਹ ਪਰਿਭਾਸ਼ਾ ਮਿਲ ਜਾਂਦੀ ਸੀ ਜੋ ਸੰਗੀਤ ਨੂੰ ਚਾਹੁਣ ਵਾਲਿਆਂ ਤੇ ਪਿਆਰ ਕਰਨ ਵਾਲਿਆਂ ਨੂੰ ਚਾਹੀਦੀ ਸੀ। ਅਸਲ ਵਿਚ ਇਹ ਰਾਹ ਭੁੱਖ ਮਰੀ ਤੇ ਸਿਰੜ ਦਾ ਹੈ ਤੇ ਇਸੇ ਲਈ ਉਸਨੇ ਅੱਧੀ ਖਾਣ ਵਿਚ ਵਿਸ਼ਵਾਸ ਰੱਖਿਆ, ਫਾਕੇ ਕੱਟ ਲੈਣ ਦੀ ਸੋਚੀ ਪਰ ਹਲਕੀ-ਫੁਲਕੀ ਗਾਇਕੀ ਦੇ ਰਾਹ ਵੱਲ ਤੱਕਿਆ ਵੀ ਨਹੀ। 'ਲੈ ਲਓ ਭੰਬੀਰੀਆਂ, ਲੈ ਲਓ ਭੰਬੀਰੀਆਂ, ਪੱਲੇ ਸਾਡੇ ਪੈ ਗਈਆਂ ਫਕੀਰੀਆਂ' ਗਾਉਣ ਵਾਲੇ ਪੂਰਨ ਬਾਰੇ ਕਹਿਣਾ ਹੀ ਪਵੇਗਾ ਕਿ ਉਹ ਮਸਤ ਤੇ ਫਕੀਰ ਗਵੱਈਆ ਸੀ। ਪੂਰਨ ਸ਼ਾਹਕੋਟੀ ਨੂੰ ਗਾਉਣਾ ਵਿਰਸੇ 'ਚੋਂ ਮਿਲਿਆ ਇਸੇ ਕਰਕੇ ਘਰਾਣੇ ਦੇ ਗਾਇਕਾਂ ਦੀ ਗੱਲ ਜਦੋਂ ਛਿੜਦੀ ਹੈ ਤਾਂ ਵਿਰਾਸਤੀ ਪਰਤਾਂ 'ਤੋਂ ਵੀ ਪਰਦਾ ਚੁੱਕਿਆ ਜਾਂਦਾ ਹੈ। 1949 ਵਿਚ ਸ਼ਾਹਕੋਟ ਵਿਚ ਪਿਤਾ ਸਾਂਈ ਨਿਰੰਜਨ ਦਾਸ ਦੇ ਘਰ ਇਸ ਗਾਇਕੀ ਗਗਨ ਦੇ ਨੂਰ ਨੇ ਅੱਖ ਪੱਟੀ, ਬਾਪੂ ਆਪਣੇ ਵੇਲੇ ਦੇ ਸੂਫੀਆਨਾ ਗਾਉਣ ਵਾਲਿਆਂ 'ਚੋਂ ਇੱਕ ਸੀ। ਉਸਨੇ ਆਪਣੀ ਸੋਚ ਮੁਤਾਬਕ ਪੂਰਨ ਨੂੰ ਮੰਦਰਾਂ,



ਗੁਰਦੁਆਰਿਆਂ ਤੇ ਮਸਜਿਦਾਂ ਵਿਚ ਗਾਉਣ ਲਾਇਆ ਤਾਂ ਜੋ ਗੁਰੂ 'ਤੇ ਧਾਰਮਿਕ ਮਰਿਯਾਦਾ ਦੀ ਲੀਹ ਨਾ ਟੱਪੇ। ਪਰਿਵਾਰਿਕ ਧਾਰਨਾਵਾਂ ਤੋਂ ਹੱਟ ਕੇ ਵੀ ਪਿਤਾ ਨੇ ਉਨ੍ਹਾਂ ਵੇਲਿਆਂ ਵਿਚ ਪੂਰਨ ਨੂੰ 11 ਜਮਾਤਾਂ ਪਾਸ ਕਰਾਈਆਂ ਤੇ ਇਸੇ ਲਈ ਫਕੀਰੀ 'ਚ ਰਹਿਣਾ-ਗਾਉਣ ਤੇ ਸਾਹ ਲੈਣ ਵਾਲਾ ਇਹ ਗਾਇਕ ਪਹਿਲਿਆਂ ਗਾਇਕਾਂ 'ਚੋਂ ਚੋਖਾ ਪੜ੍ਹਿਆ-ਲਿਖਿਆ ਮੰਨਿਆ ਜਾਂਦਾ ਰਿਹਾ।

ਸਾਈ ਅਬਦੁੱਲੇ ਸ਼ਾਹ ਮਢਾਲੀ ਵਾਲਿਆਂ ਦੇ ਮੇਲੇ 'ਤੇ ਇੱਕ ਵਾਰ ਪੂਰਨ ਸ਼ਾਹਕੋਟੀ ਗਾਉਣ ਗਿਆ ਤਾਂ ਸੂਫੀ ਗਾਇਕੀ ਦਾ ਅਜਿਹਾ ਰੰਗ ਬੰਨ੍ਹਿਆ ਕਿ ਪਟਿਆਲੇ ਘਰਾਣੇ ਦੇ ਉਸਤਾਦ ਲੋਕ ਬਾਕੁਰ ਹੁਸੈਨ ਨੇ ਆਪ ਕਿਹਾ 'ਜਵਾਨਾ ਆਜਾ ਮੇਰੇ ਲੜ ਲੱਗ ਜਾ' ਤੇ ਪੂਰਨ ਰਸਮੀ ਤੌਰ 'ਤੇ ਬਾਕੁਰ ਹੁਸੈਨ ਦਾ ਸ਼ਗਿਰਦ ਬਣ ਗਿਆ। 1975 ਵਿਚ ਉਹਨੇ ਪਹਿਲੀ ਵਾਰੀ ਜਲੰਧਰ ਤੋਂ ਆਕਾਸ਼ਵਾਣੀ ਲਈ ਗਾਇਆ ਤੇ 1976 ਵਿਚ ਦੂਰਦਰਸ਼ਨ ਦੇ ਅੰਮ੍ਰਿਤਸਰ ਕੇਂਦਰ ਲਈ ਦਿੱਲੀ ਰਿਕਾਰਡਿੰਗ ਕਰਵਾਈ। ਇਉਂ ਮੀਡੀਏ ਰਾਹੀਂ ਪੂਰਨ ਅੱਗੇ ਸਰਕਿਆ ਤੇ ਮਹਿਫਲਾਂ, ਕਵਾਲਾਂ 'ਚ ਗਾਉਂਦਾ ਪੂਰਨ ਲੋਕਾਂ ਦੇ ਮੁਕੰਮਲ ਰੂਪ ਵਿਚ ਨੇੜੇ ਆ ਗਿਆ। ਕੁਝ ਸਮਾਂ ਨਕੋਦਰ ਦੀ 'ਟੂਰਨ ਟਾਕੀਜ' 'ਚ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਵੀ ਗਾਉਂਦਾ ਰਿਹਾ। ਇਸ ਪਾਸੇ ਚੰਗੀ ਗੱਲ ਬਣਦੀ ਵੇਖ ਕੇ ਉਸ ਨੇ 1972 ਵਿਚ ਮਿਲੀ ਲੋਕ ਸੰਪਰਕ ਵਿਭਾਗ ਦੀ ਨੌਕਰੀ ਇਹ ਕਹਿ ਕੇ ਛੱਡ ਦਿੱਤੀ ਕਿ ਕਿਹੜਾ ਸਾਰੀ ਉਮਰ ਸਰਕਾਰਾਂ ਦੇ ਸੋਹਲੇ ਤੇ ਪਰਿਵਾਰ ਨਿਯੋਜਨ ਦੇ ਗੀਤ ਗਾਉਂਦਾ ਰਹੇਗਾ। ਸਥਾਪਨਾ ਪੱਖੋਂ ਇਹਦੇ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੂਰਨ ਨੂੰ ਜਲੰਧਰ ਦੂਰਦਰਸ਼ਨ ਤੇ ਆਕਾਸ਼ਵਾਣੀ ਨੇ ਹੀ ਲੋਕਾਂ ਦਾ ਚਹੇਤਾ ਗਵੱਈਆ ਬਣਾਇਆ। ਉਹ ਲਾਹੌਰ ਰੇਡੀਓ ਸਟੇਸ਼ਨ ਤੋਂ ਵੀ ਪ੍ਰਸਾਰਿਤ ਹੁੰਦਾ ਰਿਹਾ ਤੇ ਵਿਵਿਧ ਭਾਰਤੀ ਦੀ ਪੰਜਾਬੀ ਪ੍ਰਸਾਰਣ ਸੇਵਾ ਵਿਚ ਪੂਰਨ ਨੂੰ ਸੁਣਨ ਵਾਲਿਆਂ ਵਿਚ ਬੂਟੀ ਰਾਮ ਹਾਂਡਾ ਸਮੇਤ ਦਰਜਨਾਂ ਫਰਮਾਇਸ਼ਰੀ ਖ਼ਤ ਰੋਜ ਡਾਕ ਰਾਹੀਂ ਡਿੱਗਦੇ ਰਹੇ।

-ਨੀਂਦ ਨਾ ਆਵੇ ਯਾਦ ਸਤਾਵੇ...
-ਡੂੰਘੇ ਥਲਾਂ ਵਾਲੇ ਪੈਂਡੇ ਭੈੜੇ ਮੁੱਕਦੇ ਨਹੀਂ
ਪੈਰੀ ਪੈ ਗਏ ਨੇ ਛਾਲੇ ਭੈੜੇ ਸੁੱਕਦੇ ਨਹੀਂ
-ਨਿਉ ਲਾ ਲਿਆ ਬੇਪਰਵਾਹ ਦੇ ਨਾਲ ..
ਤੇ ਸ਼ਿਵ ਦੀ ਰਚਨਾ
-ਗਮਾਂ ਦੀ ਰਾਤ ਲੰਬੀ ਹੈ ਜਾਂ

ਮੇਰੇ ਗੀਤ ਲੰਬੇ ਨੇ...ਗਾਉਣ ਵੇਲੇ ਪੂਰਨ ਦਾ ਬਿਆਨ-ਏ-ਅੰਦਾਜ਼ ਵੇਖਣ ਯੋਗ ਹੁੰਦਾ ਸੀ। ਬਾਕੁਰ ਹੁਸੈਨ ਵਾਂਗ ਉਸਤਾਦ ਲੋਕਾਂ ਦੇ ਦਿਲ ਕਿੰਨੇ ਵੱਡੇ ਹੁੰਦੇ ਹਨ ਇਹ ਵੀ ਸ਼ਾਇਦ ਪੂਰਨ ਸ਼ਾਹਕੋਟੀ ਤੋਂ ਹੀ ਸਿੱਖਣ ਦੀ ਲੋੜ ਹੈ। ਜਦੋਂ ਹੰਸ ਨੂੰ ਰਾਜ ਪੁਰਸਕਾਰ ਮਿਲਿਆ, ਪਦਮ ਸ਼੍ਰੀ ਮਿਲਿਆ ਤਾਂ ਉਸਨੇ ਕਿਹਾ ਕਿ ਸਿਕੰਦਰ ਦੀ ਇੱਛਾ ਪੂਰੀ ਹੋਈ ਹੋਵੇ ਜਾਂ ਨਾ ਹੋਵੇ ਮੇਰੀ ਇੱਛਾ ਜਰੂਰ ਪੂਰੀ ਹੋ ਗਈ ਹੈ। ਹੰਸ ਮੈਨੂੰ ਆਪਣੇ ਪੁੱਤਰਾਂ ਤੋਂ ਵੀ ਕਿਤੇ ਵੱਧ ਹੈ। ਇਹ ਉਹਦੀ ਨਹੀ ਮੇਰੀ ਪ੍ਰਾਪਤੀ ਹੈ। ਪੂਰਨ ਸ਼ਾਹਕੋਟੀ ਦੇ ਪੁੱਤਰਾਂ ਵਰਗੇ ਸ਼ਾਗਿਰਦਾਂ 'ਚ ਹੰਸ ਰਾਜ ਹੰਸ, ਜੱਸੀ ਗੁਰਦਾਸਪੁਰੀਆ ਤੇ ਸਾਬਰ ਕੋਟੀ ਵਰਗੀਆਂ ਮਹਾਨ ਸੁਰਾਂ ਸ਼ਾਮਿਲ ਰਹੀਆਂ ਹਨ।

ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਗੁਲਾਮ ਅਲੀ ਵਰਗੇ ਗਾਇਕ ਨੂੰ ਸੁਣਿਆ ਤਾਂ ਰੱਜ ਕੇ ਹੈ ਪਰ ਵੇਖਿਆ ਨਹੀਂ ਪਰ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਪੂਰਨ ਨੂੰ ਰੱਜ ਕੇ ਵੇਖਿਆ ਤੇ ਜੀਅ ਭਰ ਕੇ ਸੁਣਿਆ ਹੈ। ਇਸ ਗੱਲ ਨੂੰ ਮਾਣ ਨਾਲ ਕਿਹਾ ਜਾਵੇਗਾ ਕਿ ਇਸ ਪਰਿਵਾਰ ਦੀਆਂ ਰਗਾਂ ਵਿਚ, ਕੰਠ ਵਿਚ ਅਜਿਹਾ ਸੁਰੀਲਾਪਣ ਹੈ ਕਿ ਮਨ ਸੁਣ ਕੇ ਬਾਗੋ-ਬਾਗ ਹੋ ਜਾਂਦਾ ਹੈ। ਜਿਨ੍ਹਾਂ ਨੇ ਜਲੰਧਰ ਦੂਰਦਰਸ਼ਨ ਦੇ ਖਾਸ ਪ੍ਰੋਗਰਾਮ ਵਿਚ ਪੂਰਨ ਨੂੰ ਪਰਿਵਾਰਕ ਰੂਪ ਵਿਚ ਇਕੱਠਿਆਂ ਸੁਣਿਆ ਹੈ ਉਹ 'ਬਈ ਵਾਹ!' ਕਹੇ ਬਿਨਾਂ ਰਹਿ ਹੀ ਨਹੀਂ ਸਕੇ। ਸ਼ਬਦੀ ਗਿਆਨ ਤੋਂ ਕੋਰੀ ਮਥਰੋ ਗਾਉਣ ਵਿਚ ਕਿਆ ਕਮਾਲ ਹੈ ਤੇ ਸੁਣ ਕੇ ਲੱਗਦਾ ਹੈ ਕਿ ਉਨ੍ਹਾਂ ਦਾ ਪ੍ਰੇਮ ਵਿਆਹ ਨਹੀਂ ਸੁਰ ਦਾ ਸੁਮੇਲ ਤੇ ਬੰਦਗੀ ਹੈ।

ਪੂਰਨ ਦਾ ਮਥਰੋ ਨਾਲ ਦੂਜਾ ਵਿਆਹ ਸੀ ਉਹਦੇ ਪਹਿਲਾਂ ਵੀ ਦੋ ਪੁੱਤਰ ਸਨ। ਮਾਸਟਰ ਸਲੀਮ ਤੇ ਪੇਰੀ ਨੂੰ ਬੇਹੱਦ ਮਾਣ-ਸਤਿਕਾਰ ਮਿਲਿਆ। ਸਲੀਮ ਦਾ ਬਾਲ-ਵਰੇਸੇ 'ਚਰਖੇ ਦੀ ਘੂਕ' ਗੀਤ ਕਿਹਨੂੰ ਯਾਦ ਨਹੀਂ ਹੈ 'ਢੋਲ ਜਗੀਰੋ ਦਾ' ਸੁਣ ਕੇ ਪੂਰਨ ਇਹ ਕਹਿੰਦਾ ਰਿਹਾ ਕਿ ਗਾਇਕੀ ਪੱਖੋਂ ਸਲੀਮ ਕੋਲ ਸਾਰਾ ਕੁਝ ਹੈ ਪਰ ਵਰਤਮਾਨ ਗਾਇਕੀ ਵਿਚ ਕਈ ਸਮਝੌਤੇ ਵੀ ਕਰਨੇ ਪੈਂਦੇ ਹਨ। ਜ਼ਿੰਦਗੀ ਵਿਚ ਸਾਰੀਆਂ ਤੰਗੀਆਂ-ਤੁਰਸ਼ੀਆਂ, ਉਤਰਾਅ-ਚੜ੍ਹਾਅ ਪੂਰਨ ਨੇ ਵੇਖੇ ਤੇ ਇਨ੍ਹਾਂ ਨਾਲ ਲੋਹਾ ਵੀ ਲਿਆ ਪਰ ਇੱਕ ਸੜਕੀ ਦੁਰਘਟਨਾ ਨੇ ਸਾਡੇ ਇਸ ਗਾਇਕ ਨੂੰ ਨਵਾਂ ਜੀਵਨ ਦਿੱਤਾ। ਬੜੀ ਲੰਬੀ ਦੇਰ ਉਹ ਹਸਪਤਾਲਾਂ ਵਿਚ ਪਿਆ ਰਿਹਾ, ਮੰਜੇ ਦਾ ਮੁਰੀਦ ਬਣਿਆ ਰਿਹਾ ਪਰ ਉਹ ਰਾਜੀ-ਬਾਜੀ ਹੋਇਆ ਤੇ ਮੁੜ ਕੇ ਆਪਣੇ ਪ੍ਰਸ਼ੰਸਕਾਂ ਦੀਆਂ ਦੁਆਵਾਂ ਨਾਲ ਉਨ੍ਹਾਂ ਵਿਚ ਵਿਚਰਨ ਦੇ ਸਮਰੱਥ ਹੋਇਆ। ਇਹਦੇ ਬਾਰੇ ਉਹਦੀ ਪ੍ਰਤੀਕਿਰਿਆ ਸੀ ਕਿ ਇਹ ਦੁਰਘਟਨਾ ਮੇਰੀ ਜ਼ਿੰਦਗੀ ਵਿਚ ਵੱਡੀ ਘਟਨਾ ਸੀ ਕਿ ਮੈਂ ਹਾਰ ਸਕਦਾ ਸੀ ਪਰ ਮੇਰੇ ਸੰਗੀਤਕ ਮਨ ਨੇ ਕਦੇ ਉਦਰਨ ਨਹੀਂ ਦਿੱਤਾ ਤੇ ਹੁਣ ਵੀ ਸਰੀਰਕ ਤੌਰ 'ਤੇ ਭਾਵੇਂ ਠੀਕ ਨਾ ਹੋਵਾਂ ਪਰ ਮਾਨਸਿਕ ਤੌਰ 'ਤੇ ਜਵਾਨ ਹਾਂ ਤੇ ਬਿਲਕੁਲ ਤੰਦਰੁਸਤ।

ਗੀਤ ਤੇ ਗਾਇਕੀ ਬਹੁਤ ਪਿੱਛੇ ਰਹਿ ਗਈ ਹੈ ਹੁਣ ਬਹੁਤਾ ਕੁਝ ਪਲੇਥਣ ਹੀ ਲਗਾ ਕੇ ਸੁਆਰਨ ਦਾ ਅਸਫਲ ਯਤਨ ਹੋ ਰਿਹਾ ਹੈ। ਪਰ ਫਿਰ ਵੀ ਪੂਰਨ ਸ਼ਾਹਕੋਟੀ ਵਰਗੇ ਗਾਇਕਾਂ ਦੀ ਇਸ ਖੇਤਰ ਵਿਚ ਹਾਜ਼ਰੀ ਉਦਾਸ ਨਹੀਂ ਹੋਣ ਦਿੰਦੀ ਵਰਨਾ ਸਾਡੇ ਗੀਤ ਕਦੋਂ ਦੇ ਗੁਆਚ ਗਏ ਹੁੰਦੇ। ਦਿੱਲੀ ਦੀ ਆਬੋ-ਹਵਾ ਵਿਚ ਗਾਲਿਬ ਘੁਲਿਆ ਹੋਇਆ ਹੈ, ਲੁਧਿਆਣੇ ਯਮਲੇ ਜੱਟ ਦੀ ਸਿਰਜਨਾਤਮਕ ਗਾਇਕੀ ਦਾ ਨਿੱਘ ਹੈ ਤੇ ਜਲੰਧਰ 'ਚ ਪੂਰਨ ਸ਼ਾਹਕੋਟੀ ਪੰਜਾਬੀ ਗਾਇਕੀ ਦੇ ਚਹੇਤਿਆਂ ਲਈ ਹੱਜ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਪੂਰਨ ਸ਼ਾਹਕੋਟੀ ਦੀ ਗੱਲ ਕਰਕੇ ਇਉਂ ਲੱਗ ਰਿਹਾ ਹੈ ਕਿ ਅਸੀਂ ਪੰਜਾਬੀ ਗਾਇਕੀ ਦਾ ਜਨਮ ਦਿਨ ਮਨਾ ਰਹੇ ਹਾਂ।

ਉਸ ਦੇ ਤੁਰ ਜਾਣ ਨਾਲ ਪੰਜਾਬੀ ਗਾਇਕੀ ਉਦਰੀ ਰਹੇਗੀ, ਉਦਾਸ ਰਹੇਗੀ, ਅਜਿਹੀ ਗਾਇਕੀ ਨੂੰ ਪਸੰਦ ਕਰਨ ਵਾਲਿਆਂ ਦੇ ਅੰਦਰੋਂ ਹਾਉਕਾ ਨਿਕਲਦਾ ਰਹੇਗਾ, ਅੱਖ 'ਚੋਂ ਅੱਥਰੂ ਡਿੱਗਦਾ ਰਹੇਗਾ ਪਰ ਅਫਸੋਸ ਕੇ ਪੂਰਨ ਸ਼ਾਹਕੋਟੀ ਹੁਣ ਕਦੇ ਨਹੀਂ ਪਰਤੇਗਾ ਪਰ ਉਹਦੀਆਂ ਯਾਦਾਂ ਦਾ ਫਲਸਫਾ, ਉਸ ਦੀ ਪੰਜਾਬੀ ਗਾਇਕੀ ਪ੍ਰਤੀ ਦੇਣ ਨੂੰ ਹਮੇਸ਼ਾ ਸਿਜਦਾ ਕੀਤਾ ਹੀ ਜਾਂਦਾ ਰਹੇਗਾ।

# 'ਜੱਗ ਜੰਕਸ਼ਨ ਰੇਲਾਂ ਦਾ...



ਜ਼ਿੰਦਗੀ ਨਾਮਾ

ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਇੱਕ ਬਣਾਈ ਹੋਈ ਗੱਲ ਸਾਂਝੀ ਕਰਦਾ ਹਾਂ...ਬਾਂਦਰ ਨੂੰ ਡਿਪਰੈਸ਼ਨ ਹੋ ਗਿਆ...ਖ਼ੁਦਕੁਸ਼ੀ ਕਰਨ ਤੁਰ ਪਿਆ...ਰਾਹ ਵਿਚ ਸੁੱਤੇ ਪਏ ਸ਼ੇਰ ਨੂੰ ਵੇਖ ਉਸਦਾ ਕੰਨ ਪੁੱਟ ਦਿੱਤਾ...!


ਕੱਚੀ ਨੀਂਦਰੇ ਉੱਠ ਖਲੋਤਾ...ਦਹਾੜ ਮਾਰੀ...ਕਿਸਦੀ ਮੌਤ ਆਈ ਏ...ਕਿਸਨੇ ਪੰਗਾ ਲਿਆ ਜੰਗਲ ਦੇ ਰਾਜੇ ਨਾਲ?

ਬਾਂਦਰ ਡਰ ਗਿਆ ਆਖਣ ਲੱਗਾ 'ਜਨਾਬ ਗਲਤੀ ਹੋ ਗਈ...ਭਾਵੇਂ ਮਾਰ ਦਿਓ ਜਾਂ ਬੋਟੀ ਬੋਟੀ ਕਰ ਦਿਓ...ਕੋਈ ਪ੍ਰਵਾਹ ਨਹੀਂ...ਵੈਸੇ ਵੀ ਜ਼ਿੰਦਗੀ ਤੋਂ ਅੱਕ ਹੁਣ ਮਰਨ ਹੀ ਚਲਿਆਂ ਹਾਂ...!'

ਬਾਂਦਰ ਨੂੰ ਸੈਨਤ ਮਾਰ ਕੋਲ ਸੱਦ ਲਿਆ ਤੇ ਪੁੱਛਣ ਲੱਗਾ 'ਗੱਲ ਦੱਸ ਜਦੋਂ ਤੂੰ ਮੇਰਾ ਕੰਨ ਪੁਟਿਆ...ਕਿਸੇ ਵੇਖਿਆ ਤਾਂ ਨਹੀਂ?'

ਬਾਂਦਰ ਆਖਣ ਲੱਗਾ ਜਨਾਬ ਕਿਸੇ ਨੇ ਨਹੀਂ ਵੇਖਿਆ...ਤੁਸੀਂ ਟੈਨਸ਼ਨ ਨਾ ਲਵੋ...!

ਅੱਗੋਂ ਆਖਣ ਲੱਗਾ 'ਮੇਰਾ ਦੂਜਾ ਕੰਨ ਵੀ ਪੁੱਟ ਕੇ ਵਿਖਾ...ਮੈਨੂੰ ਚੰਗਾ ਲੱਗੂ...ਸੱਚ ਪੁਛੇਂ ਤਾਂ ਮੈਂ ਕੱਲਾ ਰਹਿ ਗਿਆ ਹਾਂ...ਏਡੇ ਵੱਡੇ ਜੰਗਲ ਵਿਚ ਕੋਈ ਵੀ ਮੇਰੀ ਪ੍ਰਵਾਹ ਨਹੀਂ ਕਰਦਾ...ਜੁਆਨੀ ਵਾਲੀ ਮੜਕ ਤੇ ਬੜਕ ਦੋਵੇਂ ਹੀ ਨਹੀਂ ਰਹੀਆਂ...ਹੱਡ-ਪੈਰ ਦੁਖਦੇ ਰਹਿੰਦੇ...ਸ਼ਿਕਾਰ ਮਗਰ ਨੱਸਿਆ ਵੀ ਨਹੀਂ ਜਾਂਦਾ...ਰਹੀ ਗੱਲ ਹੁਣੇ ਮਾਰੀ ਬੜਕ ਦੀ...ਇਹ ਤਾਂ ਬੱਸ ਜੁਆਨੀ ਵੇਲੇ ਤੋਂ ਬਣਾਇਆ ਹੋਇਆ



ਮਾੜਾ ਮੋਟਾ ਦਬਕਾ ਹੀ ਸੀ ਜਿਸ ਆਸਰੇ ਰੋਟੀ ਪਾਣੀ ਚੱਲੀ ਜਾਂਦਾ!'

ਸੋ ਦੋਸਤੋ ਦੌਲਤ ਹੁਸਨ-ਜਵਾਨੀ, ਤਾਕਤ, ਰੁਤਬੇ, ਅਹੁਦੇ, ਸਰਦਾਰੀਆਂ, ਬਾਦਸ਼ਾਹੀਆਂ, ਤਖਤੋ-ਤਾਜ ਤੇ ਹੋਰ ਵੀ ਬਹੁਤ ਸਾਰਾ ਕੁਝ ਅਸਲ ਵਿਚ ਕੁਝ ਕੁ ਸਾਲਾਂ ਦੀ ਹੀ ਖੇਡ ਹੁੰਦੀ ਏ...ਫੇਰ ਵਾਜ ਪਈ ਤੇ ਹਰੇਕ ਨੂੰ ਭਰਿਆ ਮੇਲਾ ਛੱਡਣਾ ਹੀ ਪੈਂਦਾ ਏ...ਖਾਲੀ ਹੱਥ ਕਿਸੇ ਅਗਿਆਤ ਮੰਜਿਲ ਦੇ ਪਾਂਧੀ ਬਣ ਇਥੋਂ ਕੂਚ ਕਰਨਾ ਹੀ ਪੈਂਦਾ ਏ...ਮਗਰੋਂ ਰਹਿ ਜਾਵੇਗੀ ਮੁੱਠੀ ਭਰ ਸਵਾਹ...!

ਸੋ ਆ'ਜੋ ਇਨ੍ਹਾਂ ਵਕਤੀ ਸਰਮਾਇਦਾਰੀਆਂ ਅਤੇ ਥੋੜ-ਚਿਰੇ ਹੰਕਾਰ ਦੀਆਂ ਤੰਦਾਂ ਅਤੇ ਬੁਣੇ ਹੋਏ ਤਲਿੱਸਮੀਂ ਮੱਕੜ ਜਾਲ ਵਿਚੋਂ ਬਾਹਰ ਨਿੱਕਲ ਆਪਣੇ ਆਸ-ਪਾਸ ਵਿਚਰਦੇ ਹੋਏ ਜਿਉਂਦੇ-ਜਾਗਦੇ ਇਨਸਾਨਾਂ ਨਾਲ ਖੇਡਣਾ-ਮੱਲਣਾ ਸਿੱਖੀਏ...ਕਿਧਰੇ ਇੰਜ ਨਾ ਹੋ ਜਾਵੇ ਕਿ ਇਕ ਦਿਨ ਜਿਉਂਦੀ ਜਾਗਦੀ ਲਾਸ਼ ਬਣ ਏਨੇ ਕੱਲੇ-ਕਾਰੇ ਰਹਿ ਜਾਈਏ ਕਿ ਕਿਸੇ ਤੁਰੇ ਜਾਂਦੇ ਬਾਂਦਰ ਨੂੰ ਹੀ ਸਾਡਾ ਕੰਨ ਖਿੱਚ ਸਾਨੂੰ ਸਾਡੇ ਜਿਉਂਦੇ ਹੋਣ ਦਾ ਅਹਿਸਾਸ ਕਰਵਾਉਣਾ ਪਵੇ!


ਆ'ਜੋ ਹੁਣ ਫੋਟੋ 'ਤੇ ਚਾਨਣਾ ਪਾਉਂਦੇ ਹਾਂ...

ਗਰਮੀਆਂ ਦੇ ਮੌਸਮ ਵਿਚ ਸੌ ਕਿਲੋਮੀਟਰ ਦੂਰ ਗਿਆ ਸਾਂ...ਰਾਹ ਵਿਚ ਇੱਕ ਮਨਮੋਹਕ ਝੀਲ ਦੇ ਕੰਢੇ 'ਤੇ ਗੱਡੀ ਖਲਿਆਰ ਲਈ...ਓਥੇ ਮੈਂ ਕੱਲਾ ਹੀ ਸਾਂ...ਆਸੇ-ਪਾਸੇ ਪੱਸਰੀ ਹੋਈ ਸੁੰਞ-ਮਸਾਣ ਦੇਖ ਮੈਨੂੰ ਇੰਝ ਲੱਗਿਆ ਜਿੱਦਾਂ ਸਾਰਾ ਕੁਝ ਬੱਸ ਮੇਰਾ ਆਪਣਾ ਹੀ ਹੋਵੇ...ਅਚਾਨਕ ਇੱਕ ਫੁਰਨਾ ਫੁਰਿਆ...ਗਿੱਲੀ ਰੇਤ 'ਤੇ ਵੱਡੇ ਅੱਖਰਾਂ ਵਿਚ ਆਪਣਾ ਨਾਮ ਲਿਖ ਦਿੱਤਾ...!

ਓਸੇ ਵੇਲੇ ਕੁਦਰਤ ਨੇ ਇੱਕ ਖੇਡ ਖੇਡ ਦਿੱਤੀ...ਪਾਣੀ ਦੀ ਇੱਕ ਵੱਡੀ ਸਾਰੀ ਲਹਿਰ ਆਈ ਤੇ ਵੇਖਦਿਆਂ-ਵੇਖਦਿਆਂ ਸਾਰਾ ਕੁਝ ਆਪਣੇ ਨਾਲ ਵਹਾ ਕੇ ਲੈ ਗਈ...ਸਕਿੰਟਾਂ ਵਿਚ ਹੀ ਓਥੇ ਨਾ ਮੇਰੇ ਪੈਰਾਂ ਦੇ ਨਿਸ਼ਾਨ ਰਹੇ ਅਤੇ ਨਾ ਹੀ ਗਿਲੀ ਧਰਤੀ ਦੀ ਹਿੱਕ 'ਤੇ ਉੱਕਰਿਆ ਮੇਰਾ ਨਾਮੋਂ-ਨਿਸ਼ਾਨ...! ਸੱਚ ਜਾਣਿਓਂ ਜ਼ਿੰਦਗੀ ਵਿਚ ਮੁੱਕਦਾ ਹੋਇਆ ਆਪਣਾ ਖੁਦ ਦਾ ਵਜੂਦ...ਖੁਦ ਆਪਣੀਆਂ ਅੱਖਾਂ ਨਾਲ...ਉਸ ਦਿਨ ਪਹਿਲੀ ਵੇਰ ਵੇਖਿਆ!

# ਫ਼ਿਲਮ ਲੋਕ

## 2025 ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੇ ਅਦਾਕਾਰ



ਹਰ ਸਾਲ ਦੀ ਤਰ੍ਹਾਂ ਸਾਲ 2025 ਵਿਚ ਵੀ ਹਿੰਦੀ ਫ਼ਿਲਮ ਸਨਅਤ ਵਿਚ ਇਸ ਤਰ੍ਹਾਂ ਦੀਆਂ ਅਨੇਕ ਫ਼ਿਲਮਾਂ ਰਲੀਜ਼ ਹੋਈਆਂ ਜਿਨ੍ਹਾਂ ਨੇ ਟਿਕਟ ਖਿੜਕੀ 'ਤੇ ਖ਼ੂਬ ਕਮਾਈ ਕੀਤੀ। ਦੂਜੇ ਪਾਸੇ ਕੁਝ ਫ਼ਿਲਮਾਂ ਇਸ ਤਰ੍ਹਾਂ ਦੀਆਂ ਵੀ ਰਹੀਆਂ ਜਿਨ੍ਹਾਂ ਨੇ ਉਮੀਦ ਤੋਂ ਘੱਟ ਕਮਾਈ ਕੀਤੀ। ਇਸ ਕਾਰਨ ਪ੍ਰਦਰਸ਼ਨ ਦੇ ਮਾਮਲੇ ਵਿਚ ਉਨ੍ਹਾਂ ਨੂੰ ਔਸਤ ਕਮਾਈ ਵਾਲੀਆਂ ਮੰਨਿਆ ਗਿਆ। ਪਰ ਇਨ੍ਹਾਂ ਸਭ ਤੋਂ ਵੱਖ ਕੁਝ ਇਸ ਤਰ੍ਹਾਂ ਦੀਆਂ ਵੀ ਫ਼ਿਲਮਾਂ ਸਨ ਜੋ ਠੀਕ-ਠਾਕ ਕਮਾਈ ਕਰਨ ਦੇ ਬਾਵਜੂਦ ਸਿਰਫ਼ ਇਸ ਲਈ ਫਲਾਪ ਫ਼ਿਲਮਾਂ ਦੀ ਕੈਟੇਗਰੀ ਵਿਚ ਆ ਗਈਆਂ ਕਿਉਂਕਿ ਇਨ੍ਹਾਂ ਦੇ ਨਿਰਮਾਣ ਦੀ ਲਾਗਤ ਇਨ੍ਹਾਂ ਦੀ ਕਮਾਈ ਦੇ ਮੁਕਾਬਲੇ ਵਿਚ ਜ਼ਿਆਦਾ ਰਹੀ।

### ਵਿੱਕੀ ਕੌਸ਼ਲ



ਵਿੱਕੀ ਕੌਸ਼ਲ ਇਸ ਸਾਲ ਸਿਰਫ਼ ਇਕ ਫ਼ਿਲਮ 'ਛਾਵਾ' ਵਿਚ ਨਜ਼ਰ ਆਇਆ ਅਤੇ ਇਹ ਬਲਾਕ ਬੱਸਟਰ ਸਾਬਿਤ ਹੋਈ। ਇਸ ਫ਼ਿਲਮ ਨੇ ਸੰਸਾਰ ਪੱਧਰ 'ਤੇ 797.34 ਕਰੋੜ ਦਾ ਕਾਰੋਬਾਰ ਕੀਤਾ। ਇਸ ਤਰ੍ਹਾਂ ਸਿਰਫ਼ ਇਕ ਫ਼ਿਲਮ ਨਾਲ ਵਿੱਕੀ ਕੌਸ਼ਲ ਦੀ ਕਮਾਈ ਦੀ ਔਸਤ ਸ਼ਾਨਦਾਰ ਰਹੀ ਅਤੇ ਉਸ ਨੇ ਨੰਬਰ ਇਕ ਦੀ ਪੁਜ਼ੀਸ਼ਨ ਹਾਸਿਲ ਕੀਤੀ।

### ਅਹਾਨ ਪਾਂਡੇ




ਸਾਲ 2025 ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੇ ਅਦਾਕਾਰਾਂ ਦੀ ਸੂਚੀ ਵਿਚ ਐਕਟਰ ਅਹਾਨ ਪਾਂਡੇ ਦੂਜੇ ਨੰਬਰ 'ਤੇ ਰਹੇ। ਉਸ ਦੀ ਸਿਰਫ਼ ਇਕ ਫ਼ਿਲਮ 'ਸੈਯਾਰਾ' ਆਈ ਜਿਸ ਨੇ ਸੰਸਾਰ ਪੱਧਰ 'ਤੇ 579.23 ਕਰੋੜ ਰੁਪਏ ਦੀ ਕਮਾਈ ਕੀਤੀ। ਫ਼ਿਲਮ 'ਸੈਯਾਰਾ' ਨਾ ਸਿਰਫ਼ ਬਲਾਕ ਬੱਸਟਰ ਸਾਬਿਤ ਹੋਈ ਸਗੋਂ ਸਾਲ ਦੀ ਦੂਜੀ ਸਭ ਤੋਂ ਜ਼ਿਆਦਾ ਕਮਾਈ ਵਾਲੀ ਹਿੰਦੀ ਫ਼ਿਲਮ ਬਣੀ।

### ਅਕਸ਼ੈ ਕੁਮਾਰ

ਪਿਛਲੇ ਕੁਝ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਅਕਸ਼ੈ ਕੁਮਾਰ ਦੀਆਂ ਇਕ ਤੋਂ ਬਾਅਦ ਇਕ 4 ਫ਼ਿਲਮਾਂ 'ਸਕਾਈ ਫੋਰਸ' (112.75 ਕਰੋੜ), ਹਾਊਸਫੁੱਲ (183.3 ਕਰੋੜ), 'ਕੇਸਰੀ ਚੈਪਟਰ 2 (92.73 ਕਰੋੜ), 'ਜਾਲੀ ਐਲ.ਐਲ.ਬੀ. 3' (113.11 ਕਰੋੜ) ਕਮਾਈ ਕੀਤੀ। ਅਕਸ਼ੈ ਕੁਮਾਰ ਦੀਆਂ ਇਨ੍ਹਾਂ ਫ਼ਿਲਮਾਂ ਦੀ ਟੋਟਲ ਸੰਸਾਰ ਪੱਧਰ 'ਤੇ ਕਮਾਈ 501.89 ਕਰੋੜ ਰੁਪਏ ਹੋਈ। ਇਸ ਤਰ੍ਹਾਂ ਉਹ ਤੀਜੇ ਥਾਂ 'ਤੇ ਰਿਹਾ।

### ਰਿਤਿਕ ਰੌਸ਼ਨ



ਰਿਤਿਕ ਰੌਸ਼ਨ ਜੂਨੀਅਰ ਐਨ.ਟੀ.ਆਰ. ਦੇ ਨਾਲ ਆਈ ਸਪਾਈ ਯੂਨੀਵਰਸ ਦੀ ਐਕਸ਼ਨ ਫ਼ਿਲਮ 'ਵਾਰ-2' ਟਿਕਟ ਖਿੜਕੀ 'ਤੇ ਸੰਸਾਰ ਪੱਧਰ 'ਤੇ 303.22 ਕਰੋੜ ਰੁਪਏ ਦੀ ਕਮਾਈ ਦੇ ਨਾਲ ਇਸ ਸੂਚੀ ਵਿਚ ਚੌਥੇ ਨੰਬਰ 'ਤੇ ਰਹੀ। ਸਕਦੀ ਹੈ।

### ਅਜੈ ਦੇਵਗਨ



ਅਕਸ਼ੈ ਕੁਮਾਰ ਦੀ ਤਰ੍ਹਾਂ ਸਾਲ 2025 ਵਿਚ ਅਜੈ ਦੇਵਗਨ ਦੀ ਇਕ ਤੋਂ ਬਾਅਦ ਇਕ, 3 ਫ਼ਿਲਮਾਂ ਰਿਲੀਜ਼ ਹੋਈਆਂ। ਪਹਿਲੀ ਫ਼ਿਲਮ 'ਰੇਡ-2' ਨੇ 243.06 ਕਰੋੜ ਕਮਾਏ, ਉਥੇ ਦੂਜੀ ਫ਼ਿਲਮ 'ਸਨ ਆਫ਼ ਸਰਦਾਰ-2' ਨੇ ਟਿਕਟ ਖਿੜਕੀ 'ਤੇ 46.82 ਕਰੋੜ ਦੀ ਕਮਾਈ ਕੀਤੀ। ਅਜੈ ਦੇਵਗਨ ਦੀ ਤੀਜੀ ਫ਼ਿਲਮ 'ਆਜ਼ਾਦ' ਨੇ ਸਿਰਫ਼ 6.35 ਕਰੋੜ ਰੁਪਏ ਦਾ ਕਾਰੋਬਾਰ ਕੀਤਾ।

ਇਸ ਤਰ੍ਹਾਂ ਅਜੈ ਦੇਵਗਨ ਦੀਆਂ ਇਨ੍ਹਾਂ ਤਿੰਨ ਫ਼ਿਲਮਾਂ ਦਾ ਕੁੱਲ ਜੋੜ ਸੰਸਾਰ ਪੱਧਰ 'ਤੇ 296.77 ਕਰੋੜ ਰੁਪਏ ਰਿਹਾ। ਇਸ ਦੇ ਨਾਲ ਅਜੈ ਦੇਵਗਨ ਇਸ ਸੂਚੀ ਵਿਚ ਚੌਥੇ ਨੰਬਰ 'ਤੇ ਕਾਬਿਜ਼ ਹੋਏ।

-0-

## 2025 : ਟਿਕਟ ਖਿੜਕੀ 'ਤੇ ਦਬਦਬਾ ਬਣਾਉਣ ਵਾਲੀਆਂ ਚੋਟੀ ਦੀਆਂ 5 ਨਾਇਕਾਵਾਂ



### ਰਸ਼ਮਿਕਾ ਮੰਦਾਨਾ


14 ਫਰਵਰੀ, 2025 ਨੂੰ ਰਿਲੀਜ਼ ਪੀਰੀਅਡ, ਡਰਾਮਾ ਫ਼ਿਲਮ 'ਛਾਵਾ' ਸੰਸਾਰ ਪੱਧਰ 'ਤੇ 797.34 ਕਰੋੜ ਦੀ ਕਮਾਈ ਕਰਦੇ ਹੋਏ ਸਾਲ 2025 ਦੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਸਾਬਿਤ ਹੋਈ। ਫ਼ਿਲਮ ਵਿਚ ਵਿੱਕੀ ਕੌਸ਼ਲ ਦੇ ਨਾਲ ਰਸ਼ਮਿਕਾ ਮੈਂਦਾਨਾ ਮੁੱਖ ਭੂਮਿਕਾ ਵਿਚ ਨਜ਼ਰ ਆਈ। ਇਸ ਤਰ੍ਹਾਂ ਰਸ਼ਮਿਕਾ ਮੰਦਾਨਾ ਇਸ ਸਾਲ ਚੋਟੀ ਦੀਆਂ ਨਾਇਕਾਵਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਰਹੀ।

### ਅਨੀਤ ਪੱਡਾ



ਅਹਾਨ ਪਾਂਡੇ ਅਤੇ ਅਨੀਤ ਪੱਡਾ ਵਰਗੀਆਂ ਨਵੀਆਂ ਸਟਾਰ ਕਾਸਟ ਵਾਲੀਆਂ ਸੰਗੀਤਕ, ਰੋਮਾਂਟਿਕ ਅਤੇ ਕਾਮੇਡੀ ਫ਼ਿਲਮ 'ਸੈਯਾਰਾ' 18 ਜੁਲਾਈ, 2025 ਨੂੰ ਰਿਲੀਜ਼ ਹੋਈ ਅਤੇ ਸਾਲ ਦੀ ਦੂਜੀ ਬਲਾਕ ਬੱਸਟਰ ਫ਼ਿਲਮ ਸਾਬਿਤ ਹੋਈ। ਇਸ ਫ਼ਿਲਮ ਨੇ ਸੰਸਾਰ ਪੱਧਰ 'ਤੇ 579.23 ਕਰੋੜ ਦਾ ਬੰਪਰ ਕਮਾਈ ਕਰਦੇ ਹੋਏ ਦੇਸ਼ ਅਤੇ ਦੁਨੀਆ ਭਰ ਵਿਚ ਬਹੁਤ ਧਮਾਲ ਮਚਾਇਆ। ਇਕ ਅਲਜ਼ਾਈਮਰ ਰੋਗ ਤੋਂ ਪੀੜਤ ਕੁੜੀ ਦੇ ਕਿਰਦਾਰ ਵਿਚ ਉਸ ਦੀ ਐਕਟਿੰਗ ਦੀ ਬੇਹੱਦ ਤਾਰੀਫ ਹੋਈ। ਇਸ ਤਰ੍ਹਾਂ ਸਾਲ 2025 ਵਿਚ ਟਿਕਟ ਖਿੜਕੀ 'ਤੇ ਆਪਣਾ ਦਬਦਬਾ ਬਣਾਉਣ ਵਾਲੀਆਂ ਅਦਾਕਾਰਾਂ ਦੀ ਸੂਚੀ ਵਿਚ ਦੂਜੇ ਨੰਬਰ 'ਤੇ ਰਹੀ।

### ਵਾਣੀ ਕਪੂਰ



ਅਜੈ ਦੇਵਗਨ ਦੀ ਫ਼ਿਲਮ 'ਰੇਡ-2' ਵਿਚ ਉਸ ਨਾਲ ਵਾਣੀ ਕਪੂਰ ਮੁੱਖ ਭੂਮਿਕਾ ਨਿਭਾਉਂਦੇ ਹੋਏ ਦਰਸ਼ਕਾਂ ਦਾ ਦਿਲ ਜਿੱਤਣ ਵਿਚ ਕਾਮਯਾਬ ਰਹੀ। 1 ਮਈ, 2025 ਨੂੰ ਰਿਲੀਜ਼ ਹੋਈ, ਇਸ ਫ਼ਿਲਮ ਨੇ ਨਾ ਸਿਰਫ਼ ਰਿਲੀਜ਼ ਹੋਣ ਤੋਂ ਪੰਜ ਦਿਨਾਂ ਵਿਚ ਆਪਣੀ ਲਾਗਤ ਕੱਢ ਲਈ, ਸਗੋਂ ਬਾਅਦ ਦੇ ਦਿਨਾਂ ਵਿਚ ਦੁਨੀਆ ਭਰ ਵਿਚ 243.06 ਕਰੋੜ ਦਾ ਕਾਰੋਬਾਰ ਕੀਤਾ।

ਇਸ ਨਾਲ ਕਮਾਈ ਕਰਨ ਵਾਲੀਆਂ ਮਹਿਲਾ ਅਦਾਕਾਰਾਂ ਦੀ ਸੂਚੀ ਵਿਚ 5ਵੇਂ ਨੰਬਰ 'ਤੇ ਰਹੀ।

### ਜੇਨੇਲੀਆ ਦੇਸ਼ਮੁਖ



20 ਜੂਨ, 2025 ਨੂੰ ਰਿਲੀਜ਼ ਹੋਈ ਫ਼ਿਲਮ 'ਸਿਤਾਰੇ ਜ਼ਮੀਨ ਪਰ' ਤੋਂ ਆਮਿਰ ਖਾਨ ਨੇ ਵੱਡੇ ਪਰਦੇ 'ਤੇ ਵਾਪਸੀ ਕੀਤੀ। ਉਸ ਦੇ ਨਾਲ ਅਦਾਕਾਰਾ ਜਨੇਲੀਆ ਦੇਸ਼ਮੁਖ ਦੀ ਵੀ ਇਕ ਲੰਮੇ ਸਮੇਂ ਬਾਅਦ ਵੱਡੇ ਪਰਦੇ 'ਤੇ ਵਾਪਸੀ ਹੋਈ। 266.49 ਕਰੋੜ ਦੀ ਸੰਸਾਰ ਪੱਧਰ 'ਤੇ ਕਮਾਈ ਕਰਨ ਵਾਲੀ ਇਸ ਫ਼ਿਲਮ ਨੂੰ ਦੇਸ਼ ਅਤੇ ਦੁਨੀਆ ਵਿਚ ਕਾਫ਼ੀ ਪਸੰਦ ਕੀਤਾ ਗਿਆ।

### ਕਿਆਰਾ ਅਡਵਾਨੀ



ਵਾਈ. ਆਰ. ਐਫ. ਸਪਾਈ ਯੂਨੀਵਰਸ ਦੱ ਅਯਾਨ ਮੁਖਰਜੀ ਨਿਰਦੇਸ਼ਿਤ ਸਾਲ ਦੀ ਲੰਮੀ ਉਡੀਕ ਵਾਲੀਆਂ ਫ਼ਿਲਮਾਂ ਵਿਚੋਂ ਇਕ ਫ਼ਿਲਮ 'ਵਾਰ-2' 14 ਅਗਸਤ, 2025 ਨੂੰ ਰਿਲੀਜ਼ ਹੋਈ। ਰਿਤਿਕ ਰੌਸ਼ਨ ਜੂਨੀਅਰ ਐਨ.ਟੀ.ਆਰ. ਅਤੇ ਕਿਆਰਾ ਅਡਵਾਨੀ ਦੀ ਫ਼ਿਲਮ ਦੀ ਸ਼ੁਰੂਆਤ ਕਾਫ਼ੀ ਸ਼ਾਨਦਾਰ ਹੋਈ। ਪਰ ਬਾਅਦ ਵਿਚ ਟਿਕਟ ਖਿੜਕੀ 'ਤੇ ਇਹ ਫ਼ਿਲਮ ਅਚਾਨਕ ਡਾਂਵਾਡੋਲ ਹੋ ਗਈ। ਫ਼ਿਲਮ ਦੀ ਜ਼ਿਆਦਾ ਲਾਗਤ ਨੂੰ ਦੇਖਦੇ ਹੋਏ ਸੰਸਾਰ ਪੱਧਰ 'ਤੇ 303.22 ਕਰੋੜ ਦੀ ਕਮਾਈ ਦੇ ਬਾਵਜੂਦ ਫ਼ਿਲਮ ਬਲਾਕ ਬੱਸਟਰ ਜਾਂ ਸੁਪਰ ਹਿਟ ਦਾ ਟੈਗ ਹਾਸਿਲ ਕਰਨ ਤੋਂ ਰਹਿ ਗਈ ਪਰ ਫ਼ਿਲਮ ਦੀ ਕਮਾਈ ਨੂੰ ਦੇਖਦੇ ਹੋਏ ਕਿਆਰਾ ਲਿਸਟ ਵਿਚ ਤੀਜੇ ਨੰਬਰ 'ਤੇ ਆਪਣੀ ਥਾਂ ਬਣਾਉਣ ਵਿਚ ਸਫ਼ਲ ਰਹੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥


ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਮੂਹ ਸਿੱਖ ਭਾਈਚਾਰੇ ਨੂੰ ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ-ਲੱਖ ਵਧਾਈ ਹੋਵੇ

## ਨਵਾਂ ਵਰ੍ਹਾ 2026 ਮੁਬਾਰਕ!

ਨਵੇਂ ਸਾਲ ਦੀ ਆਮਦ ਮੌਕੇ ਆਓ ਅਰਦਾਸ ਕਰੀਏ ਕਿ ਕੇਵਲ ਅੱਜ ਦਾ ਦਿਨ ਹੀ ਨਹੀਂ ਸਗੋਂ ਸਾਲ ਦੇ ਹਰੇਕ ਦਿਨ ਸਾਡੇ ਪ੍ਰਭੂ ਦੀ ਕਿਰਪਾ ਸਾਡੇ 'ਤੇ ਬਣੀ ਰਹੇ ਤੇ ਸਾਡਾ ਹਰੇਕ ਦਿਨ ਅਨੰਦ, ਸ਼ਾਂਤੀ ਅਤੇ ਸੰਤੁਸ਼ਟੀ ਭਰਪੂਰ ਰਹੇ।



ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ